@Qpatrika | @qaumipatrika punjabi | instagram.com/qaumipatrika

**Largest Circulated**

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

**Punjabi National Daily** — **Qaumi Patrika** — **NO.1**

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 13 July 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 13 ਜੁਲਾਈ 2025, 29 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 243, qpatrika@gmail.com ਫੋਨ : 9971359517 www.qaumipatrika.org

## ਆਮ ਆਦਮੀ ਪਾਰਟੀ ਇਕੱਲੀ ਲੜੇਗੀ ਬਿਹਾਰ ਵਿਧਾਨ ਸਭਾ ਚੋਣਾਂ

ਪਟਨਾ, 12 ਜੁਲਾਈ। ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਆਉਂਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਇਕੱਲੇ ਲੜੇਗੀ। ਹਾਲਾਂਕਿ ਉਨ੍ਹਾਂ 'ਇੰਡੀਆ' ਗੱਠਜੋੜ ਦੇ ਦੋਸ਼ ਦੀ ਹਮਾਇਤ ਕੀਤੀ ਕਿ ਭਾਜਪਾ ਦੇ ਇਸ਼ਾਰੇ 'ਤੇ ਬਿਹਾਰ ਵਿਚ ਵੋਟਰ ਸੂਚੀ ਵਿਚ ਹੇਰਫੇਰ ਕੀਤਾ ਜਾ ਰਿਹਾ ਹੈ। ਰਾਜ ਸਭਾ ਮੈਂਬਰ ਸੰਜੇ ਨੇ ਆਪਣੀ ਪਾਰਟੀ ਦੇ ਸਹਿਯੋਗੀ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ ਜ਼ੋਰਦਾਰ



ਬਚਾਅ ਕੀਤਾ। ਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਛੋਟੇ ਦੇਸ਼ਾਂ ਦੀਆਂ ਯਾਤਰਾਵਾਂ ਦਾ ਮਜ਼ਾਕ ਕਰਨ ਲਈ ਆਲੋਚਨਾਵਾਂ ਦਾ ਸਾਹਮਣਾ ਕਰ ਰਹੇ ਹਨ। ਸੰਜੇ ਸਿੰਘ ਨੇ ਇਹ ਵੀ ਦਾਅਵਾ ਕੀਤਾ ਕਿ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਕੋਲੋਂ ਮੋਦੀ ਨੂੰ 'ਇਕ ਵੱਡਾ ਸੰਕੇਤ' ਮਿਲਿਆ ਹੈ, ਜਿਨ੍ਹਾਂ ਕਿਹਾ ਹੈ ਕਿ 75 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਸਰਗਰਮ ਜਨਤਕ ਜੀਵਨ ਵਿਚ ਨਹੀਂ ਰਹਿਣਾ ਚਾਹੀਦਾ। 'ਆਪ' ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਵਿਚ ਇੰਡੀਆ ਗੱਠਜੋੜ ਦਾ ਹਿੱਸਾ ਸੀ। ਸੰਜੇ ਸਿੰਘ ਦੀ ਪਾਰਟੀ ਨੇ ਦਿੱਲੀ ਵਿਚ ਕਾਂਗਰਸ ਨਾਲ ਸੀਟਾਂ ਦਾ ਸਮਝੌਤਾ ਕੀਤਾ ਸੀ ਪਰ ਪੰਜਾਬ ਵਿਚ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

## ਤਾਰਾਂ ਦੇ ਜਾਲ ਤੋਂ ਮੁਕਤੀ ਵੱਲ ਰਾਜਧਾਨੀ ਦਿੱਲੀ : ਰੇਖਾ ਗੁਪਤਾ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 12 ਜੁਲਾਈ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ ਸ਼ਾਲੀਮਾਰ ਬਾਗ ਵਿਧਾਨ ਸਭਾ ਦੇ ਬੀ.ਐਚ. (ਪੂਰਵ) ਬਲਾਕ ਵਿੱਚ ਬਿਜਲੀ ਦੀਆਂ ਉੱਪਰੀ ਤਾਰਾਂ ਨੂੰ ਜ਼ਮੀਨਦੋਜ਼ (ਅੰਡਰਗਰਾਊਂਡ) ਕਰਨ ਦੇ ਪਹਿਲੇ ਪਾਇਲਟ ਪ੍ਰੋਜੈਕਟ ਦਾ ਵਿਧੀਵਤ ਉਦਘਾਟਨ ਕੀਤਾ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਲਗਭਗ ਤਿੰਨ ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇਗਾ। ਇਸ ਕੰਮ ਨਾਲ ਨਾ ਸਿਰਫ਼ ਦਿੱਲੀ ਦੀ ਸੁੰਦਰਤਾ ਨੂੰ ਨਿਖਾਰਿਆ ਜਾਵੇਗਾ, ਸਗੋਂ ਨਾਗਰਿਕਾਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾਵੇਗੀ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਊਰਜਾ ਮੰਤਰੀ ਸ਼੍ਰੀ ਆਸ਼ੀਸ਼ ਸੂਦ ਵੀ ਮੌਜੂਦ ਸਨ। ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਨਾਲ ਸ਼ਾਲੀਮਾਰ ਬਾਗ ਦੇ ਬੀ.ਐਚ. ਬਲਾਕ ਜਨਤਾ ਫਲੈਟਸ ਵਿੱਚ ਰਹਿਣ ਵਾਲੇ ਲਗਭਗ 5500 ਪਰਿਵਾਰ ਲਾਭ ਪ੍ਰਾਪਤ ਕਰਨਗੇ ਅਤੇ ਖੇਤਰ ਦੀ ਦਿੱਖ ਵੀ ਬਿਹਤਰ ਹੋਵੇਗੀ। 8.07 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਦੇ ਅੰਤਰਗਤ 5 ਕਿਲੋਮੀਟਰ ਲੰਬੀਆਂ 8" ਅਤੇ ਓਵਰਹੈੱਡ ਤਾਰਾਂ ਨੂੰ ਹਟਾ ਕੇ 10 ਕਿਲੋਮੀਟਰ ਜ਼ਮੀਨਦੋਜ਼ LT (DD@V) ਅਤੇ 1.2 ਕਿਲੋਮੀਟਰ HT (AAKV) ਨੈਟਵਰਕ ਵਿਛਾਇਆ ਜਾਵੇਗਾ। ਇਸ ਦੇ ਨਾਲ ਹੀ 23 ਨਵੇਂ ਡਬਲ ਸੋਰਸ ਫੀਡਰ ਪਿਲਰ ਬਾਕਸ ਲਗਾਏ ਜਾਣਗੇ, ਜੋ ਬਿਜਲੀ ਸਪਲਾਈ ਨੂੰ ਹੋਰ ਵੀ ਭਰੋਸੇਮੰਦ ਬਣਾਉਣਗੇ। ਖੇਤਰ ਵਿੱਚ ਨਵੀਆਂ ਸਟਰੀਟ ਲਾਈਟਾਂ ਲਈ 79 ਆਕਟਾਗੋਨਲ ਪੋਲ ਅਤੇ CCMS ਸਵਿੱਚ ਲਗਾਏ ਜਾਣਗੇ, ਜਿਸ ਨਾਲ ਰਾਤ ਦੇ ਸਮੇਂ ਰੋਸ਼ਨੀ ਦੀ ਗੁਣਵੱਤਾ ਵਿੱਚ ਸੁਧਾਰ ਹੋਵੇਗਾ। ਇਸ ਪੂਰੀ ਯੋਜਨਾ ਦੇ ਅਮਲ ਵਿੱਚ ਆਉਣ ਤੋਂ ਬਾਅਦ ਨਾਗਰਿਕਾਂ ਨੂੰ ਹਰ ਮੌਸਮ ਵਿੱਚ ਨਿਰਵਿਘਨ 24x7 ਬਿਜਲੀ ਸਪਲਾਈ ਯਕੀਨੀ ਕੀਤੀ ਜਾ ਸਕੇਗੀ। ਮੁੱਖ ਮੰਤਰੀ ਨੇ ਦੱਸਿਆ ਕਿ ਅੱਜ ਸ਼ੁਰੂ ਕੀਤਾ ਗਿਆ ਇਹ ਕੰਮ, ਜਿਸ ਵਿੱਚ ਓਵਰਹੈੱਡ ਵਾਇਰਿੰਗ ਨੂੰ ਜ਼ਮੀਨਦੋਜ਼ ਕੀਤਾ ਜਾ ਰਿਹਾ ਹੈ, ਦਿੱਲੀ ਲਈ ਇੱਕ ਪਾਇਲਟ ਪ੍ਰੋਜੈਕਟ ਹੈ। ਇਹ ਤਕਨੀਕੀ ਵਿਕਾਸ ਦੇ ਨਾਲ-ਨਾਲ ਇੱਕ ਸਪਸ਼ਟ ਵਿਜ਼ਨ ਦਾ ਪ੍ਰਤੀਕ ਹੈ, ਜਿਸ ਨਾਲ ਰਾਜਧਾਨੀ ਦੀ ਊਰਜਾ ਵਿਵਸਥਾ ਨੂੰ ਹੋਰ ਸੁਰੱਖਿਅਤ ਅਤੇ ਵਿਵਸਥਿਤ ਕੀਤਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਤਾਰਾਂ ਦੀ ਖੁੱਲ੍ਹੀ ਅਤੇ ਅਵਿਵਸਥਿਤ ਵਿਵਸਥਾ ਨਾਲ ਸ਼ਹਿਰ ਦੀ ਸੁੰਦਰਤਾ ਪ੍ਰਭਾਵਿਤ ਹੁੰਦੀ ਹੈ ਅਤੇ ਨਾਗਰਿਕਾਂ ਦੀ ਸੁਰੱਖਿਆ ਵੀ ਖ਼ਤਰੇ ਵਿੱਚ ਪੈਂਦੀ ਹੈ। ਇਹ ਪ੍ਰੋਜੈਕਟ ਉਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਠੋਸ ਕਦਮ ਹੈ, ਜਿਸ ਨਾਲ ਲੋਕਾਂ ਨੂੰ ਬਿਹਤਰ ਜੀਵਨ



ਅਨੁਭਵ ਮਿਲੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਇਹ ਸਿਰਫ਼ ਇੱਕ ਸ਼ੁਰੂਆਤ ਹੈ, ਸਾਡੀ ਸਰਕਾਰ ਦੀ ਯੋਜਨਾ ਹੈ ਕਿ ਇਸ ਪਾਇਲਟ ਪ੍ਰੋਜੈਕਟ ਨੂੰ ਦਿੱਲੀ ਦੇ ਹੋਰ ਖੇਤਰਾਂ ਵਿੱਚ ਵੀ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ। ਇਸ ਯੋਜਨਾ ਲਈ ਸਰਕਾਰ ਨੇ 100 ਕਰੋੜ ਰੁਪਏ ਦਾ ਬਜਟ ਨਿਰਧਾਰਤ ਕੀਤਾ ਹੈ। ਇਹ ਰਾਸ਼ੀ ਵੱਖ-ਵੱਖ ਪੜਾਵਾਂ ਵਿੱਚ ਦਿੱਲੀ ਦੇ ਹੋਰ ਖੇਤਰਾਂ ਵਿੱਚ ਇਸ ਪ੍ਰੋਜੈਕਟ ਦੇ ਵਿਸਥਾਰ ਲਈ ਵਰਤੀ ਜਾਵੇਗੀ। ਜ਼ਮੀਨਦੋਜ਼ ਤਾਰਾਂ ਦੀ ਵਿਵਸਥਾ ਨਾਲ ਬਿਜਲੀ ਸਪਲਾਈ ਹੋਰ ਵੀ ਭਰੋਸੇਮੰਦ, ਸੁਰੱਖਿਅਤ ਅਤੇ ਕੁਸ਼ਲ ਬਣੇਗੀ। ਉਨ੍ਹਾਂ ਦੱਸਿਆ ਕਿ ਇਹ ਪ੍ਰੋਜੈਕਟ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ "ਸਮਾਰਟ ਇਨਫਰਾਸਟ?ਰਕਚਰ"ਵਿਜ਼ਨ ਦੀ ਭਾਵਨਾ ਦੇ ਅਨੁਕੂਲ ਹੈ। ਭਾਵੇਂ ਯਮੁਨਾ ਸਫਾਈ ਮੁਹਿੰਮ ਹੋਵੇ, ਨਹਿਰਾਂ 'ਤੇ ਸੜਕਾਂ ਦਾ ਨਿਰਮਾਣ ਹੋਵੇ ਜਾਂ ਆਧੁਨਿਕ ਸ਼ਹਿਰੀ ਵਿਵਸਥਾ, ਪ੍ਰਧਾਨ ਮੰਤਰੀ ਜੀ ਦੇ ਮਾਰਗਦਰਸ਼ਨ ਅਤੇ ਸਮਰਥਨ ਨਾਲ ਦਿੱਲੀ ਨੂੰ ਇੱਕ ਸਵੱਛ, ਸੁੰਦਰ ਅਤੇ ਸਥਾਈ ਰਾਜਧਾਨੀ ਦੇ ਰੂਪ ਵਿੱਚ ਪੁਨਰਗਠਨ ਕਰਨ ਦਾ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਹੁਣ ਦਿੱਲੀ ਸਿਰਫ਼ ਇੱਕ ਰਾਜਧਾਨੀ ਨਹੀਂ, ਸਗੋਂ ਇੱਕ ਸਮਾਰਟ, ਊਰਜਾ-ਸਮਰੱਥ ਅਤੇ ਹਰਿਤ ਊਰਜਾ ਨੂੰ ਅਪਣਾਉਣ ਵਾਲਾ ਆਧੁਨਿਕ ਸ਼ਹਿਰ ਬਣਨ ਦੀ ਦਿਸ਼ਾ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। Contd.............. page-3

## ਨਿਮਿਸ਼ਾ ਪ੍ਰਿਆ ਮਾਮਲੇ 'ਚ ਦਖ਼ਲਅੰਦਾਜੀ ਲਈ ਵੇਣੂਗੋਪਾਲ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੀ ਚਿੱਠੀ

ਨਵੀਂ ਦਿੱਲੀ 12 ਜੁਲਾਈ। ਕਾਂਗਰਸ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਯਮਨ 'ਚ ਫਾਂਸੀ ਦੀ ਸਜ਼ਾ ਸੁਣਾਈ ਗਈ ਕੇਰਲ ਦੀ ਨਰਸ ਨਿਮਿਸ਼ਾ ਪ੍ਰਿਆ ਦੇ ਮਾਮਲੇ 'ਚ ਤੁਰੰਤ ਦਖ਼ਲਅੰਦਾਜੀ ਕਰਨ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ। ਕੇਰਲ ਦੀ ਨਰਸ ਨਿਮਿਸ਼ਾ ਪ੍ਰਿਆ ਨੂੰ 16 ਜੁਲਾਈ ਨੂੰ ਯਮਨ 'ਚ ਇਕ ਵਿਅਕਤੀ ਦਾ ਕਤਲ ਕਰਨ ਦੇ ਦੋਸ਼ 'ਚ ਫਾਂਸੀ ਦਿੱਤੀ ਜਾਣੀ ਹੈ। ਸ਼ਨੀਵਾਰ ਨੂੰ ਸ਼੍ਰੀ ਮੋਦੀ ਨੂੰ ਲਿਖੀ ਇਕ ਚਿੱਠੀ 'ਚ ਸ਼੍ਰੀ ਵੇਣੂਗੋਪਾਲ ਨੇ ਉਨ੍ਹਾਂ ਨੂੰ ਨਿਮਿਸ਼ਾ ਪ੍ਰਿਆ ਦੇ ਮਾਮਲੇ 'ਚ ਤੁਰੰਤ ਦਖ਼ਲ ਦੇਣ ਅਤੇ ਉਸ ਨੂੰ ਮੌਤ ਦੀ ਸਜ਼ਾ ਤੋਂ ਬਚਾਉਣ ਦੀ ਬੇਨਤੀ ਕੀਤੀ ਹੈ। ਸ਼?ਰੀ ਵੇਣੂਗੋਪਾਲ ਨੇ ਚਿੱਠੀ 'ਚ ਲਿਖਿਆ,"ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਇਸ ਮਾਮਲੇ ਨੂੰ ਸਰਵਉੱਚ ਪਹਿਲ ਸਮਝਦੇ ਹੋਏ ਤੁਰੰਤ ਦਖ਼ਲਅੰਦਾਜੀ ਕਰੋ ਅਤੇ ਯਮਨ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਸਾਰੇ ਸੰਭਵ ਕੂਟਨੀਤਕ ਉਪਾਅ ਕਰ ਵਾਓ ਅਤੇ ਨਿਮਿਸ਼ਾ ਦੀ ਮੌਤ ਦੀ ਸਜ਼ਾ ਰੱਦ ਕਰਵਾਓ।" ਭਾਰਤ ਸਰਕਾਰ ਵਲੋਂ ਹਾਲਾਂਕਿ ਨਿਮਿਸ਼ਾ ਪ੍ਰਿਆ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਪਰ ਪੀੜਤ ਮਹਦੀ ਪਰਿਵਾਰ ਪੈਸੇ ਲੈ ਕੇ ਨਿਮਿਸ਼ਾ ਨੂੰ ਮੁਆਫ਼ ਕਰਨ ਲਈ ਤਿਆਰ ਨਹੀਂ ਹੈ। ਦੱਸਣਯੋਗ ਹੈ ਕਿ ਨਿਮਿਸ਼ਾ ਪ੍ਰਿਆ 'ਤੇ ਯਮਨ 'ਚ ਆਪਣੇ ਕਲੀਨਿਕ ਸਾਥੀ ਅਤੇ ਸਥਾਨਕ ਵਪਾਰੀ ਤਲਾਲ ਅਬਦੋ ਮਹਦੀ ਨੂੰ ਨਸ਼ੀਲਾ ਟੀਕਾ ਲਗਾਉਣ ਦਾ ਦੋਸ਼ ਹੈ। ਨਸ਼ੀਲਾ ਟੀਕਾ ਦੇਣ ਤੋਂ ਬਾਅਦ ਮਹਦੀ ਦੀ ਮੌਤ ਹੋ ਗਈ ਸੀ।

## 51 ਹਜ਼ਾਰ ਨੌਜਵਾਨਾਂ ਦੀ ਲੱਗੀ ਲਾਟਰੀ ! ਪ੍ਰਧਾਨ ਮੰਤਰੀ ਮੋਦੀ ਨੇ ਦਿੱਤੇ ਸਰਕਾਰੀ ਨੌਕਰੀਆਂ ਲਈ ਨਿਯੁਕਤੀ ਪੱਤਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 12 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਜਨਤਕ ਤੇ ਨਿੱਜੀ ਖੇਤਰਾਂ 'ਚ ਨੌਕਰੀਆਂ ਪੈਦਾ ਕਰਨ ਲਈ ਆਪਣੀ ਸਰਕਾਰ ਦੀਆਂ ਯੋਜਨਾਵਾਂ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਪਿਛਲੇ 11 ਸਾਲਾਂ ਵਿੱਚ ਦੇਸ਼ ਨੇ ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣ ਤੋਂ ਬਾਅਦ ਇੱਕ ਪ੍ਰੋਗਰਾਮ ਨੂੰ ਡਿਜੀਟਲ ਰੂਪ ਵਿੱਚ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀਆਂ ਗਰੀਬਾਂ ਲਈ ਚਾਰ ਕਰੋੜ ਤੋਂ ਵੱਧ ਘਰ ਬਣਾਉਣ, 10 ਕਰੋੜ ਤੋਂ ਵੱਧ ਨਵੇਂ ਐਲਪੀਜੀ ਕੁਨੈਕਸ਼ਨ ਵੰਡਣ ਜਾਂ ਘਰਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਉਣ ਵਰਗੀਆਂ ਭਲਾਈ ਯੋਜਨਾਵਾਂ ਨੇ ਲੱਖਾਂ ਨਵੇਂ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ। ਪ੍ਰਧਾਨ ਮੰਤਰੀ ਨੇ ਪਿਛਲੇ 10 ਸਾਲਾਂ ਵਿੱਚ 25 ਕਰੋੜ ਤੋਂ ਵੱਧ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਰੁਜ਼ਗਾਰ ਤੇ ਆਮਦਨ ਦੇ ਸਰੋਤ ਨਾ ਹੁੰਦੇ ਤਾਂ ਇਹ ਸੰਭਵ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗਰੀਬਾਂ ਦਾ ਜੀਵਨ ਪਹਿਲਾਂ ਬਹੁਤ ਮੁਸ਼ਕਲ ਸੀ ਅਤੇ ਉਹ ਮੌਤ ਤੋਂ ਡਰਦੇ ਸਨ ਪਰ ਹੁਣ ਉਹ



ਇੰਨੇ ਸਸ਼ਕਤ ਹੋ ਗਏ ਹਨ ਕਿ ਉਨ੍ਹਾਂ ਨੇ ਗਰੀਬੀ ਨੂੰ ਹਰਾ ਦਿੱਤਾ ਹੈ। ਮੋਦੀ ਨੇ ਕਿਹਾ ਕਿ ਨਿਰਮਾਣ ਨੂੰ ਉਤਸ਼ਾਹਿਤ ਕਰਨ 'ਤੇ ਉਨ੍ਹਾਂ ਦੀ ਸਰਕਾਰ ਦਾ ਧਿਆਨ ਰੰਗ ਲਿਆ ਹੈ। ਮੋਦੀ ਨੇ ਕਿਹਾ ਕਿ 11 ਸਾਲਾਂ ਵਿੱਚ ਇਲੈਕਟ?ਰਾਨਿਕ ਨਿਰਮਾਣ ਪੰਜ ਗੁਣਾ ਤੋਂ ਵੱਧ ਵਧਿਆ ਹੈ ਅਤੇ ਮੋਬਾਈਲ ਨਿਰਮਾਣ ਇਕਾਈਆਂ ਦੀ ਗਿਣਤੀ ਪਿਛਲੇ ਸਮੇਂ ਵਿੱਚ ਦੋ ਤੋਂ ਵੱਧ ਕੇ ਲਗਭਗ 300 ਹੋ ਗਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਰੱਖਿਆ ਨਿਰਮਾਣ ਦੀ ਚਰਚਾ ਮਾਣ ਨਾਲ ਕੀਤੀ ਜਾ ਰਹੀ ਹੈ, ਜੋ ਕਿ ਪਾਕਿਸਤਾਨ ਨਾਲ ਜੰਗ ਦੌਰਾਨ ਦਿਖਾਈ ਗਈ ਭਾਰਤ ਦੀ ਸਵਦੇਸ਼ੀ ਫੌਜੀ ਸਮਰੱਥਾ ਦਾ ਸਪੱਸ਼ਟ ਹਵਾਲਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਰੱਖਿਆ ਉਤਪਾਦਨ 1.25 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਆਪਣੇ ਹਾਲੀਆ ਪੰਜ ਦੇਸ਼ਾਂ ਦੇ ਦੌਰੇ ਦਾ ਹਵਾਲਾ ਦਿੰਦੇ ਹੋਏ, ਮੋਦੀ ਨੇ ਕਿਹਾ ਕਿ ਪੂਰੀ ਦੁਨੀਆ ਹੁਣ ਭਾਰਤ ਦੀ ਜਨਸੰਖਿਆ ਅਤੇ ਲੋਕਤੰਤਰ ਦੀ ਤਾਕਤ ਨੂੰ ਮਾਨਤਾ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਨੌਜਵਾਨਾਂ ਦੀ ਤਾਕਤ ਇਸਦੀ ਸਭ ਤੋਂ ਵੱਡੀ ਪੂੰਜੀ ਹੈ ਅਤੇ ਦੇਸ਼ ਦੇ ਉੱਜਵਲ ਭਵਿੱਖ ਦੀ ਗਰੰਟੀ ਹੈ। ਸਰਕਾਰ ਦੇ ਨੌਕਰੀ ਮੇਲੇ ਤਹਿਤ ਨਿਯੁਕਤੀ ਪੱਤਰ ਵੰਡੇ ਗਏ। ਇੱਕ ਬਿਆਨ ਦੇ ਅਨੁਸਾਰ, ਨੌਕਰੀ ਮੇਲਾ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਉਨ੍ਹਾਂ ਦੀ ਭਾਗੀਦਾਰੀ ਲਈ ਅਰਥਪੂਰਨ ਮੌਕੇ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਨੌਕਰੀ ਮੇਲਿਆਂ ਵਿੱਚ ਹੁਣ ਤੱਕ 10 ਲੱਖ ਤੋਂ ਵੱਧ ਨਿਯੁਕਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

## ਇਸਰੋ ਨੇ ਗਗਨਯਾਨ ਲਈ 'ਸਰਵਿਸ ਮਾਡਿਊਲ ਪ੍ਰੋਪਲਸ਼ਨ ਸਿਸਟਮ' ਨੂੰ ਸਫ਼ਲਤਾਪੂਰਵਕ ਕੀਤਾ ਵਿਕਸਿਤ

ਬੈਂਗਲੁਰੂ 12 ਜੁਲਾਈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਸ਼ਨੀਵਾਰ ਨੂੰ ਕਿਹਾ ਕਿ ਉਸ ਨੇ 'ਯੋਗਤਾ ਟੈਸਟ ਪ੍ਰੋਗਰਾਮ' (ਕਵਾਲੀਫਿਕੇਸ਼ਨ ਟੈਸਟ ਪ੍ਰੋਗਰਾਮ) ਪੂਰਾ ਕਰਨ ਦੇ ਨਾਲ ਹੀ ਗਗਨਯਾਨ ਮਿਸ਼ਨ ਲਈ 'ਸਰਵਿਸ ਮਾਡਿਊਲ ਪ੍ਰੋਪਲਸ਼ਨ ਸਿਸਟਮ' (ਐੱਸਐੱਮਪੀਐੱਸ) ਨੂੰ ਸਫ਼ਲਤਾਪੂਰਵਕ ਵਿਕਸਿਤ ਕਰ ਲਿਆ ਹੈ। ਐੱਸਐੱਮਪੀਐੱਸ ਦੇ ਏਕੀਕ੍ਰਿਤ ਪ੍ਰਦਰਸ਼ਨ ਨੂੰ ਪ੍ਰਮਾਣਿਤ ਕਰਨ ਲਈ 350 ਸਕਿੰਟ ਲਈ ਐੱਸਐੱਮਪੀਐੱਸ ਦਾ ਪੂਰਨ ਮਿਆਦ ਦਾ 'ਹੌਟ ਪ੍ਰੀਖਣ' ਆਯੋਜਿਤ ਕੀਤਾ ਗਿਆ। ਅਸਲ ਸਥਿਤੀ 'ਚ ਕੀਤਾ ਜਾਣ ਵਾਲਾ ਇਹ ਪ੍ਰੀਖਣ ਸ਼ੁੱਕਰਵਾਰ ਨੂੰ ਸਰਵਿਸ ਮਾਡਿਊਲ ਆਧਾਰਤ ਮਿਸ਼ਨ ਅਬੌਰਟ ਦੇ 'ਫਲਾਈਟ ਆਫ਼-ਨੋਮੀਨਲ ਮਿਸ਼ਨ ਪ੍ਰੋਫਾਈਲ' ਲਈ ਕੀਤਾ ਗਿਆ। 'ਫਲਾਈਟ ਆਫ-ਨੋਮੀਨਲ ਮਿਸ਼ਨ ਪ੍ਰੋਫਾਈਲ' ਦਾ ਸੰਬੰਧ ਕਿਸੇ ਜਹਾਜ਼ ਦੇ ਉਡਾਣ ਮਾਰਗ ਅਤੇ ਉਸ ਦੀਆਂ ਹੋਰ ਗਤੀਵਿਧੀਆਂ ਨਾਲ ਸੰਬੰਧਤ ਹੈ। ਗਗਨਯਾਨ ਮਿਸ਼ਨ ਭਾਰਤ ਦਾ ਪਹਿਲਾ ਮਨੁੱਖੀ ਪੁਲਾੜ ਉਡਾਣ ਮਿਸ਼ਨ ਹੈ। ਇਸਰੋ ਨੇ ਇਕ ਬਿਆਨ 'ਚ ਕਿਹਾ,"ਪ੍ਰੀਖਣ ਦੌਰਾਨ ਪ੍ਰੋਪਲਸ਼ਨ ਸਿਸਟਮ ਦਾ ਸਮੁੱਚਾ ਪ੍ਰਦਰਸ਼ਨ ਪ੍ਰੀ-ਟੈਸਟ ਭਵਿੱਖਬਾਣੀਆਂ ਅਨੁਸਾਰ ਆਮ ਸੀ।"

## ਪੀਡਬਲਯੂਡੀ ਮੰਤਰੀ ਪਰਵੇਸ਼ ਸਾਹਿਬ ਸਿੰਘ ਜੋਰਬਾਗ ਦਾ ਦੌਰਾ ਕਰਦੇ ਹੋਏ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 12 ਜੁਲਾਈ 2025: ਲੋਕ ਨਿਰਮਾਣ ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਕੱਲ੍ਹ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਦੇ ਜ਼ੋਰ ਬਾਗ਼ ਖੇਤਰ ਦਾ ਦੌਰਾ ਕੀਤਾ। ਉਨ੍ਹਾਂ ਨੇ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਇਤਿਹਾਸਕ ਤੌਰ 'ਤੇ ਉੱਚ ਵੋਟਿੰਗ ਭਾਗੀਦਾਰੀ ਲਈ ਜ਼ੋਰ ਬਾਗ਼ ਦੇ ਲੋਕਾਂ ਦਾ ਧੰਨਵਾਦ ਕੀਤਾ। ਮੰਤਰੀ ਦੇ ਨਾਲ ਨਵੀਂ ਦਿੱਲੀ ਨਗਰ ਪ੍ਰੀਸ਼ਦ (ਐਨਡੀਐਮਸੀ) ਅਤੇ ਲੋਕ ਨਿਰਮਾਣ ਵਿਭਾਗ (ਪੀਡਬਲਯੂਡੀ) ਦੇ ਸੀਨੀਅਰ ਅਧਿਕਾਰੀ ਵੀ ਸਨ। ਉਨ੍ਹਾਂ ਸਥਾਨਕ ਨਾਗਰਿਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ। ਇਸ ਮੌਕੇ ਪ੍ਰਵੇਸ਼ ਸਾਹਿਬ ਸਿੰਘ ਨੇ ਕਿਹਾ, ÷ਚੋਣਾਂ ਤੋਂ ਪਹਿਲਾਂ, ਮੈਂ ਜ਼ੋਰ ਬਾਗ਼ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇਕਰ ਇੱਥੇ ਵੋਟਿੰਗ ਪ੍ਰਤੀਸ਼ਤਤਾ ਵੱਧ ਰਹੀ, ਤਾਂ ਇਸ ਖੇਤਰ ਨੂੰ ਵਿਕਾਸ ਕਾਰਜਾਂ ਵਿੱਚ ਪਹਿਲ ਦਿੱਤੀ ਜਾਵੇਗੀ। ਇਸੇ ਲਈ ਮੈਂ ਅੱਜ ਪੂਰੀ ਐਨਡੀਐਮਸੀ ਟੀਮ ਨਾਲ ਇੱਥੇ ਆਇਆ ਹਾਂ, ਤਾਂ ਜੋ ਜਨਤਾ ਦੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਜਲਦੀ ਕਾਰਵਾਈ ਯਕੀਨੀ ਬਣਾਈ ਜਾਵੇ।÷ ਦੌਰੇ ਦੌਰਾਨ ਸਥਾਨਕ ਨਿਵਾਸੀਆਂ ਨੇ ਸਟਰੀਟ ਲਾਈਟਾਂ, ਸਫ਼ਾਈ, ਪਾਣੀ ਦੀ ਸਪਲਾਈ, ਰੁੱਖਾਂ ਦੀ ਕਟਾਈ ਅਤੇ ਅੰਦਰੂਨੀ ਸੜਕਾਂ ਦੀ ਮੁਰੰਮਤ ਵਰਗੇ ਮੁੱਦੇ ਉਠਾਏ। ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਾਰੇ ਮੁੱਦਿਆਂ ਨੂੰ




ਪਹਿਲ ਦੇ ਆਧਾਰ 'ਤੇ ਹੱਲ ਕਰਨ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਕਾਰਵਾਈ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਮੰਤਰੀ ਨੇ ਜ਼ੋਰ ਬਾਗ਼ ਖੇਤਰ ਵਿੱਚ ਹਾਲ ਹੀ ਵਿੱਚ ਹੋਏ ਸਕਾਰਾਤਮਕ ਬਦਲਾਵਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ, ÷ਹਰ ਸਾਲ ਮਾਨਸੂਨ ਦੌਰਾਨ ਇਸ ਖੇਤਰ ਵਿੱਚ ਪਾਣੀ ਭਰਨਾ ਇੱਕ ਆਮ ਸਮੱਸਿਆ ਰਹੀ ਹੈ, ਪਰ ਇਸ ਵਾਰ ਅਜਿਹਾ ਨਹੀਂ ਹੋਇਆ। ਨਾਲੀਆਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਗਈ, ਪਾਰਕਾਂ ਦੀ ਛਾਂਟੀ ਕੀਤੀ ਗਈ ਅਤੇ ਸੜਕਾਂ ਦੀ ਸਮੇਂ ਸਿਰ ਮੁਰੰਮਤ ਕੀਤੀ ਗਈ। ਇਹ ਸਭ ਇਸ ਲਈ ਸੰਭਵ ਹੋਇਆ ਕਿਉਂਕਿ ਅਸੀਂ ਸਰਗਰਮੀ ਅਤੇ ਜਵਾਬਦੇਹੀ ਨਾਲ ਕੰਮ ਕੀਤਾ।÷ ਉਨ੍ਹਾਂ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਜਨਤਾ ਨੇ ਲੋਕਤੰਤਰ ਵਿੱਚ ਵਿਸ਼ਵਾਸ ਦਿਖਾਇਆ ਹੈ, ਉਸੇ ਤਰ੍ਹਾਂ ਸਰਕਾਰ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਪੂਰੀ ਸ਼ਰਧਾ ਨਾਲ ਕੰਮ ਕਰੇ। ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਵਿਭਾਗ ਪਾਰਦਰਸ਼ਤਾ, ਜਵਾਬਦੇਹੀ ਅਤੇ ਜਨਤਕ ਭਾਗੀਦਾਰੀ ਦੀ ਨੀਤੀ ਦੀ ਪਾਲਣਾ ਕਰਦਾ ਰਹੇਗਾ। ਇਹ ਦੌਰਾ ਫੀਲਡ ਨਿਰੀਖਣ ਅਤੇ ਅਧਿਕਾਰੀਆਂ ਦੁਆਰਾ ਚੁੱਕੇ ਗਏ ਕਦਮਾਂ ਦੀ ਸਮੀਖਿਆ ਨਾਲ ਸਮਾਪਤ ਹੋਇਆ।

## 'ਬੰਬ ਨਾਲ ਉਡਾ ਦਿਆਂਗੇ'... ਚਿਰਾਗ ਪਾਸਵਾਨ ਨੂੰ ਮਿਲੀ ਧਮਕੀ

ਨੈਸ਼ਨਲ ਡੈਸਕ 12 ਜੁਲਾਈ। ਲੋਕ ਜਨਸ਼ਕਤੀ ਪਾਰਟੀ ਰਾਮ ਵਿਲਾਸ ਮੁਖੀ ਅਤੇ ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੂੰ ਸੋਸ਼ਲ ਮੀਡੀਆ 'ਤੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਦਰਅਸਲ, ਚਿਰਾਗ ਪਾਸਵਾਨ ਨੂੰ 20 ਜੁਲਾਈ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਸ ਧਮਕੀ ਤੋਂ ਬਾਅਦ, ਚਿਰਾਗ ਪਾਸਵਾਨ ਦੀ ਪਾਰਟੀ ਦੇ ਵਰਕਰ ਸਰਗਰਮ ਹੋ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ, ਟਾਈਗਰ ਮਿਰਾਜ ਇਦਰੀਸੀ ਨਾਮ ਦੇ ਵਿਅਕਤੀ ਨੇ ਰਾਜਧਾਨੀ ਵਿੱਚ ਇੱਕ ਪੱਤਰਕਾਰ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਚਿਰਾਗ ਪਾਸਵਾਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਹੈ। ਟਾਈਗਰ ਮਿਰਾਜ ਇਦਰੀਸੀ ਨਾਮ ਦੇ ਇਸ ਵਿਅਕਤੀ ਨੇ ਪੱਤਰਕਾਰ ਦੇ ਵਾਲ 'ਤੇ ਇੱਕ ਤੋਂ ਬਾਅਦ ਇੱਕ ਦੋ ਟਿੱਪਣੀਆਂ ਕੀਤੀਆਂ ਹਨ। ਪਹਿਲੀ ਟਿੱਪਣੀ ਵਿੱਚ, ਇਸ ਵਿਅਕਤੀ ਨੇ ਲਿਖਿਆ ਹੈ ਕਿ ਚਿਰਾਗ ਪਾਸਵਾਨ ਨੂੰ ਮੈਂ ਮਾਰ ਦੇਵਾਂਗਾ। ਦੂਜੀ ਪੋਸਟ ਵਿੱਚ, ਟਾਈਗਰ ਮਿਰਾਜ ਇਦਰੀਸੀ ਨਾਮ ਦੇ ਵਿਅਕਤੀ ਨੇ ਲਿਖਿਆ ਹੈ ਕਿ 'ਚਿਰਾਗ ਪਾਸਵਾਨ ਨੂੰ 20 ਜੁਲਾਈ ਨੂੰ ਬੰਬ ਨਾਲ ਉਡਾ ਕੇ ਮਾਰ ਦਿੱਤਾ ਜਾਵੇਗਾ'। ਉਨ੍ਹਾਂ ਦੀ ਪਾਰਟੀ ਨੇ ਚਿਰਾਗ ਨੂੰ ਮਿਲੀ ਧਮਕੀ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ। ਪਾਰਟੀ ਦੇ ਮੁੱਖ ਬੁਲਾਰੇ ਰਾਜੇਸ਼ ਭੱਟ ਨੇ ਕਿਹਾ ਕਿ ਧਮਕੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਪੂਰੇ ਮਾਮਲੇ ਨੂੰ ਲੈ ਕੇ ਰਾਜਧਾਨੀ ਦੇ ਸਾਈਬਰ ਪੁਲਸ ਸਟੇਸ਼ਨ ਵਿੱਚ ਮਾਮਲਾ



ਦਰਜ ਕੀਤਾ ਗਿਆ ਹੈ। ਰਾਜੇਸ਼ ਭੱਟ ਨੇ ਕਿਹਾ ਕਿ ਚਿਰਾਗ ਪਾਸਵਾਨ ਇੱਕ ਹਰਮਨਪਿਆਰੇ ਨੇਤਾ ਹਨ। ਜੇਕਰ ਉਨ੍ਹਾਂ ਨੂੰ ਅਜਿਹੀ ਧਮਕੀ ਮਿਲਦੀ ਹੈ ਤਾਂ ਇਹ ਇੱਕ ਗੰਭੀਰ ਮਾਮਲਾ ਹੈ।

## ਗੁਜਰਾਤ ਦੇ ਡੇਅਰੀ ਸੈਕਟਰ ਨਾਲ ਜੁੜੀਆਂ ਔਰਤਾਂ ਕਰ ਰਹੀਆਂ ਹਨ 80 ਹਜ਼ਾਰ ਕਰੋੜ ਦਾ ਕਾਰੋਬਾਰ : ਸ਼ਾਹ

ਅਹਿਮਦਾਬਾਦ 12 ਜੁਲਾਈ। ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਅੰਤਰਰਾਸ਼ਟਰੀ ਸਹਿਕਾਰੀ ਸਾਲ ਦੇ ਤਹਿਤ ਆਯੋਜਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਅਹਿਮਦਾਬਾਦ 'ਚ ਗੁਜਰਾਤ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਸਹਿਕਾਰੀ ਖੇਤਰ ਨਾਲ ਜੁੜੀਆਂ ਔਰਤਾਂ ਅਤੇ ਹੋਰ ਕਾਮਿਆਂ ਨਾਲ 'ਸਹਿਕਾਰ ਸੰਵਾਦ' ਕੀਤਾ। 'ਸਹਿਕਾਰ ਸੰਵਾਦ' ਦੌਰਾਨ ਸੰਬੋਧਨ



ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਤ੍ਰਿਭੁਵਨਦਾਸ ਪਟੇਲ ਦੇ ਨਾਂ 'ਤੇ ਆਣੰਦ ਜ਼ਿਲੇ 'ਚ ਤ੍ਰਿਭੁਵਨ ਸਹਿਕਾਰੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਖੇਤਰ 'ਚ ਨੌਜਵਾਨ ਪੇਸ਼ੇਵਰਾਂ ਨੂੰ ਤਿਆਰ ਕਰਨ ਦਾ ਮੂਲ ਵਿਚਾਰ ਤ੍ਰਿਭੁਵਨਦਾਸ ਜੀ ਦਾ ਸੀ ਅਤੇ ਇਸੇ ਉਦੇਸ਼ ਲਈ ਇਹ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ। ਤ੍ਰਿਭੁਵਨਦਾਸ ਜੀ ਨੇ ਹੀ ਸਹੀ ਅਰਥਾਂ 'ਚ ਕੋ-ਆਪ੍ਰੇਟਿਵ ਦੀ ਨੀਂਹ ਰੱਖੀ ਸੀ, ਜਿਸ ਕਾਰਨ ਅੱਜ ਗੁਜਰਾਤ ਦੇ ਡੇਅਰੀ ਸੈਕਟਰ ਨਾਲ ਜੁੜੀਆਂ 36 ਲੱਖ ਔਰਤਾਂ 80 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਸੰਸਦ 'ਚ ਸਹਿਕਾਰੀ ਯੂਨੀਵਰਸਿਟੀ ਦਾ ਨਾਂ ਤ੍ਰਿਭੁਵਨਦਾਸ ਜੀ ਦੇ ਨਾਂ 'ਤੇ ਰੱਖਣ ਦਾ ਐਲਾਨ ਕੀਤਾ ਗਿਆ ਸੀ, ਤਾਂ ਇਹ ਸਵਾਲ ਉੱਠਿਆ ਕਿ ਇਹ ਵਿਅਕਤੀ ਕੌਣ ਹੈ। ਇਕ ਮਾਅਨੇ 'ਚ ਇਹ ਸਵਾਲ ਸਹੀ ਨਹੀਂ ਸੀ ਪਰ ਉਸ ਵਿਅਕਤੀ ਲਈ ਇਹ ਬਹੁਤ ਵੱਡੀ ਗੱਲ ਹੈ ਕਿ ਵੱਡਾ ਕੰਮ ਕਰਨ ਤੋਂ ਬਾਅਦ ਵੀ ਉਨ੍ਹਾਂ ਨੇ ਆਪਣਾ ਕੋਈ ਪ੍ਰਚਾਰ ਨਹੀਂ ਕੀਤਾ ਅਤੇ ਸਿਰਫ਼ ਕੰਮ ਕਰਦੇ ਰਹੇ। ਅਮਿਤ ਸ਼ਾਹ ਨੇ ਕਿਹਾ ਕਿ ਜਨਤਕ ਜੀਵਨ ਤੋਂ ਰਿਟਾਇਰ ਹੋਣ ਤੋਂ ਬਾਅਦ ਮੈਂ ਖੁਦ ਨੂੰ ਵੇਦਾਂ, ਉਪਨਿਸ਼ਦਾਂ ਅਤੇ ਕੁਦਰਤੀ ਖੇਤੀ ਲਈ ਸਮਰਪਿਤ ਕਰਨ ਦੀ ਯੋਜਨਾ ਬਣਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਰਸਾਇਣਕ ਖਾਦਾਂ ਨਾਲ ਉਗਾਈ ਜਾਣ ਵਾਲੀ ਕਣਕ ਅਕਸਰ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਕੁਦਰਤੀ ਖੇਤੀ ਨਾ ਸਿਰਫ਼ ਸਰੀਰ ਨੂੰ ਰੋਗ ਮੁਕਤ ਬਣਾਉਂਦੀ ਹੈ, ਸਗੋਂ ਖੇਤੀਬਾੜੀ ਉਤਪਾਦਨ ਨੂੰ ਵੀ ਵਧਾਉਂਦੀ ਹੈ। ਅਮਿਤ ਸ਼ਾਹ ਨੇ ਕਿਹਾ ਕਿ ਜਦੋਂ ਮੈਂ ਗ੍ਰਹਿ ਮੰਤਰੀ ਬਣਿਆ ਤਾਂ ਸਾਰਿਆਂ ਨੇ ਮੈਨੂੰ ਕਿਹਾ ਕਿ ਮੈਨੂੰ ਇਕ ਬਹੁਤ ਮਹੱਤਵਪੂਰਨ ਵਿਭਾਗ ਦਿੱਤਾ ਗਿਆ ਹੈ ਪਰ ਜਿਸ ਦਿਨ ਮੈਨੂੰ ਸਹਿਕਾਰਤਾ ਮੰਤਰੀ ਬਣਾਇਆ ਗਿਆ, ਮੈਨੂੰ ਲੱਗਾ ਕਿ ਮੈਨੂੰ ਗ੍ਰਹਿ ਮੰਤਰਾਲੇ ਤੋਂ ਵੀ ਵੱਡਾ ਵਿਭਾਗ ਮਿਲਿਆ ਹੈ, ਜੋ ਦੇਸ਼ ਦੇ ਕਿਸਾਨਾਂ, ਗਰੀਬਾਂ, ਪਿੰਡਾਂ ਅਤੇ ਪਸ਼ੂਆਂ ਲਈ ਕੰਮ ਕਰਦਾ ਹੈ।

## ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ, ਸ਼ੁਰੂ ਹੋਵੇਗਾ ਇਹ ਵੱਡਾ ਪ੍ਰਾਜੈਕਟ

**ਕੌਮੀ ਪਤ੍ਰਿਕਾ**

ਚੰਡੀਗੜ੍ਹ 12 ਜੁਲਾਈ। ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਸੂਬੇ ਦੀ ਕੁਦਰਤੀ ਊਰਜਾ ਸਬੰਧੀ ਸਮਰੱਥਾ ਵਿਚ ਵਾਧਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਮਾਰਚ 2026 ਤੱਕ ਸੂਬੇ ਭਰ ਵਿਚ 390 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 30 ਮੈਗਾਵਾਟ ਦੀ ਸੰਯੁਕਤ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਸਥਾਪਤ ਕੀਤੇ ਜਾਣਗੇ। ਅਮਨ ਅਰੋੜਾ ਪੰਜਾਬ ਊਰਜਾ ਵਿਕਾਸ ਅਥਾਰਟੀ (ਪੇਡਾ) ਵੱਲੋਂ ਚਲਾਏ ਜਾ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲੈ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਪੇਡਾ ਦੇ ਚੇਅਰਪਰਸਨ ਡਾ. ਸੁਖਚੈਨ ਗੋਗੀ ਅਤੇ ਪ੍ਰਮੁੱਖ ਸਕੱਤਰ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਅਜੋਏ ਕੁਮਾਰ ਸਿਨਹਾ ਵੀ ਮੌਜੂਦ ਸਨ। ਇਸ ਪ੍ਰਾਜੈਕਟ ਬਾਰੇ ਜਾਣਕਾਰੀ ਦਿੰਦਿਆਂ ਅਮਨ ਅਰੋੜਾ ਨੇ ਦੱਸਿਆ ਕਿ 150 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਬਿਜਲੀ ਖਰਚ ਵਿਚ ਸਾਲਾਨਾ 15 ਕਰੋੜ ਰੁਪਏ ਦੀ ਬੱਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ, ਜਿਸ ਨਾਲ ਇਸ ਵੱਕਾਰੀ ਪ੍ਰਾਜੈਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਦੱਸ ਦੇਈਏ ਕਿ ਇਸ ਪ੍ਰਾਜੈਕਟ ਅਧੀਨ ਸਿਹਤ ਤੇ ਪਰਿਵਾਰ ਭਲਾਈ, ਤਕਨੀਕੀ



ਸਿੱਖਿਆ ਤੇ ਉਦਯੋਗਿਕ ਸਿਖਲਾਈ, ਟਰਾਂਸਪੋਰਟ, ਖੇਤੀਬਾੜੀ ਤੇ ਕਿਸਾਨ ਭਲਾਈ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਗ੍ਰਹਿ ਮਾਮਲੇ ਅਤੇ ਨਿਆਂ, ਮੈਡੀਕਲ ਸਿੱਖਿਆ ਅਤੇ ਖੋਜ, ਸਥਾਨਕ ਸਰਕਾਰਾਂ ਅਤੇ ਜਲ ਸਰੋਤ ਵਿਭਾਗ ਸਮੇਤ 25 ਪ੍ਰਮੁੱਖ ਵਿਭਾਗਾਂ ਦੀਆਂ ਇਮਾਰਤਾਂ 'ਤੇ ਸੂਰਜੀ ਊਰਜਾ ਪਲਾਂਟ ਲਗਾਏ ਜਾਣਗੇ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਨੇ ਪਿਛਲੇ ਤਿੰਨ ਸਾਲਾਂ ਵਿਚ ਨਵਿਆਉਣਯੋਗ ਊਰਜਾ ਵਿਚ ਪ੍ਰਭਾਵਸ਼ਾਲੀ ਪ੍ਰਗਤੀ ਦਰਜ ਕੀਤੀ ਹੈ ਜਿਸ ਤਹਿਤ 1098 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 7.7 ਮੈਗਾਵਾਟ ਸਮੂਹਿਕ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਲਗਾਏ ਗਏ ਹਨ, ਜੋ ਸਥਾਈ ਊਰਜਾ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਅਮਨ ਅਰੋੜਾ ਨੇ ਕਿਹਾ ਕਿ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਕੇ ਸੂਬੇ ਦਾ ਉਦੇਸ਼ ਕਾਰਬਨ ਨੂੰ ਘਟਾਉਣਾ, ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣਾ ਅਤੇ ਆਪਣੇ ਨਾਗਰਿਕਾਂ ਲਈ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣਾ ਹੈ। ਇਹ ਪਹਿਲਕਦਮੀ ਪੰਜਾਬ ਨੂੰ ਕੁਦਰਤੀ ਅਤੇ ਵਧੇਰੇ ਊਰਜਾ-ਕੁਸ਼ਲ ਸੂਬਾ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਮੀਟਿੰਗ ਦੌਰਾਨ ਅਮਨ ਅਰੋੜਾ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕੁਦਰਤੀ ਊਰਜਾ ਉਤਪਾਦਨ ਨੂੰ ਹੋਰ ਵਧਾਉਣ ਦੇ ਢੰਗ-ਤਰੀਕਿਆਂ ਦੀ ਪੜਚੋਲ ਕਰਨ ਦੇ ਨਿਰਦੇਸ਼ ਵੀ ਦਿੱਤੇ। ਮੀਟਿੰਗ ਵਿਚ ਪੇਡਾ ਦੀ ਸੀ.ਈ.ਓ. ਮਿਸ. ਨੀਲਿਮਾ, ਡਾਇਰੈਕਟਰ ਐਮ.ਪੀ. ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਨਸ਼ਾ ਸਮਗਲਰ ਸੰਨੀ ਦਾ ਘਰ ਜਿਲਾ ਪ੍ਰਸ਼ਾਸਨ ਨੇ ਢਾਹਿਆ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 12 ਜੁਲਾਈ: ਮੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੱਧ ਨੂੰ ਅੱਗੇ ਤੋਰਦੇ ਜਿਲਾ ਪ੍ਰਸ਼ਾਸਨ ਨੇ ਨਸ਼ਾ ਸਮਗਲਰ ਸੋਰਵ ਪ੍ਰਤਾਪ ਉਰਫ ਸੰਨੀ ਪੁੱਤਰ ਨੰਦ ਕਿਸ਼ੋਰ, ਵਾਸੀ ਗਲੀ ਨੰਬਰ 01, ਹਰਗੋਬਿੰਦ ਐਵੀਨਿਊ, ਛੇਹਰਟਾ, ਅੰਮ੍ਰਿਤਸਰ , ਜਿਸ ਦੇ ਖਿਲਾਫ ਐਨ.ਡੀ.ਪੀ.ਐਸ ਐਕਟ, ਅਸਲਾ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਥਾਨਿਆਂ ਵਿੱਚ 25 ਦੇ ਕਰੀਬ ਕੇਸ ਦਰਜ ਹਨ, ਦਾ ਘਰ ਮਸ਼ੀਨਾਂ ਦੀ ਮਦਦ ਨਾਲ ਮਲੀਆਮੇਟ ਕਰ ਦਿੱਤਾ। ਇਸ ਖਿਲਾਫ ਥਾਣਾ ਇਸਲਾਮਾਬਾਦ, ਅੰਮ੍ਰਿਤਸਰ ਵਿਖੇ ਦਰਜ ਇਕ ਕੇਸ ਵਿਚ ਇਸ ਦੀ ਬੇਟੀ ਮੁਸਕਾਨ ਅਤੇ ਇਸ ਦੇ ਭਰਾ ਆਦਿੱਤਿਆ ਪ੍ਰਤਾਪ ਨੂੰ ਗ੍ਰਿਫਤਾਰ ਕਰਕੇ ਉਹਨਾਂ ਕੋਲੋਂ 6 ਕਿੱਲੋ ਗ੍ਰਾਮ ਅਫੀਮ, 8 ਕਿੱਲੋ ਗ੍ਰਾਮ ਹੈਰੋਇਨ, 2 ਕਿੱਲੋ ਗ੍ਰਾਮ ਹੈਰੋਇਨ ਤਿਆਰ ਕਰਨ ਵਾਲਾ ਅਤੇ ਮਿਕਦਾਰ ਵਧਾਉਣ ਵਾਲਾ ਕੈਮੀਕਲ ਅਤੇ 1 ਪਿਸਟਲ 9 ਐਮ ਐਮ ਸਮੇਤ 1 ਜਿੰਦਾ ਰੌਂਦ ਦੀ ਰਿਕਵਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਦੇ ਖਿਲਾਫ ਪੰਜਾਬ ਦੇ ਵੱਖ-ਵੱਖ ਜਿਲ੍ਹਿਆ ਵਿਚ ਐਨ.ਡੀ.ਪੀ.ਐਸ ਐਕਟ ਅਤੇ ਹੋਰ ਵੱਖ-ਵੱਖ ਧਾਰਾਵਾ ਤਹਿਤ 25 ਮੁਕੱਦਮੇ ਦਰਜ ਹਨ। ਸੰਨੀ ਫਿਲਹਾਲ ਭਗੌੜਾ ਹੈ ਅਤੇ ਇਸ ਦੀ ਇੱਕ ਪ੍ਰਾਪਰਟੀ ਗਲੀ ਨੰਬਰ 02, ਅਕਾਸ਼ ਐਵੀਨਿਊ, ਕੋਟ ਖਾਲਸਾ ਥਾਣਾ ਇਸਲਾਮਾਬਾਦ ਇਸਦੀ ਪਤਨੀ ਸੀਤਲ ਪ੍ਰਤਾਪ ਦੇ ਨਾਮ ਹੈ, ਜੋ ਅਣ-ਅਧਿਕਾਰਤ ਤੌਰ ਤੇ ਬਣਾਈ ਗਈ ਹੈ। ਜਿਸ ਨੂੰ ਮਿਊਂਸੀਪਲ ਕਾਰਪੋਰੇਸ਼ਨ, ਅੰਮ੍ਰਿਤਸਰ ਵੱਲੋ ਪੁਲਿਸ ਦੀ ਮਦਦ ਨਾਲ ਢਾਹ ਦਿੱਤਾ ਗਿਆ। ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮਗਲਰਾਂ ਦੀਆਂ 9 ਜਾਇਦਾਤਾਂ ਢਾਹੀਆਂ ਜਾ ਚੁੱਕੀਆਂ ਹਨ। ਇਸ ਮੌਕੇ ਵਿਸ਼ੇਸ ਤੌਰ ਉਤੇ ਪਹੁੰਚੇ ਪੁਲਸਿ ਕਮਸਿ?ਨਰ ਸ ਗੁਰਪ੍ਰੀਤ ਸਿੰਘ ਭੁੱਲਰ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਸਪਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਆ? ਰੂਪੀ ਜ਼ਹਿਰ ਘੋਲ ਰਹੇ ਹਨ, ਉਹਨਾਂ ਉੱਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਯੁੱਧ ਨਸ਼ੇ ਦੀ ਸਮਾਪਤੀ ਤੱਕ ਜਾਰੀ ਰਹੇਗਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਪੁਲਿਸ ਸਖਤ ਕਾਰਵਾਈ ਕਰ ਰਹੀ ਹੈ ਅਤੇ ਜੋ ਵੀ ਇਸ ਧੰਦੇ ਵਿੱਚ ਸ਼ਾਮਿਲ ਹੈ, ਉਸ ਨੂੰ ਜੇਲ ਵਿੱਚ ਸੁਟਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਨਸ਼ੇ ਦੇ ਰੋਗੀਆਂ ਦਾ ਇਲਾਜ ਵੀ ਪੁਲਿਸ ਕਰਵਾ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉੱਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਿਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ। ਉਹਨਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ। ਉਹਨਾਂ ਕਿਹਾ ਕਿ ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜੀਆਂ ਵੀ ਯਾਦ ਰੱਖਣਗੀਆਂ। ਇਸ ਮੌਕੇ ਵਿਸ਼ਾਲਜੀਤ ਸਿੰਘ ਏਡੀਸੀਪੀ ਸਿਟੀ ਵਨ, ਜਸਪਾਲ ਸਿੰਘ ਏਸੀਪੀ ਕੇਂਦਰੀ ਅੰਮ੍ਰਿਤਸਰ, ਮੁੱਖ ਅਫਸਰ ਥਾਣਾ ਇਸਲਾਮਾਬਾਦ ਇੰਸਪੈਕਟਰ ਜਸਬੀਰ ਸਿੰਘ ਅਤੇ ਹੋਰ ਨਗਰ ਨਿਗਮ ਦੇ ਅਧਿਕਾਰੀ ਹਾਜ਼ਰ ਸਨ।

## ਨਰਸਿੰਗ ਦੀ ਵਿਦਿਆਰਥਣ ਤੇ ਉਸ ਦਾ ਸਾਥੀ 50 ਲੱਖ ਦੀ ਹੈਰੋਇਨ ਸਮੇਤ ਗ੍ਰਿਫਤਾਰ

ਸਮਰਾਲਾ 12 ਜੁਲਾਈ: ਪੁਲਸ ਨੇ ਬੱਸ ਦੀ ਚੈਕਿੰਗ ਦੌਰਾਨ ਮੁੰਡੇ ਤੇ ਕੁੜੀ ਨੂੰ 300 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ’ਚ ਕੀਮਤ ਕਰੀਬ 50 ਲੱਖ ਰੁਪਏ ਦੱਸੀ ਜਾ ਰਹੀ ਹੈ। ਕਾਬੂ ਕੀਤੇ ਗਏ ਨੌਜਵਾਨ ਦੀ ਪਛਾਣ ਦੇਵ ਅਰਜੁਨ (24) ਤੇ ਜਸ਼ਨਪ੍ਰੀਤ ਕੌਰ (20) ਵਜੋਂ ਹੋਈ ਹੈ, ਜੋ ਦੋਵੇਂ ਮੋਗਾ ਜ਼ਿਲੇ ਦੇ ਰਹਿਣ ਵਾਲੇ ਹਨ। ਜਸ਼ਨਪ੍ਰੀਤ ਕੌਰ ਜੀ.ਐੱਮ. ਨਰਸਿੰਗ ਦੀ ਵਿਦਿਆਰਥਣ ਹੈ। ਪੁਲਸ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਮੁਲਜ਼ਮਾਂ ਦੇ ਕਿਸੇ ਵੱਡੇ ਨਸ਼ਾ ਸਮੱਗਲਿੰਗ ਗਿਰੋਹ ਨਾਲ ਤਾਰ ਜੁੜੇ ਹੋ ਸਕਦੇ ਹਨ ਤੇ ਹੋਰ ਪੁੱਛਗਿੱਛ ’ਚ ਕਈ ਵੱਡੇ ਖ਼ੁਲਾਸੇ ਹੋਣ ਦੀ ਵੀ ਸੰਭਾਵਨਾ ਹੈ। ਏ. ਐੱਸ. ਆਈ. ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਚੌਕੀ ਹੇਡੋਂ ਦੇ ਬਾਹਰ ਨਾਰਕੋਟਿਕਸ ਟੀਮ ਸਮੇਤ ਸਪੈਸ਼ਲ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਪੁਲਸ ਵੱਲੋਂ ਬੱਸਾਂ ਨੂੰ ਰੋਕਦਿਆਂ ਤਲਾਸ਼ੀ ਲਈ ਜਾ ਰਹੀ ਸੀ। ਇਸ ਮੌਕੇ ਜਿਉਂ ਹੀ ਪੁਲਸ ਪਾਰਟੀ ਨੇ ਲੁਧਿਆਣਾ ਸਾਈਡ ਤੋਂ ਆ ਰਹੀ ਇਕ ਬੱਸ ਨੂੰ ਰੋਕਿਆ ਤਾਂ ਉਸ ’ਚ ਸਵਾਰ ਇਕ ਮੁੰਡਾ ਤੇ ਕੁੜੀ ਬਾਹਰ ਨਿਕਲ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗੇ। ਜਦੋਂ ਉਨ੍ਹਾਂ ਨੂੰ ਕਾਬੂ ਕਰ ਕੇ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਪਾਸੋਂ ਪੁਲਸ ਨੂੰ 300 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ।ਪੁਲਸ ਨੇ ਦੋਵੇਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਖ਼?ਲਾਫ਼ ਐੱਨ.ਡੀ.ਪੀ.ਐੱਸ. ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ। ਪੁਲਸ ਵੱਲੋਂ ਦੋਵਾਂ ਨੂੰ ਅਦਾਲਤ ’ਚ ਪੇਸ਼ ਕਰ ਕੇ ਤਿੰਨ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਥਾਣਾ ਇੰਚਾਰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਉਹ ਬੱਸ ਰਾਹੀਂ ਮੋਗਾ ਤੋਂ ਖਰੜ ਲਈ ਜਾ ਰਹੇ ਸਨ। ਇਹ ਹੈਰੋਇਨ ਵੀ ਉੱਥੇ ਹੀ ਕਿਸੇ ਨੂੰ ਦਿੱਤੀ ਜਾਣੀ ਸੀ। ਦੋਵੇਂ ਆਪਸ ’ਚ ਕਾਫ਼ੀ ਸਮੇਂ ਤੋਂ ਜਾਣਕਾਰ ਸਨ। ਪੁਲਸ ਵੱਲੋਂ ਉਨ੍ਹਾਂ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ।

## ਵਿਦਿਆਰਥੀਆਂ ਲਈ ਅਹਿਮ ਖ਼ਬਰ ਪ੍ਰੀਖਿਆ ਫੀਸਾਂ ਲਈ ਨਵਾਂ ਸ਼ਡਿਊਲ ਜਾਰੀ

**ਕੌਮੀ ਪਤ੍ਰਿਕਾ**

ਚੰਡੀਗੜ੍ਹ 12 ਜੁਲਾਈ: ਪੰਜਾਬ ਯੂਨੀਵਰਸਿਟੀ (ਪੀ.ਯੂ.) ਅਤੇ ਇਸ ਨਾਲ ਨਾਲ ਸਬੰਧਤ ਕਾਲਜਾਂ ਦੀਆਂ ਹਰ ਸਾਲ ਪ੍ਰੀਖਿਆ ਫੀਸਾਂ ਵੱਧਦੀਆਂ ਹਨ। ਹਰ ਵਾਰ ਵਾਂਗ ਇਸ ਵਾਰ ਵੀ ਕਰੀਬ ਪੰਜ ਫ਼ੀਸਦੀ ਫੀਸ ਵਾਧੇ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ। ਪਿਛਲੇ ਸਾਲ 2024-25 ਸੈਸ਼ਨ ਤੋਂ 2025-26 ਸੈਸ਼ਨ ਲਈ ਪ੍ਰੀਖਿਆ ਦੀਆਂ ਫੀਸਾਂ ’ਚ 100 ਰੁਪਏ ਤੋਂ ਲੈ ਕੇ 500 ਰੁਪਏ ਤੱਕ ਦਾ ਵਾਧਾ ਹੋਇਆ ਹੈ। ਇਨ੍ਹਾਂ ਤੋਂ ਇਲਾਵਾ ਪੀ.ਐੱਚ.ਡੀ., ਪੁਨਰ ਮੁਲਾਂਕਣ ਫੀਸ, ਡੁਪਲੀਕੇਟ ਰੋਲ ਨੰਬਰ ਫੀਸ, ਪ੍ਰੀਖਿਆ ਕੇਂਦਰ ਫੀਸ, ਕਾਂਫੀਡੈਂਸ਼ਿਅਲ ਫੀਸਾਂ ਵੀ ਵਧੀਆਂ ਹਨ। ਚੇਤੇ ਰਹੇ ਕਿ ਇਸ ਤੋਂ ਪਹਿਲਾਂ ਵੱਖ-ਵੱਖ ਕੋਰਸਾਂ ਦੀਆਂ ਨਵੇਂ ਸੈਸ਼ਨ ਦੌਰਾਨ ਦਾਖਲਾ ਫੀਸ ਪੰਜ ਫੀਸਦੀ ਦੇ ਕਰੀਬ ਵਧਦੀ ਰਹੀ ਹੈ। ਹੁਣ ਪ੍ਰੀਖਿਆ ਫੀਸਾਂ ਤੇ ਹੋਰ ਫੀਸਾਂ ਵੀ ਵਧੀਆਂ ਹਨ। ਇਹ ਫੀਸਾਂ ਰੁਟੀਨ ਦੇ ਚਾਰਜਿਸ ਦੇ ਹਿਸਾਬ ਨਾਲ ਵਧਾਈਆਂ ਗਈਆਂ ਹਨ। ਹਾਲਾਂਕਿ ਹਾਲੇ ਜੁਲਾਈ ਮਹੀਨੇ ਤੋਂ ਸੈਸ਼ਨ ਦੇ ਪਹਿਲੇ ਸਮੈਸਟਰ ਦੀ ਸ਼ੁਰੂਆਤ ਹੋਵੇਗੀ ਤੇ ਪ੍ਰੀਖਿਆਵਾਂ ਦਸੰਬਰ ਮਹੀਨੇ ’ਚ ਹੋਣਗੀਆਂ। ਜਿਸ ਲਈ ਪ੍ਰੀਖਿਆ ਫਾਰਮ ਪਹਿਲਾਂ ਹੀ ਭਰੇ ਜਾਂਦੇ ਹਨ। ਪੀ.ਯੂ. ਵੱਲੋਂ ਪ੍ਰੀਖਿਆ ਨਵੀਂ ਫੀਸਾਂ ਤਹਿਤ ਜਾਰੀ ਕੀਤੀ ਗਈ ਹੈ। ਇਨ੍ਹਾਂ ਤੋਂ ਇਲਾਵਾ ਪੁਨਰ ਮੁਲਾਂਕਣ ਫੀਸ 790 ਰੁਪਏ, ਕਾਂਫੀਡੈਂਸ਼ਿਅਲ ਰਿਜ਼ਲਟ 600, ਡੁਪਲੀਕੇਟ ਮਾਈਗ੍ਰੇਸ਼ਨ ਸਰਟੀਫਿਕੇਟ 840, ਪ੍ਰੀਖਿਆ ਕੇਂਦਰ 2370 ਰੁਪਏ, ਡੁਪਲੀਕੇਟ ਰੋਲ ਨੰਬਰ 600 ਰੁਪਏ, ਨਾਮ ਸੁਧਾਰ 2240 ਰੁਪਏ, ਜਨਮ ਮਿਤੀ ਫੀਸ 6050 ਰੁਪਏ ਫੀਸ ਰੱਖੀ ਗਈ ਹੈ। ਇਨ੍ਹਾਂ ਦੀਆਂ ਫੀਸਾਂ ਵਿਚ ਵੀ ਕਰੀਬ 5 ਫ਼ੀਸਦੀ ਤੱਕ ਦਾ ਵਾਧਾ ਹੋਇਆ ਹੈ।

### ਅਕੈਡਮਿਕ ਵਰਲਡ ਸਕੂਲ ਵਿਖੇ ਗੁਰੂ ਪੂਰਨਿਮਾ ਮੌਕੇ ਸੈਮੀਨਾਰ ਦਾ ਆਯੋਜਨ

ਲਹਿਰਾਗਾਗਾ,12 ਜੁਲਾਈ: ਅੱਜ ਅਕੈਡਮਿਕ ਵਰਲਡ ਸਕੂਲ ਖੋਖਰ ਵਿਖੇ ਗੁਰੂ ਪੂਰਨਿਮਾ ਮੌਕੇ ਪ੍ਰੇਰਨਾ ਦਾਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੂੰ ਗੁਰੂ ਦੀ ਮਹੱਤਤਾ ਬਾਰੇ ਦੱਸਿਆ ਗਿਆ, ਜਿਸ ਵਿੱਚ ਬੱਚਿਆਂ ਨੂੰ ਦੱਸਿਆ ਕਿ ਗੁਰੂ ਬਿਨਾ ਗਿਆਨ ਨਹੀਂ ਅਤੇ ਗਿਆਨ ਬਿਨਾਂ ਆਤਮਾਂ ਨਹੀਂ ਹੈ, ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਸੰਜੈ ਸਿੰਗਲਾ ਨੇ ਬੱਚਿਆਂ ਨੂੰ ਗੁਰੂ ਪੂਰਨਿਮਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਗੁਰੂ ਪੂਰਨਿਮਾ ਦਾ ਦਿਨ ਅਧਿਆਪਕ ਅਤੇ ਗੁਰੂਆ ਦੇ ਸਨਮਾਨ ਦਾ ਦਿਨ ਹੈ ਅਤੇ ਕਿਹਾ ਕਿ ਸਾਡੇ ਜੀਵਨ ਵਿੱਚ ਗੁਰੂ ਦੀ ਭੂਮਿਕਾ ਕਿੰਨੀ ਮਹੱਤਵਪੂਰਨ ਹੈ, ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਬਬੀ ਵਰਗੇਸ ਨੇ ਕਿਹਾ ਕਿ ਇੱਕ ਅਧਿਆਪਕ ਹੀ ਸਾਨੂੰ ਸਭ ਨੂੰ ਸਹੀ ਰਾਸਤਾ ਦਿਖਾਉਂਦਾ ਹੈ ਅਤੇ ਗਿਆਨ ਦੀ ਰੋਸ਼ਨੀ ਵੱਲ ਲੈ ਕੇ ਜਾਦਾ ਹੈ ,ਇੱਕ ਗੁਰੂ ਹੀ ਸਾਨੂੰ ਸਹੀ ਗਲਤ ਦੀ ਪਹਿਚਾਣ ਕਰਨ ਵਿਚ ਮਦਦ ਕਰਦਾ ਹੈ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਸੁਰਿੰਦਰ ਸਿੰਘ (ਡੀ.ਪੀ.ਈ), ਸੁਰਭੀ ,ਕੋਮਲ, ਅਮਨਜੋਤ,ਨੇਵੀ, ਹੀਨਾ, ਅਨੁਕੂਲ, ਕਮਲਜੀਤ,ਕਾਜਲ, ਕੋਮਲਪ੍ਰੀਤ, ਜਸਦੀਪ, ਮਨਪ੍ਰੀਤ, ਗੁਰਵਿੰਦਰ, ਤਮੰਨਾ,ਦਿਕਸਾ ,ਹਰਪ੍ਰੀਤ ,ਮੀਨਾ, ਸਾਕਸ਼ੀ, ਰਕਸੀਨ, ਮਨਦੀਪ, ਗਗਨਦੀਪ ਹਾਜ਼ਰ ਸਨ।

## ਸ੍ਰੀ ਗੁਰੂ ਰਾਮਦਾਸ ਅੰਤਰ-ਰਾਸ਼ਟਰੀ ਹਵਾਈ ਅੱਡਾ ਦੇ ਆਲੇ ਦੁਆਲੇ ਡਰੋਨਜ਼ ਕੈਮਰਾ ਉਡਾਉਣ ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ, 12 ਜੁਲਾਈ: ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੈਂਦੇ ਸ੍ਰੀ ਗੁਰੂ ਰਾਮਦਾਸ ਅੰਤਰ-ਰਾਸ਼ਟਰੀ ਹਵਾਈ ਅੱਡਾ, ਅਜਨਾਲਾ ਰੋਡ, ਰਾਜਾਸਾਂਸੀ, ਅੰਮ੍ਰਿਤਸਰ ਦੇ ਦਿਹਾਤੀ ਅਧਿਕਾਰ ਖੇਤਰ ਵਿੱਚ ਡਰੋਨਜ਼ ਚਲਾਉਣ ਦੇ ਮੁਕੰਮਲ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਧਿਆਨ ਵਿਚ ਆਇਆ ਹੈ ਕਿ ਏਅਰਪੋਰਟ ਵਿਖੇ ਦਿਨ ਰਾਤ ਅੰਤਰ ਰਾਸ਼ਟਰੀ /ਘਰੇਲੂ ਉਡਾਨਾਂ ਆਉਂਦੀਆਂ ਤੇ ਜਾਂਦੀਆਂ ਹਨ। ਇਸ ਲਈ ਹਵਾਈ ਅੱਡੇ ਦੇ ਨਜਦੀਕ ਪੈਂਦੇ ਦਿਹਾਤੀ ਏਰੀਏ ਵਿੱਚ ਆਸ ਪਾਸ ਕਾਫ਼ੀ ਹੋਟਲ ਤੇ ਮੈਰਿਜ ਪੈਲਸ ਪੈਂਦੇ ਹਨ। ਜਿਥੇ ਆਮ ਪਬਲਿਕ ਆਪਣੇ ਫੰਕਸ਼ਨਾਂ ਦੀ ਡਰੋਨਜ ਰਾਹੀਂ ਕਵਰਿੰਗ ਕਰਦੇ ਹਨ। ਜਿਨ੍ਹਾਂ ਦੀ ਆੜ ਵਿੱਚ ਕੋਈ ਸਮਾਜ ਵਿਰੋਧੀ ਅਨਸਰ ਕਿਸੇ ਸਮੇਂ ਵੀ ਵੱਡੇ ਹਾਦਸੇ ਨੂੰ ਅੰਜਾਮ ਦੇ ਸਕਦੇ ਹਨ। ਇਸ ਲਈ ਸ੍ਰੀ ਏਅਰਪੋਰਟ ਦੇ ਨਜਦੀਕ ਪੈਂਦੇ ਦਿਹਾਤੀ ਏਰੀਏ ਵਿੱਚ ਅਜਿਹੀ ਘਟਨਾਵਾਂ ਨੂੰ ਰੋਕਣ ਲਈ ਡਰੋਨਜ ਕੈਮਰਾ ਉਡਾਉਣ ਤੇ ਪਾਬੰਦੀ ਲਗਾਈ ਜਾਂਦੀ ਹੈ।

## ਗਊ ਮਾਸ ਫੈਕਟਰੀ ਮਾਮਲਾ: ਪੁਲਸ ਨੇ ਇੱਕ ਮਾਸਟਰਮਾਈਂਡ ਨੂੰ ਉਸਦੇ ਸਾਥੀ ਸਣੇ ਕੀਤਾ ਗ੍ਰਿ.ਫਤਾਰ

**ਕੌਮੀ ਪਤ੍ਰਿਕਾ**

ਫਗਵਾੜਾ 12 ਜੁਲਾਈ: ਫਗਵਾੜਾ ਪੁਲਸ ਵੱਲੋਂ ਬਹੁਚਰਚਿਤ ਗਊ ਮਾਸ ਫੈਕਟਰੀ ਮਾਮਲੇ ਦੇ ਇਕ ਮਾਸਟਰਮਾਈਂਡ ਨੂੰ ਉਸਦੇ ਸਾਥੀ ਸਮੇਤ ਗ੍ਰਿਫ਼ਤਾਰ ਕਰਨ ਦੀ ਸਨਸਨੀਖੇਜ਼ ਸੂਚਨਾ ਮਿਲੀ ਹੈ। ਹਾਲਾਂਕਿ, ਵਿਡੰਬਨਾ ਇਹ ਹੈ ਕਿ ਉਕਤ ਮਾਮਲੇ ਵਿੱਚ 7 ਮਾਸਟਰਮਾਈਂਡ ਅਜੇ ਵੀ ਪੁਲਸ ਵਲੋਂ ਗ੍ਰਿਫਤਾਰ ਕੀਤੇ ਜਾਣੇ ਬਾਕੀ ਹਨ ਅਤੇ ਇਹਨਾਂ ਸਾਰੇ ਦੋਸ਼ੀਆਂ ਦੀ ਤਲਾਸ਼ ’ਚ ਪੁਲਸ ਟੀਮਾਂ ਵਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਸਿਟੀ ਪੁਲਸ ਦੁਆਰਾ ਦਰਜ ਕੀਤੀ ਗਈ ਪੁਲਸ ਐੱਫਆਈਆਰ ਅਤੇ ਕੇਸ ਦੀ ਜਾਂਚ ਕਰ ਰਹੇ ਡੀਐੱਸਪੀ ਭਾਰਤ ਭੂਸ਼ਣ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ ਦੋਸ਼ੀਆਂ ’ਚ ਫਗਵਾੜਾ ਦੇ 2, ਉੱਤਰ ਪ੍ਰਦੇਸ਼ ਦੇ 3, ਨਵੀਂ ਦਿੱਲੀ ਦਾ 1, ਮਿਆਂਮਾਰ ਦਾ 1 ਮਾਸਟਰਮਾਈਂਡ, ਕਿੰਗਪਿਨ ਸ਼ਾਮਲ ਹੈ। ਅੱਜ ਸ਼ਾਮ ਪ੍ਰੈਸ ਨੂੰ ਜਾਰੀ ਅਧਿਕਾਰਤ ਜਾਣਕਾਰੀ ਵਿੱਚ ਫਗਵਾੜਾ ਦੀ ਐੱਸਪੀ ਰੁਪਿੰਦਰ ਕੌਰ ਭੱਟੀ ਨੇ ਦੱਸਿਆ ਕਿ ਪੁਲਸ ਨੇ ਗਊ ਮਾਸ ਫੈਕਟਰੀ ਕੇਸ ਦੇ ਮੁੱਖ ਦੋਸ਼ੀ ਵਿਜੇ ਕੁਮਾਰ ਪੁੱਤਰ ਰਾਮਲਾਲ ਵਾਸੀ ਗਲੀ ਨੰਬਰ 11, ਬਸੰਤ ਨਗਰ, ਫਗਵਾੜਾ ਨੂੰ ਉਸ ਦੇ ਇੱਕ ਸਾਥੀ



ਸਮੇਤ ਜਿਸ ਦੀ ਪਛਾਣ ਹੁਸਨ ਲਾਲ ਪੁੱਤਰ ਮੇਅਰ ਚੰਦ ਵਾਸੀ, ਪਿੰਡ ਚਾਚੋਕੀ ਹਾਲ ਵਾਸੀ ਮਕਾਨ ਨੰਬਰ 118, ਅਰਬਨ ਅਸਟੇਟ, ਫਗਵਾੜਾ ਵਜੋਂ ਹੋਈ ਹੈ, ਨੂੰ ਪਠਾਨਕੋਟ ਤੋਂ ਗੁਪਤ ਸੂਚਨਾ ਦੇ ਅਧਾਰ ’ਤੇ ਗ੍ਰਿਫ਼ਤਾਰ ਕੀਤਾ ਹੈ। ਐੱਸਪੀ ਭੱਟੀ ਨੇ ਦੱਸਿਆ ਕਿ ਦਰਜ ਪੁਲਸ ਕੇਸ ਵਿੱਚ ਹੁਸਨ ਲਾਲ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਜੇ ਕੁਮਾਰ ਅਤੇ ਹੁਸਨ ਲਾਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਮਾਣਯੋਗ ਅਦਾਲਤ ਨੇ ਪੰਜ ਦਿਨਾਂ ਦੇ ਪੁਲਸ ਰਿਮਾਂਡ ’ਤੇ ਭੇਜਣ ਦੇ ਹੁਕਮ ਜਾਰੀ ਕੀਤੇ ਹਨ। ਪੁਲਸ ਇਨ੍ਹਾਂ ਤੋਂ ਸਖਤੀ ਨਾਲ ਪੁੱਛਗਿੱਛ ਕਰ ਰਹੀ ਹੈ। ਜਾਣਕਾਰੀ ਮੁਤਾਬਕ ਮੁਲਜ਼ਮ ਵਿਜੇ ਕੁਮਾਰ ਸਥਾਨਕ ਬਸੰਤ ਨਗਰ ’ਚ ਰਹਿੰਦਾ ਹੈ। ਫਗਵਾੜਾ ਪੁਲਸ ਵੱਲੋਂ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਵਿਜੇ ਕੁਮਾਰ ਨੂੰ ਗਊ ਮਾਸ ਫੈਕਟਰੀ ਕਾਂਡ ’ਚ ਮੁੱਖ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਵਿਜੇ ਕੁਮਾਰ ਆਮ ਆਦਮੀ ਪਾਰਟੀ (ਆਪ) ਦਾ ਸਮਰਥਕ ਹੋਣ ਦਾ ਦਾਅਵਾ ਕਰਦਾ ਹੈ। ਮਹੱਤਵਪੂਰਨ ਪਹਿਲੂ ਇਹ ਹੈ ਕਿ ਉਸ ਦੇ ਸਕੇ ਭਰਾ ਬੱਬੂ ਦਾ ਨਾਮ ਵੀ ਸਿਟੀ ਪੁਲਸ ਵਲੋਂ ਰਜਿਸਟਰ ਕੀਤੀ ਗਈ ਪੁਲਸ ਐੱਫਆਈਆਰ ’ਚ ਦਰਜ ਹੈ ਪਰ ਹਾਲੇ ਬੱਬੂ ਪੁਲਸ ਹਿਰਾਸਤ ਤੋਂ ਬਾਹਰ ਦੱਸਿਆ ਜਾ ਰਿਹਾ ਹੈ।

## ਓਵਰਲੋਡ ਟਰੈਕਟਰ-ਟਰਾਲੀ ਅਤੇ ਛੋਟੇ ਹਾਥੀ ਦੀ ਟੱਕਰ

ਗੁਰੂਹਰਸਹਾਏ 12 ਜੁਲਾਈ: ਇੱਥੋ ਲੱਖੋਕੇ ਬਹਿਰਾਮ ਦੇ ਅਧੀਨ ਆਉਂਦੇ ਕਿੱਲੀਵਾਲਾ ਮੋੜ ਕੋਲ ਝੋਨੇ ਦੀ ਪਰਾਲੀ ਨਾਲ ਓਵਰਲੋਡ ਟਰੈਕਟਰ-ਟਰਾਲੀ ਅਤੇ ਇਕ ਛੋਟੇ ਹਾਥੀ, ਜਿਸ ਵਿਚ ਡੰਗਰ ਸਨ, ਦੀ ਆਪਸ ’ਚ ਟੱਕਰ ਹੋ ਗਈ। ਇਸ ਹਾਦਸੇ ਦੌਰਾਨ ਇਕ ਵਿਅਕਤੀ ਦੀ ਮੌਤ ਅਤੇ ਇਕ ਵਿਅਕਤੀ ਦੇ ਜ਼ਖਮੀ ਹੋਣ ਦੀ ਖ਼ਬਰ ਹੈ, ਜਦੋਂ ਕਿ ਛੋਟੇ ਹਾਥੀ ਵਿਚ ਲੱਦੇ ਹੋਏ ਡੰਗਰਾਂ ਦੀ ਮੌਤ ਹੋਣ ਦੀ ਖ਼ਬਰ ਮਿਲੀ ਹੈ। ਇਸ ਸਬੰਧ ਵਿਚ ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਅਣਪਛਾਤੇ ਟਰੈਕਟਰ-ਟਰਾਲੀ ਚਾਲਕ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਲਵਪ੍ਰੀਤ ਪੁੱਤਰ ਜੋਗਿੰਦਰ ਵਾਸੀ




ਖਾਈ ਫੇਮੇ ਕੀ ਨੇ ਦੱਸਿਆ ਕਿ ਮਿਤੀ 4 ਜੁਲਾਈ, 2025 ਨੂੰ ਉਸ ਦਾ ਪਿਤਾ ਆਪਣੇ ਛੋਟੇ ਹਾਥੀ ’ਤੇ ਮੱਝਾਂ ਲੋਡ ਕਰਕੇ ਹਿੰਦੂਮਲ ਕੋਟ ਤੋਂ ਫਿਰੋਜ਼ਪੁਰ ਆ ਰਿਹਾ ਸੀ। ਜਦ ਕਿੱਲੀਵਾਲੇ ਮੋੜ ਤੋਂ ਥੋੜ੍ਹਾ ਅੱਗੇ ਪਹੁੰਚੇ ਤਾਂ ਸਾਹਮਣੇ ਤੋਂ ਇਕ ਟਰੈਕਟਰ ਸਮੇਤ ਟਰਾਲੀ, ਜਿਸ ਵਿਚ ਝੋਨੇ ਦੀ ਪਰਾਲੀ ਦੀਆਂ ਓਵਰਲੋਡ ਗੱਠਾਂ ਲੋਡ ਸਨ, ਤੇਜ਼ ਅਤੇ ਲਾਪਰਵਾਹੀ ਨਾਲ ਆ ਰਿਹਾ ਸੀ। ਲਵਪ੍ਰੀਤ ਨੇ ਦੱਸਿਆ ਕਿ ਹਨ੍ਹੇਰਾ ਹੋਣ ਕਾਰਨ ਉਸ ਦੇ ਪਿਤਾ ਦਾ ਛੋਟਾ ਹਾਥੀ, ਟਰਾਲੀ ਦੀ ਸਾਈਡ ਨਾਲ ਟਕਰਾ ਗਿਆ, ਜਿਸ ਕਾਰਨ ਉਸ ਦੇ ਪਿਤਾ ਜੋਗਿੰਦਰ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ ਅਤੇ ਲਖਵਿੰਦਰ ਸਿੰਘ ਦੇ ਵੀ ਕਾਫੀ ਸੱਟਾਂ ਲੱਗੀਆਂ। ਇਸ ਦੇ ਨਾਲ ਹੀ ਮੱਝਾਂ ਅਤੇ ਕੱਟਾ ਵੀ ਮੌਕੇ ’ਤੇ ਹੀ ਖ਼ਤਮ ਹੋ ਗਿਆ ਸੀ ਅਤੇ ਛੋਟੇ ਹਾਥੀ ਦਾ ਵੀ ਕਾਫੀ ਨੁਕਸਾਨ ਹੋ ਗਿਆ। ਲਵਪ੍ਰੀਤ ਨੇ ਦੱਸਿਆ ਕਿ ਅਣਪਛਾਤਾ ਟਰੈਕਟਰ ਦਾ ਡਰਾਈਵਰ ਹਨ੍ਹੇਰੇ ਦਾ ਫ਼ਾਇਦਾ ਚੁੱਕ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਅਣਪਛਾਤੇ ਟਰੈਕਟਰ-ਟਰਾਲੀ ਚਾਲਕ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਐਨਐਚਏਆਈ ਦੇ ਅਧੀਨ ਚੱਲ ਰਹੀ ਪਰਿਯੋਜਨਾਵਾਂ ਨੂੰ ਲੈ ਕੇ ਕੈਬੀਨੇਟ ਮੰਤਰੀ ਅਨਿਲ ਵਿਜ ਨੇ ਅਧਿਕਾਰੀਆਂ ਨਾਲ ਕੀਤੀ ਚਰਚਾ

ਚੰਡੀਗੜ੍ਹ, 12 ਜੁਲਾਈ: ਹਰਿਆਣਾ ਦੇ ਉਰਜਾ, ਟ?ਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਅੱਜ ਆਪਣੇ ਆਵਾਸ ’ਤੇ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ (ਐਨਐਚਏਆਈ) ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਅਧਿਕਾਰੀਆਂ ਨੂੰ ਅੰਬਾਲਾ ਤੋਂ ਇੰਸਟੀਟਿਊਟ ਆਫ ਡਰਾਈਵਿੰਗ ਟ?ਰੇਨਿੰਗ-ਰਿਸਰਚ ਤੇ ਆਟੋਮੇਟਿਡ ਟੇਸਟਿੰਗ ਸਟੇਸ਼ਨ ਦੇ ਪ੍ਰਸਤਾਵਿਤ ਸਥਾਨ ਨੂੰ ਜੀਟੀ ਰੋਡ ਦੇ ਨਾਲ ਜੋੜਨ ਦੇ ਨਿਰਦੇਸ਼ ਦਿੱਤੇ। ਗੌਰਤਲਬ ਹੈ ਕਿ ਅੰਬਾਲਾ ਵਿੱਚ ਜੀਟੀ ਰੋਡ ਦੇ ਨਾਲ ਸ਼ਾਹਪੁਰ ਵਿੱਚ ਇੰਸਟੀਟਿਊਟ ਆਫ ਡਰਾਈਵਿੰਗ ਟ?ਰੇਨਿੰਗ-ਰਿਸਰਚ ਤੇ ਆਟੋਮੇਟਿਡ ਟੇਸਟਿੰਗ ਸਟੇਸ਼ਨ ਨੂੰ ਸਥਾਪਿਤ ਕਰਨਾ ਪ੍ਰਸਤਾਵਿਤ ਹੈ ਅਤੇ ਇਸ ਦੇ ਲਈ ਭੂਮੀ ਦਾ ਵੀ ਚੋਣ ਕੀਤਾ ਜਾ ਚੁੱਕਾ ਹੈ। ਸ੍ਰੀ ਅਨਿਲ ਵਿਜ ਨੇ ਐਨਐਚਏਆਈ ਅੰਬਾਲਾ ਦੇ ਪ੍ਰੋਜੈਕਟ ਡਾਇਰੈਕਟਰ ਪੀਕੇ ਸਿੰਨ੍ਹਾ ਨਾਲ ਇਸ ਸਬੰਧ ਚਰਚਾ ਕਰਦੇ ਹੋਏ ਕਿਹਾ ਕਿ ਦੋਨੋਂ ਸਥਾਨਾਂ ਨਾਲ ਜੀਟੀ ਰੋਡ ਦੀ ਸਰਵਿਸ ਲੇਨ ਕਨੈਕਟ ਹੋਣੀ ਚਾਹੀਦੀ ਹੈ ਤਾਂ ਜੋ ਆਉਣ-ਜਾਣ ਵਿੱਚ ਕੋਈ ਮੁਸ਼ਕਲ ਨਾ ਹੋਵੇ। ਉਨ੍ਹਾਂ ਨੇ ਐਨਐਚਏਆਈ ਵੱਲੋਂ ਅੰਬਾਲਾ ਕੈਂਟ ਵਿੱਚ ਚਲਾਈ ਜਾ ਰਹੀ ਪਰਿਯੋ?ਨਾਵਾਂ ਨੂੰ ਲੈ ਕੇ ਵੀ ਚਰਚਾ ਕੀਤੀ। ਉਨ੍ਹਾਂ ਨੇ ਸ਼ਾਸਤਰੀ ਕਲੋਨੀ ਦੇ ਸਾਹਮਣੇ ਜੀਟੀ ਰੋਡ ਫਲਾਈਓਵਰ ਦੇ ਨਾਲ ਬਣ ਰਹੀ ਸਰਵਿਸ ਲੇਨ (ਆਰਓਬੀ) ਦੇ ਹੇਠਾਂ ਰੇਲਵੇ ਕਲੋਨੀ ਤੋਂ ਆਉਣ ਵਾਲੇ ਰਸਤੇ ਨੂੰ ਵੀ ਮਾਨਕਾਂ ਅਨੁਸਾਰ ਬਨਾਉਣ ਦੇ ਨਿਰਦੇਸ਼ ਦਿੱਤੇ।

## ਪੁਲੀਆਂ ਅਤੇ ਸੜਕਾਂ ’ਤੇ ਬਣੀ ਰੇਲਿੰਗ ਅਤੇ ਡਿਵਾਈਡਰ ਤੋੜਨ ’ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ, 12 ਜੁਲਾਈ: ਵਧੀਕ ਜ਼ਿਲ੍ਹਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਬੀ.ਐਨ.ਐਸ.ਐਸ. ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਜਿਲ੍ਹਾ ਅੰਮ੍ਰਿਤਸਰ ਵਿੱਚ ਪੁਲੀਆਂ ਅਤੇ ਸੜਕਾਂ ’ਤੇ ਬਣੀਆਂ ਰੇਲਿੰਗਾਂ ਤੋੜਨ ਅਤੇ ਸੜਕਾਂ ਦੀ ਉਸਾਰੀ ਜਾਂ ਫਲਾਈਓਵਰ ਨੂੰ ਪੱਕਾ ਕਰਦੇ ਸਮੇਂ ਬਣੇ ਡਿਵਾਈਡਰਾਂ ਨੂੰ ਤੋੜ ਕੇ ਆਰਜ਼ੀ ਤੌਰ ’ਤੇ ਰਸਤਾ ਕੱਢਣ ’ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿਚ ਅੱਗੇ ਕਿਹਾ ਗਿਆ ਹੈ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਈ ਪੁਲੀਆਂ ਅਤੇ ਸੜਕਾਂ ਹਨ ਜੋ ਬਿਨਾਂ ਰੇਲਿੰਗ ਦੇ ਹਨ। ਇਸ ਤੋਂ ਇਲਾਵਾ ਕੁਝ ਲੋਕਾਂ/ਠੇਕੇਦਾਰਾਂ/ਮਹਿਕਮਿਆਂ ਵੱਲੋਂ ਫ਼ਸਲ ਦੀ ਕਟਾਈ ਸਬੰਧੀ ਮਸ਼ੀਨਾਂ/ਡਿੱਚ ਮਸ਼ੀਨਾਂ ਅਤੇ ਟਰਾਲੀਆਂ ਆਦਿ ਨੂੰ ਲਿਜਾਣ ਲਈ ਤੰਗ ਪੁਲੀਆਂ ’ਤੇ ਬਣੇ ਡਿਵਾਈਡਰਾਂ ਨੂੰ ਤੋੜਨ, ਪੁਲੀਆਂ ਜਾਂ ਸੜਕਾਂ ਦੀ ਉਸਾਰੀ ਜਾਂ ਫਲਾਈਓਵਰ ਨੂੰ ਪੱਕਾ ਕਰਦੇ ਸਮੇਂ ਸੜਕਾਂ ’ਤੇ ਬਣੇ ਡਿਵਾਈਡਰਾਂ ਨੂੰ ਤੋੜਨ ਅਤੇ ਆਰਜ਼ੀ ਤੌਰ ’ਤੇ ਰਸਤਾ ਕੱਢਣ ਕਰਕੇ ਦੁਰਘਟਨਾਵਾਂ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਲਈ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਤੇਜ਼ੀ ਨਾਲ ਉਪਰਾਲੇ ਕਰਨ ਦੀ ਲੋੜ ਹੈ।

## ਪੰਜਾਬ ’ਚ ਵੱਡੀ ਵਾਰਦਾਤ, ਨੌਜਵਾਨ ਦਾ ਅੰਨ੍ਹੇਵਾਹ ਗੋਲੀਆਂ ਮਾਰ ਕੇ ਕਤਲ

ਤਰਸਿੱਕਾ/ਟਾਹਲੀ ਸਾਹਿਬ 12 ਜੁਲਾਈ: ਹਲਕਾ ਮਜੀਠਾ ਦੇ ਪਿੰਡ ਚੰਨਣਕੇ ਵਿਖੇ ਬੀਤੀ ਸ਼ਾਮ ਨੂੰ ਤਿੰਨ ਅਣਪਛਾਤੇ ਮੋਟਰਸਾਈਕਲ ਚਾਲਕਾਂ ਵੱਲੋਂ ਇੱਕ ਨੌਜਵਾਨ ਦਾ ਅੰਨ੍ਹੇਵਾਹ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਹੈ। ਇਸ ਦੌਰਾਨ ਹਮਲਾਵਾਰ ਮੌਕੇ ’ਤੇ ਫਰਾਰ ਹੋ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਮ੍ਰਿਤਕ ਨੌਜਵਾਨ ਜੁਗਰਾਜ ਸਿੰਘ ਦੀ ਮਾਤਾ ਸਰਬਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਵਾਸੀ ਚੰਨਣਕੇ ਨੇ ਦੱਸਿਆ ਕਿ ਮੈਂ ਅਤੇ ਮੇਰਾ ਮੁੰਡਾ ਮੇਰੇ ਪੇਕੇ ਪਰਿਵਾਰ ਪਿੰਡ ਲਾਧੂ ਭਾਣੇ ਤੋਂ ਸਾਢੇ 7 ਵਜੇ ਦੇ ਕਰੀਬ ਘਰ ਆਏ ਤੇ ਫਿਰ ਮੇਰਾ ਬੇਟਾ ਘਰ ਵਾਸਤੇ ਘਰੇਲੂ ਸਾਮਾਨ ਲੈਣ ਲਈ ਬੁੱਲਟ ਮੋਟਰ ਸਾਈਕਲ ’ਤੇ ਗਿਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਮੈਂ ਵੀ ਬਾਹਰ ਗਲੀ ’ਚ ਉਸ ਨੂੰ ਦੇਖ ਰਹੀ ਸੀ ਕਿ ਤਿੰਨ ਅਣਪਛਾਤੇ ਨੌਜਵਾਨਾਂ ਜੋ ਇੱਕ ਹੀ ਮੋਟਰ ਸਾਈਕਲ ’ਤੇ ਆਏ ਅਤੇ ਜੁਗਰਾਜ ਨਾਲ ਗੁਰੂਦੁਆਰਾ ਬਾਬਾ ਬੁੱਢਾ ਸਾਹਿਬ ਜੀ ਦੇ ਸਾਹਮਣੇ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਵੱਲੋਂ ਮੇਰੇ ਸਾਹਮਣੇ ਜੁਗਰਾਜ ’ਤੇ ਅਚਾਨਕ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਸ ’ਤੇ ਮੈਂ ਉੱਚੀ-ਉੱਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤੇ ਉਹ ਮੋਟਰਸਾਈਕਲ ’ਤੇ ਫਰਾਰ ਹੋ ਗਏ। ਜ਼ਖ਼ਮੀ ਹਾਲਤ ’ਚ ਉਹ ਆਪਣੇ ਬੇਟੇ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਵੱਲਾ ਵਿਖੇ ਲੈ ਗਏ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਮ੍ਰਿਤਕ ਜੁਗਰਾਜ ਦੀ ਮਾਤਾ ਨੇ ਦੱਸਿਆ ਕਿ ਇਹ ਘਟਨਾ ਗੁਰਦੁਆਰਾ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਸਾਹਮਣੇ ਬਾਜ਼ਾਰ ’ਚ ਵਾਪਰੀ ਹੈ। ਇਹ ਘਟਨਾ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਚੁੱਕੀ ਹੈ ਅਤੇ ਮੇਰੇ ਨੌਜਵਾਨ ਪੁੱਤ ਨੂੰ ਮੇਰੇ ਸਾਹਮਣੇ ਹੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ । ਇਸ ਸਬੰਧੀ ਥਾਣਾ ਮਹਿਤਾ ਦੇ ਐਸਐਚ ਓ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ ਹੈ ।

## ਭਤੀਜੀ ਨਾਲ ਦਰਿੰਦਗੀ ’ਤੇ ਚਾਚੇ ਨੂੰ 2 ਸਾਲ ਬਾਅਦ ਮਿਲੀ 25 ਸਾਲ ਦੀ ਕੈਦ

**ਕੌਮੀ ਪਤ੍ਰਿਕਾ**

ਵੈੱਬ ਡੈਸਕ 12 ਜੁਲਾਈ: ਹਿਮਾਚਲ ਪ੍ਰਦੇਸ਼ ਦੇ ਊਨਾ ’ਚ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੇ ਬਲਾਤਕਾਰ ਦੇ ਮਾਮਲੇ ਵਿੱਚ, ਅਦਾਲਤ ਨੇ ਸਖ਼ਤ ਫੈਸਲਾ ਸੁਣਾਇਆ ਹੈ। ਇੱਥੇ ਇੱਕ ਵਿਅਕਤੀ ਨੂੰ ਆਪਣੀ 13 ਸਾਲਾ ਭਤੀਜੀ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ 25 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਪੀੜਤਾ ਨੂੰ ਧਮਕੀ ਦੇਣ ਦੇ ਦੋਸ਼ੀ ਨੂੰ ਇੱਕ ਸਾਲ ਦੀ ਵਾਧੂ ਸਜ਼ਾ ਅਤੇ 55,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਜੁਰਮਾਨਾ ਨਾ ਦੇਣ ’ਤੇ ਇੱਕ ਮਹੀਨੇ ਦੀ ਵਾਧੂ ਕੈਦ ਦੀ ਵਿਵਸਥਾ ਵੀ ਕੀਤੀ ਗਈ ਹੈ। ਜਾਣਕਾਰੀ ਅਨੁਸਾਰ, ਇਹ ਘਟਨਾ ਨਵੰਬਰ 2023 ਦੀ ਹੈ। ਊਨਾ ਜ਼ਿਲ੍ਹੇ ਦੀ ਰਹਿਣ ਵਾਲੀ 13 ਸਾਲਾ ਲੜਕੀ ਦੀ ਮਾਂ ਦਾ ਦੇਹਾਂਤ ਹੋ ਗਿਆ ਸੀ। ਇਸ ਤੋਂ ਬਾਅਦ ਉਹ ਆਪਣੇ ਪਿਤਾ ਅਤੇ ਚਾਚੇ ਨਾਲ ਰਹਿ ਰਹੀ ਸੀ। ਲੜਕੀ ਦਾ ਪਿਤਾ ਹਲਵਾਈ ਦਾ ਕੰਮ ਕਰਦਾ ਹੈ ਅਤੇ ਅਕਸਰ ਰੁੱਝਿਆ ਰਹਿੰਦਾ ਹੈ। ਲੜਕੀ ਦੇ ਚਾਚਾ ਕੇਵਲ ਕ੍ਰਿਸ਼ਨ (43), ਜੋ ਕਿ ਪੇਸ਼ੇ ਤੋਂ ਪਲੰਬਰ ਹੈ, ਨੇ ਇਸਦਾ ਫਾਇਦਾ ਉਠਾਇਆ। ਦੋਸ਼ੀ ਚਾਚਾ ਘਰ ’ਚ ਇਕੱਲੀ ਕੁੜੀ ਨੂੰ ਕਈ ਵਾਰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਰਿਹਾ। ਇੰਨਾ ਹੀ ਨਹੀਂ, ਉਸਨੇ ਕੁੜੀ



ਨੂੰ ਇਸ ਬਾਰੇ ਕਿਸੇ ਨੂੰ ਦੱਸਣ ’ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਪੀੜਤ ਕੁੜੀ ਨੇ ਇਸ ਜ਼ੁਲਮ ਨੂੰ ਲੰਬੇ ਸਮੇਂ ਤੱਕ ਸਹਿਣ ਕੀਤਾ, ਪਰ ਜਦੋਂ ਦਰਦ ਅਸਹਿ ਹੋ ਗਿਆ ਤਾਂ ਉਸਨੇ ਆਪਣੀ ਮੁਸੀਬਤ ਆਪਣੇ ਗੁਆਂਢ ਵਿੱਚ ਰਹਿਣ ਵਾਲੀ ਆਪਣੀ ਚਾਚੀ ਨੂੰ ਦੱਸੀ। ਚਾਚੀ ਤੁਰੰਤ ਕੁੜੀ ਨੂੰ ਲੈ ਕੇ ਮਹਿਲਾ ਥਾਣੇ ਪਹੁੰਚ ਗਈ। ਉੱਥੇ, ਉਸਦੀ ਸ਼ਿਕਾਇਤ ਦੇ ਆਧਾਰ ’ਤੇ, ਪੁਲਸ ਨੇ ਦੋਸ਼ੀ ਚਾਚਾ ਕੇਵਲ ਕ੍ਰਿਸ਼ਨਾ ਵਿਰੁੱਧ ਭਾਰਤੀ ਦੰਡ ਸੰਹਿਤਾ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ। ਇਸ ਤੋਂ ਬਾਅਦ, ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ। ਇਸਤਗਾਸਾ ਪੱਖ ਦੇ ਅਨੁਸਾਰ, ਇਹ ਮਾਮਲਾ ਅਦਾਲਤ ’ਚ ਲਗਭਗ ਦੋ ਸਾਲ ਚੱਲਿਆ। ਇਸ ਦੌਰਾਨ, ਪੁਲਸ ਨੇ ਕਈ ਸਬੂਤ ਅਤੇ ਗਵਾਹ ਪੇਸ਼ ਕੀਤੇ, ਜਿਸ ਦੇ ਆਧਾਰ ’ਤੇ ਅਦਾਲਤ ਨੇ ਦੋਸ਼ੀ ਕੇਵਲ ਕ੍ਰਿਸ਼ਨਾ ਨੂੰ ਉਸਦੀ ਭਤੀਜੀ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ। ਇਸ ਤੋਂ ਬਾਅਦ, ਅਦਾਲਤ ਨੇ ਸਜ਼ਾ ਦਾ ਐਲਾਨ ਕੀਤਾ। ਅਪਰਾਧ ਦੀ ਗੰਭੀਰਤਾ ਨੂੰ ਦੇਖਦੇ ਹੋਏ, ਅਦਾਲਤ ਨੇ ਦੋਸ਼ੀ ਨੂੰ 25 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ, ਜਦੋਂ ਕਿ ਅਜਿਹੇ ਮਾਮਲਿਆਂ ਵਿੱਚ ਵੱਧ ਤੋਂ ਵੱਧ ਸਜ਼ਾ ਆਮ ਤੌਰ ’ਤੇ 20 ਸਾਲ ਤੱਕ ਹੁੰਦੀ ਹੈ।

## ਝਾਮਪੁਰ ਦੇ ਨੌਜਵਾਨ ਦਾ ਮਲੋਆ ’ਚ ਕਤਲ, ਮਾਮਲਾ ਦਰਜ

ਚੰਡੀਗੜ੍ਹ 12 ਜੁਲਾਈ: ਸਕੂਟਰ ਠੀਕ ਕਰਵਾਉਣ ਆਏ ਝਾਮਪੁਰ ਦੇ ਨੌਜਵਾਨ ਨੂੰ ਮਲੋਆ ’ਚ ਚਾਕੂਆਂ ਨਾਲ ਵਾਰ ਕਰਕੇ ਹਮਲਾਵਰ ਫ਼ਰਾਰ ਹੋ ਗਏ, ਜਿਸ ਨਾਲ ਉਹ ਲਹੂ-ਲੁਹਾਨ ਹੋ ਗਿਆ। ਪੁਲਸ ਜ਼ਖਮੀ ਨੂੰ ਸੈਕਟਰ-16 ਜਨਰਲ ਹਸਪਤਾਲ ਲੈ ਗਈ। ਜਿੱਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਝਾਮਪੁਰ ਵਾਸੀ ਦੇਵਾ ਵੱਜੋਂ ਹੋਈ। ਮਲੋਆ ਥਾਣਾ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਲਿਆ। ਜਾਂਚ ਤੋਂ ਪਤਾ ਲੱਗਾ ਕਿ ਦੇਵਾ ਦੇ ਕਤਲ ਪਿੱਛੇ ਰੰਜਿਸ਼ ਸੀ। ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਮੋਹਾਲੀ ਦੇ ਝਾਮਪੁਰ ਦਾ ਵਾਸੀ ਦੇਵਾ ਸੋਮਵਾਰ ਸ਼ਾਮ ਨੂੰ ਸਕੂਟਰ ਠੀਕ ਕਰਵਾਉਣ ਲਈ ਬਾਰਡਰ ’ਤੇ ਲੱਗਦੇ ਮਲੋਆ ਆਇਆ ਸੀ। ਦੇਵਾ ਦੁਕਾਨ ਕੋਲ ਖੜ੍ਹਾ ਸੀ ਕਿ ਇੰਨੀ ਦੇਰ ’ਚ ਨੌਜਵਾਨ ਆਏ ਅਤੇ ਦੇਵਾ ਨੂੰ ਫੜ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਨੇ ਵਿਰੋਧ ਕੀਤਾ ਤਾਂ ਇਕ ਨੇ ਚਾਕੂ ਕੱਢ ਕੇ ਦੇਵਾ ਨੂੰ ਮਾਰ ਦਿੱਤਾ। ਹਮਲਾਵਰ ਨੌਜਵਾਨਾਂ ਨੇ ਉਸ ’ਤੇ ਕਈ ਵਾਰ ਕੀਤੇ ਅਤੇ ਲਹੂ-ਲੁਹਾਨ ਕਰਕੇ ਫ਼ਰਾਰ ਹੋ ਗਏ। ਲੋਕਾਂ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ ’ਤੇ ਪਹੁੰਚ ਕੇ ਜ਼ਖ਼ਮੀ ਨੂੰ ਹਸਪਤਾਲ ਦਾਖਲ ਕਰਵਾਇਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਾਮਲੇ ਦੀ ਸੂਚਨਾ ਮਿਲਦੇ ਹੀ ਮਲੋਆ ਥਾਣਾ ਇੰਚਾਰਜ ਜਸਬੀਰ ਪੁਲਸ ਟੀਮ ਨਾਲ ਮੌਕੇ ’ਤੇ ਪਹੁੰਚ ਗਏ। ਜਾਂਚ ਲਈ ਫੋਰੈਂਸਿਕ ਟੀਮ ਨੂੰ ਬੁਲਾਇਆ। ਫੋਰੈਂਸਿਕ ਟੀਮ ਨੇ ਮੌਕੇ ’ਤੇ ਡਿੱਗੇ ਖੂਨ ਦੇ ਨਮੂਨੇ ਲਏ। ਪੁਲਸ ਜਾਂਚ ’ਚ ਸਾਹਮਣੇ ਆਇਆ ਕਿ ਕਤਲ ਕਰਨ ਵਾਲੇ ਨੌਜਵਾਨ ਅਤੇ ਦੇਵਾ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਕੁੱਟਮਾਰ ਹੋਈ ਸੀ।

## ਦੀਨਾਨਗਰ ’ਚ ਚੋਰਾਂ ਦਾ ਕਹਿਰ: ਮਗਰਾਲਾ ਰੋਡ ’ਤੇ ਅੱਧੀ ਦਰਜਨ ਤੋਂ ਵੱਧ ਦੁਕਾਨਾਂ ’ਤੇ ਚੋਰੀ

ਦੀਨਾਨਗਰ 12 ਜੁਲਾਈ: ਬੀਤੀ ਰਾਤ ਦੀਨਾਨਗਰ ਦੇ ਮਗਰਾਲਾ ਰੋਡ ’ਤੇ ਚੋਰਾਂ ਵਲੋਂ ਅੱਧੀ ਦਰਜਨ ਤੋਂ ਵੱਧ ਦੁਕਾਨਾਂ ਦੇ ਤਾਲੇ ਤੋੜ ਕੇ ਚੋਰੀ ਕੀਤੀ ਗਈ। ਚੋਰੀ ਕਾਰਨ ਦੁਕਾਨਦਾਰਾਂ ’ਚ ਡਰ ਦਾ ਮਾਹੌਲ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੈਂਟਿਸਟ ਚਰਨਜੀਤ ਨੇ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਆਪਣਾ ਕਲੀਨਿਕ ਰਾਤ ਨੂੰ ਬੰਦ ਕਰਕੇ ਗਏ ਸਨ। ਜਦੋਂ ਉਹ ਸਵੇਰੇ ਆਏ ਤਾਂ ਉਨ੍ਹਾਂ ਨੇ ਵੇਖਿਆ ਕਿ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ ਅਤੇ ਸਾਮਾਨ ਖਿਲਰਿਆ ਹੋਇਆ ਸੀ। ਉਨ੍ਹਾਂ ਆਪਣੇ ਗੱਲੇ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਗੱਲੇ ’ਚੋਂ ਲਗਭਗ 500 ਰੁਪਏ ਚੋਰੀ ਕਰ ਲਏ ਗਏ ਹਨ। ਇਨ੍ਹਾਂ ਦੇ ਨਾਲ ਵਾਲੀ ਬੰਟੀ ਸਲੂਨ ਦੀ ਦੁਕਾਨ ਦੇ ਵੀ ਤਾਲੇ ਤੋੜੇ ਗਏ ਅਤੇ ਅੰਦਰ ਖੜ੍ਹਾ ਮੋਟਰਸਾਈਕਲ ਚੋਰੀ ਕਰ ਲਿਆ ਗਿਆ। ਜਦੋਂ ਚੋਰਾਂ ਨੇ ਥੋੜ੍ਹੀ ਅੱਗੇ ਜਾ ਕੇ ਮੋਟਰਸਾਈਕਲ ਸਟਾਰਟ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੋਟਰਸਾਈਕਲ ਸਟਾਰਟ ਨਹੀਂ ਹੋਇਆ ਤਾਂ ਉਨ੍ਹਾਂ ਨੇ ਸੜਕ ਕਿਨਾਰੇ ਝਾੜੀਆਂ ’ਚ ਸੁੱਟ ਦਿੱਤਾ ਅਤੇ ਫਰਾਰ ਹੋ ਗਏ। ਇਸੇ ਰੋਡ ’ਤੇ ਇਕ ਹੋਰ ਸੋਨੂ ਸਲੂਨ ਵਾਲੀ ਦੀ ਦੁਕਾਨ ’ਚੋਂ ਚੋਰ ਗੱਲੇ ’ਚ ਪਏ 5 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਏ। ਸੋਨੂ ਨੇ ਦੱਸਿਆ ਕਿ ਇਹ ਪੈਸੇ ਉਨ੍ਹਾਂ ਨੇ ਆਪਣੀ ਬੇਟੀ ਦੀ ਫੀਸ ਵਾਸਤੇ ਰੱਖੇ ਹੋਏ ਸਨ। ਮਨਿਆਰੀ ਦੀ ਦੁਕਾਨ ਦੇ ਮਾਲਕ ਬਲਦੇਵ ਰਾਜ ਨੇ ਦੱਸਿਆ ਕਿ ਉਨ੍ਹਾਂ ਦੇ ਵੀ ਤਾਲੇ ਤੋੜ ਕੇ ਚੋਰ 2,500 ਰੁਪਏ ਚੋਰੀ ਕਰ ਲੈ ਗਏ ਅਤੇ ਦੁਕਾਨ ਵਿਚ ਲੱਗੇ ਫਰਿੱਜ ’ਚੋਂ ਕੁਝ ਖਾਣ-ਪੀਣ ਵਾਲਾ ਸਾਮਾਨ ਵੀ ਲੈ ਗਏ। ਚੋਰਾਂ ਵਲੋਂ ਸੋਢੀ ਇਲੈਕਟ?ਰੀਸ਼ਨ ਦੀ ਦੁਕਾਨ, ਸਤਨਾਮ ਡੇਹਰੀ, ਹੰਸ ਰਾਜ ਦੀ ਦੁਕਾਨ ਅਤੇ ਡੈਂਟਿਸਟ ਨੇਹਾ ਕਰਲੂਪੀਆ ਦੀ ਦੁਕਾਨ ਦੇ ਵੀ ਤਾਲੇ ਤੋੜੇ ਗਏ, ਪਰ ਇਨ੍ਹਾਂ ਦੁਕਾਨਾਂ ’ਚੋਂ ਕੁਝ ਵੀ ਚੋਰੀ ਨਹੀਂ ਕੀਤਾ ਗਿਆ। ਚੋਰਾਂ ਦੀ ਤਸਵੀਰ ਸੀ.ਸੀ.ਟੀ.ਵੀ. ਕੈਮਰੇ ਵਿੱਚ ਕੈਦ ਹੋ ਗਈ ਹੈ

## ਅੰਮ੍ਰਿਤਸਰ ’ਚ ਰਾਜਾ ਵੜਿੰਗ ਨੇ ਕਾਂਗਰਸੀ ਵਰਕਰਾਂ ਨਾਲ ਕੀਤੀ ਮੀਟਿੰਗ, ਸੰਗਠਨ ਨੂੰ ਮਜ਼ਬੂਤ ਬਣਾਉਣ ਦਾ ਐਲਾਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 12 ਜੁਲਾਈ: ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅੱਜ ਅੰਮ੍ਰਿਤਸਰ ਦੇ ਕਾਂਗਰਸੀ ਦਿਹਾਤੀ ਦਫਤਰ ਪਹੁੰਚੇ ਜਿੱਥੇ ਉਨ੍ਹਾਂ ਨੇ ਕੌਂਸਲਰਾਂ, ਵਰਕਰਾਂ ਅਤੇ ਸਥਾਨਕ ਆਗੂਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਤਿੰਨ ਮੁੱਖ ਮੁਹਿੰਮਾਂ ’ਤੇ ਕੰਮ ਸ਼ੁਰੂ ਕਰ ਦਿੱਤਾ ਹੈ, ਜਿਸ ’ਚ ਜੁੜੇਗਾ ਬਲਾਕ, ਜਿੱਤੇਗੀ ਕਾਂਗਰਸ, ਨੀਵੇਂ ਪੱਧਰ ਤੋਂ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਅਤੇ ਸੰਵਿਧਾਨ ਬਚਾਓ ਰੈਲੀਆਂ, ਲੋਕਤੰਤਰਿਕ ਮੁੱਲਾਂ ਦੀ ਰਖਿਆ ਲਈ ਅਤੇ ਸੰਗਠਨ ਦੀ ਮੁਕੰਮਲ ਬਣਤਰ, ਰਾਹੁਲ ਗਾਂਧੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਮੰਡਲ, ਬਲਾਕ ਅਤੇ ਜ਼ਿਲ੍ਹਾ ਪੱਧਰ ’ਤੇ ਕੰਮ ਕਰਨਾ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਮੀਟਿੰਗ ਖਰੜ ਵਿਖੇ ਹੋਈ ਸੀ ਅਤੇ ਹੁਣ ਅੰਮ੍ਰਿਤਸਰ ਸੈਂਟਰਲ ਹਲਕੇ ਦੀ ਮੀਟਿੰਗ ਵਿਕਾਸ ਸੋਨੀ ਦੀ ਅਗਵਾਈ ਹੇਠ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਅਰਪਤਾ ਅਜਨਾਲਾ ਅਤੇ ਹੋਰ ਨੇਤਾਵਾਂ ਨੇ ਵੀ ਇਸ ਵਿੱਚ ਹਿੱਸਾ ਲਿਆ। ਅਗਲੇ ਦਿਨਾਂ



ਵਿੱਚ ਹੋਰ ਜ਼ਿਲ੍ਹਿਆਂ ਦੀਆਂ ਮੀਟਿੰਗਾਂ ਵੀ ਕਰਵਾਈਆਂ ਜਾਣਗੀਆਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਰਾਜਾ ਵੜਿੰਗ ਨੇ ਕਿਹਾ ਕਿ ਅੰਮ੍ਰਿਤਸਰ ਹੀ ਨਹੀਂ, ਪੂਰੇ ਪੰਜਾਬ ’ਚ ਆਮ ਆਦਮੀ ਪਾਰਟੀ ਦੀ ਸਰਕਾਰ ਗੈਰਕਾਨੂੰਨੀ ਤਰੀਕਿਆਂ ਨਾਲ ਚੋਣਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਉਨ੍ਹਾਂ ਕਿਹਾ, “ਫਗਵਾੜਾ, ਪਟਿਆਲਾ, ਜਲੰਧਰ - ਹਰ ਜਗ?ਹਾ ਧੱਕੇ ਨਾਲ ਚੋਣਾਂ ਲੁੱਟੀਆਂ ਗਈਆਂ। ਇਹ ਧੱਕੇਸ਼ਾਹੀ ਮੁੱਖ ਮੰਤਰੀ, ਕੈਬਨਿਟ ਮੈਂਬਰਾਂ, ਪੁਲਸ ਅਤੇ ਪਾਰਟੀ ਦੇ ਨਿੱਜੀ ਸਿਸਟਮ ਰਾਹੀਂ ਕੀਤੀ ਗਈ।” ਉਨ੍ਹਾਂ ਨੇ ਵੱਡੇ ਤੌਰ ’ਤੇ ਇਹ ਸੰਦੇਸ਼ ਦਿੱਤਾ ਕਿ ਕੁਰਸੀ ’ਤੇ ਬੈਠੇ ਹੋਏ ਨੇਤਾ ਨੂੰ ਆਪਣੀ ਪੋਜ਼ੀਸ਼ਨ ਦਾ ਨਾਜਾਇਜ਼ ਵਰਤੋਂ ਨਹੀਂ ਕਰਨੀ ਚਾਹੀਦੀ। ਰਾਜਾ ਵੜਿੰਗ ਕਹਿੰਦੇ ਹਨ ਕਿ ਅਸੀਂ ਅਜਿਹਾ ਵਿਅਕਤੀ ਬਣੀਏ ਕਿ ਜਦੋਂ ਅਸੀਂ ਅਹੁਦੇ ਤੋਂ ਹਟੀਏ, ਤਾਂ ਲੋਕ ਕਹਿਣ-ਇਹ ਬੰਦਾ ਸੱਚਮੁੱਚ ਕਾਬਿਲ ਸੀ। ਆਮ ਆਦਮੀ ਪਾਰਟੀ ’ਚ ਸ਼ਾਮਲ ਹੋਏ ਸਾਬਕਾ ਆਈਪੀਐੱਸ ਅਤੇ ਸਿਆਸੀ ਆਗੂ ਕੁਵਰ ਵਿਜੇ ਪ੍ਰਤਾਪ ਸਿੰਘ ਬਾਰੇ ਪੁੱਛੇ ਗਏ ਸਵਾਲ ਉੱਤੇ, ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਨਿੱਜੀ ਫੈਸਲਾ ਲਿਆ। ਉਹ ਕਾਂਗਰਸ ਵਿੱਚ ਵੀ ਆ ਸਕਦੇ ਸਨ, ਪਰ ਉਨ੍ਹਾਂ ਨੇ ਆਮ ਆਦਮੀ ਪਾਰਟੀ ’ਚ ਜਾਣ ਦੀ ਚੋਣ ਕੀਤੀ। ਕਈ ਵਾਰੀ ਨਿੱਜੀ ਫੈਸਲੇ ਸਹੀ ਹੁੰਦੇ ਨੇ, ਕਈ ਵਾਰੀ ਗਲਤ, ਇਹ ਸਮਾਂ ਦੱਸੇਗਾ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 127.91 ਕਰੋੜ ਦੇ ਜਾਅਲੀ ਜੀ. ਐੱਸ. ਟੀ. ਬਿਲਿੰਗ ਘੁਟਾਲੇ 'ਚ 3 ਮੁੱਖ ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਲੁਧਿਆਣਾ 12 ਜੁਲਾਈ। ਕੇਂਦਰੀ ਜੀ. ਐੱਸ. ਟੀ. ਕਮਿਸ਼ਨਰੇਟ ਲੁਧਿਆਣਾ ਨੇ ਜੀ. ਐੱਸ. ਟੀ. ਧੋਖਾਧੇਹੀ 'ਤੇ ਕਾਰਵਾਈ ਕਰਦੇ ਹੋਏ 127.91 ਕਰੋੜ ਰੁਪਏ ਦੇ ਜਾਅਲੀ ਬਿਲਿੰਗ ਨਾਲ ਸਬੰਧਤ ਇਕ ਵੱਡੇ ਮਾਮਲੇ ਦਾ ਪਰਦਾਫਾਸ਼ ਕੀਤਾ ਹੈ। ਮਾਮਲੇ ਦੇ ਵੇਰਵੇ ਦਿੰਦੇ ਹੋਏ ਅਧਿਕਾਰੀਆਂ ਨੇ ਕਿਹਾ ਕਿ 4 ਜੂਨ ਨੂੰ ਰਜਤ ਵਾਸਨ (32) ਦੀ ਪਹਿਲੀ ਕੀਤੀ ਗਈ ਗ੍ਰਿਫਤਾਰੀ ਤੋਂ ਬਾਅਦ ਲੁਧਿਆਣਾ ਸੀ. ਜੀ. ਐੱਸ. ਟੀ. ਦੀ ਚੋਰੀ ਰੋਕੂ ਵਿੰਗ ਨੇ ਹੁਣ 3 ਜੁਲਾਈ ਨੂੰ ਇਕ ਦਿਨ ਦੀ ਕਾਰਵਾਈ 'ਚ ਤਿੰਨ ਹੋਰ ਮੁਲਜ਼ਮਾਂ ਛੇ ਫਰਮਾਂ ਦੇ ਮਾਲਕਾਂ ਅਤੇ ਸੰਚਾਲਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਰਜਤ ਵਾਸਨ ਮੈਸਰਜ਼ ਨਈ ਵਾਸਨ ਇਲੈਕਟ੍ਰਿਕ ਕੰਪਨੀ ਅਤੇ ਮੈਸਰਜ਼ ਸ਼ਿਵਾ ਐਂਟਰਪ੍ਰਾਈਜ਼ਿਜ਼ ਦੇ ਮਾਲਕ ਅਤੇ ਸੰਚਾਲਕ ਸਨ, ਦੀਪਕ ਗੋਇਲ ਮੈਸਰਜ਼ ਗੋਇਲ ਇਲੈਕਟ੍ਰਿਕ ਕੰਪਨੀ ਦੇ ਮਾਲਕ ਸਨ, ਦੀਪਕ ਸ਼ਰਮਾ ਮੈਸਰਜ਼ ਸੱਤਯਮ ਇਲੈਕਟ?ਰੋ ਟ?ਰੇਡਰਜ਼ ਦੇ ਮਾਲਕ ਸਨ, ਜਦੋਂ ਕਿ ਦੀਪਾਂਸ਼ੂ ਆਨੰਦ ਮੈਸਰਜ਼ ਗੌਰੀ ਸ਼ੰਕਰ ਮੈਟਲ ਇੰਡਸਟਰੀਜ਼ ਅਤੇ ਮੈਸਰਜ਼ ਸ਼ਿਵਾਂਸ਼ ਐਂਟਰਪ੍ਰਾਈਜ਼ਿਜ਼ ਦੇ ਮਾਲਕ ਅਤੇ ਸੰਚਾਲਕ ਸਨ। ਜਾਣਕਾਰੀ ਅਨੁਸਾਰ ਇਨ੍ਹਾਂ ਫਰਮਾਂ ਰਾਹੀਂ ਜਾਅਲੀ ਇਨਪੁੱਟ ਟੈਕਸ ਕ੍ਰੈਡਿਟ (ਆਈ. ਟੀ. ਸੀ.) ਪ੍ਰਾਪਤ ਕੀਤਾ ਜਾ ਰਿਹਾ ਸੀ। ਇਨ੍ਹਾਂ ਵਿਅਕਤੀਆਂ ਨੇ ਛੇ ਜਾਅਲੀ ਫਰਮਾਂ ਰਾਹੀਂ ਸਾਮਾਨ ਦੀ ਅਸਲ ਸਪਲਾਈ ਤੋਂ ਬਿਨਾਂ ਜਾਅਲੀ ਬਿੱਲ ਜਾਰੀ ਕਰਨ ਦੀ ਇਕ ਯੋਜਨਾ ਬਣਾਈ। ਇਸ ਘਪਲੇ ਨੇ ਲੱਗਭਗ 22.99 ਕਰੋੜ ਰੁਪਏ ਦੇ ਜਾਅਲੀ ਆਈ. ਟੀ. ਸੀ. ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਸ ਕਰਨ ਅਤੇ ਵਰਤਣ 'ਚ ਮਦਦ ਕੀਤੀ, ਜਿਸ ਨਾਲ ਸਰਕਾਰ ਨੂੰ ਭਾਰੀ ਮਾਲੀਆ ਨੁਕਸਾਨ ਹੋਇਆ। ਇਹ ਕਾਰਵਾਈ ਟੈਕਸ ਚੋਰੀ ਦਾ ਮੁਕਾਬਲਾ ਕਰਨ ਅਤੇ ਜਨਤਕ ਮਾਲੀਏ ਦੀ ਰੱਖਿਆ ਲਈ ਸੀ. ਜੀ. ਐੱਸ. ਟੀ. ਵਿਭਾਗ ਦੀ ਅਟੱਲ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਇਸ ਘਪਲੇ 'ਚ ਸ਼ਾਮਲ ਪੂਰੇ ਨੈੱਟਵਰਕ ਨੂੰ ਖਤਮ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।




# ਵਿਸ਼ਵ ਪੇਪਰ ਬੈਗ ਦਿਵਸ 'ਤੇ ਵਿਸ਼ੇਸ਼

**ਕੌਮੀ ਪਤ੍ਰਿਕਾ**

ਪਲਾਸਟਿਕ ਦੀ ਵਧ ਰਹੀ ਵਰਤੋਂ ਨੂੰ ਰੋਕਣ ਲਈ ਪੂਰੀ ਦੁਨੀਆ ਵਿੱਚ 12 ਜੁਲਾਈ ਦਾ ਦਿਨ ਪੇਪਰ ਬੈਗ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਪੇਪਰ ਬੈਗ ਦੇ ਲਾਭਾਂ ਸੰਬੰਧੀ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਇਸ ਮੌਕੇ ਲੋਕਾਂ ਨੂੰ ਪਲਾਸਟਿਕ ਦੀ ਵਰਤੋਂ ਕਰਨ ਨਾਲ ਹੁੰਦੇ ਪ੍ਰਦੂਸ਼ਣ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪੇਪਰ ਬੈਗ ਦੀ ਵਰਤੋਂ ਕਰਕੇ ਅਸੀਂ ਕਾਫੀ ਹੱਦ ਤੱਕ ਮਨੁੱਖਾਂ ਤੇ ਜਾਨਵਰਾਂ ਦੀ ਸੁਰੱਖਿਆ ਦੇ ਨਾਲ-ਨਾਲ ਵਾਤਾਵਰਨ ਦੀ ਸਾਂਭ-ਸੰਭਾਲ ਵੀ ਕਰ ਸਕਦੇ ਹਾਂ। ਪੇਪਰ ਬੈਗ ਜਾਂ ਕਾਗਜ਼ੀ ਥੈਲਿਆਂ ਦਾ ਇਤਿਹਾਸ ਕਾਫ਼ੀ ਪੁਰਾਣਾ ਹੈ। 1852 ਵਿੱਚ ਅਮਰੀਕੀ ਖੋਜਕਾਰ ਫਰਾਂਸਿਸ ਵੋਲੇ ਨੇ ਪਹਿਲੀ ਵਾਰ ਕਾਗਜ਼ੀ ਬੈਗ ਬਣਾਉਣ ਵਾਲੀ ਮਸ਼ੀਨ ਬਣਾਈ ਸੀ। ਇਸ ਤੋਂ ਬਾਅਦ 1871 ਵਿੱਚ ਮਾਰਗਰੇਟ ਈ ਨਾਈਟ ਨੇ ਬੈਗ ਬਣਾਉਣ ਲਈ ਇੱਕ ਹੋਰ ਮਸ਼ੀਨ ਬਣਾਈ। ਫਿਰ 1883 ਅਤੇ 1912 ਵਿੱਚ ਚਾਰਲਸ ਸਟੀਲਵੈਲ ਅਤੇ ਵਾਲਟਰ ਡੂਬਨਰ ਨੇ ਖੂਬਸੂਰਤ ਡਿਜ਼ਾਈਨਾਂ ਵਾਲੇ ਕਾਗਜ਼ੀ ਬੈਗ ਤਿਆਰ ਕੀਤੇ। ਪਲਾਸਟਿਕ ਦੇ ਥੈਲੇ ਸਾਡੇ ਵਾਤਾਵਰਣ ਲਈ ਇੱਕ ਗੰਭੀਰ ਖ਼ਤਰਾ ਹਨ ਕਿਉਂਕਿ ਇਹਨਾਂ ਨੂੰ ਗਲਣ/ਸੜਨ ਵਿੱਚ ਸੈਂਕੜੇ ਸਾਲ ਲੱਗ ਜਾਂਦੇ ਹਨ। ਇਹ ਸਮੁੰਦਰੀ ਜੀਵਨ, ਜੰਗਲੀ ਜੀਵਾਂ ਅਤੇ ਸਮੁੱਚੇ ਵਾਤਾਵਰਣ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਦਕਿ ਇਸ ਦੇ ਮੁਕਾਬਲੇ ਪੇਪਰ ਬੈਗ ਵਾਤਾਵਰਣ ਲਈ ਵਧੇਰੇ ਸੁਰੱਖਿਅਤ ਹਨ। ਜਿੱਥੋਂ ਤੱਕ ਕਾਗਜ਼ੀ ਥੈਲਿਆਂ ਦੇ ਫਾਇਦੇ ਦਾ ਸਵਾਲ ਹੈ ਤਾਂ ਇਹ ਨਵਿਆਉਣਯੋਗ ਸਰੋਤਾਂ ਰਾਹੀਂ ਬਣਾਏ ਗਏ ਹੁੰਦੇ ਹਨ ਅਤੇ ਇਹਨਾਂ ਦਾ ਨਿਪਟਾਰਾ ਆਸਾਨੀ ਨਾਲ ਹੋ ਜਾਂਦਾ ਹੈ। ਇਸ ਨਾਲ ਪਲਾਸਟਿਕ ਦੇ ਮੁਕਾਬਲੇ ਘੱਟ ਪ੍ਰਦੂਸ਼ਣ ਪੈਦਾ ਹੁੰਦਾ ਹੈ। ਇਹਨਾਂ ਨੂੰ ਆਸਾਨੀ ਨਾਲ ਰੀਸਾਈਕਲ ਕੀਤਾ ਜਾ ਸਕਦਾ ਹੈ ਅਤੇ ਨਵੇਂ ਕਾਗਜ਼ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਕਾਗਜ਼ੀ ਬੈਗ ਪਲਾਸਟਿਕ ਦੇ ਥੈਲਿਆਂ ਦਾ ਇੱਕ ਵਧੀਆ ਬਦਲ ਹਨ। ਕਾਗਜ਼ ਦੇ ਬੈਗ ਬਣਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਵਰਕਸ਼ਾਪਾਂ ਅਤੇ ਸੈਮੀਨਾਰ ਲਗਾਉਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਖਰੀਦਦਾਰੀ ਕਰਨ ਸਮੇਂ ਪਲਾਸਟਿਕ ਬੈਗ ਦੀ ਵਰਤੋਂ ਕਰਨ ਦੀ ਥਾਂ ਆਪਣੇ ਕਾਗਜ਼ੀ ਥੈਲਿਆਂ ਦੀ ਵਰਤੋਂ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਲੋਕਾਂ ਨੂੰ ਕਾਗਜ਼ ਦੇ ਬੈਗ ਹੱਥੀ ਤਿਆਰ ਕਰਨ ਦੀ ਸਿਖਲਾਈ ਵੀ ਦੇਣੀ ਚਾਹੀਦੀ ਹੈ। ਪੰਜਾਬ ਵਿੱਚ ਕਾਗਜ਼ੀ ਬੈਗਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੇ ਪਲਾਸਟਿਕ ਥੈਗਾਂ 'ਤੇ ਪਾਬੰਦੀ ਲਗਾਈ ਹੋਈ ਹੈ ਅਤੇ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਜੁਰਮਾਨੇ ਵੀ ਕੀਤੇ ਜਾ ਰਹੇ ਹਨ। ਸਮੇਂ-ਸਮੇਂ 'ਤੇ ਨਗਰ ਨਿਗਮਾਂ, ਨਗਰ ਕੌਂਸਲਾਂ, ਨਗਰ ਪੰਚਾਇਤਾਂ, ਗ੍ਰਾਮ ਪੰਚਾਇਤਾਂ, ਵਿੱਦਅਕ ਸੰਸਥਾਵਾਂ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਕਾਗਜ਼ੀ ਥੈਲਿਆਂ ਦੀ ਵਰਤੋਂ ਕਰਨ ਸਬੰਧੀ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾਂਦੀ ਹਨ। ਕਾਗਜ਼ੀ ਬੈਗਾਂ ਦੀ ਵਰਤੋਂ ਵਾਤਾਵਰਣ ਦੀ ਸੁਰੱਖਿਆ ਲਈ ਇੱਕ ਸਧਾਰਨ ਪਰ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਮਹੱਤਵਪੂਰਨ ਹੈ ਕਿ ਲੋਕ ਇਹਨਾਂ ਦੇ ਫਾਇਦਿਆਂ ਬਾਰੇ ਜਾਗਰੂਕ ਹੋਣ ਅਤੇ ਰੋਜ਼ਾਨਾ ਜੀਵਨ ਵਿੱਚ ਇਹਨਾਂ ਨੂੰ ਅਪਣਾਉਣ, ਜਿਸ ਨਾਲ ਸਮੁੱਚੇ ਦੇਸ਼ ਅਤੇ ਪੂਰੇ ਵਿਸ਼ਵ ਵਿੱਚ ਸਾਫ਼ ਅਤੇ ਸਵੱਛ ਵਾਤਾਵਰਣ ਬਣਾਇਆ ਜਾ ਸਕੇ।

## ਪਿੰਡ ਢੱਕ ਪੰਡੋਰੀ ਦੀ ਪੰਚਾਇਤ ਨੇ ਪ੍ਰਸ਼ਾਸਨ ਦੀ ਹਾਜਰੀ 'ਚ ਕਬਜਾ ਮੁਕਤ ਕਰਵਾਈ ਤਿੰਨ ਕਨਾਲ ਪੰਚਾਇਤੀ ਜਮੀਨ

ਫਗਵਾੜਾ 12 ਜੁਲਾਈ। ਬਲਾਕ ਫਗਵਾੜਾ ਦੇ ਪਿੰਡ ਢੱਕ ਪੰਡੋਰੀ ਵਿਖੇ ਅੱਜ ਪੰਚਾਇਤ ਵਲੋਂ ਕਰੀਬ ਤਿੰਨ ਕਨਾਲ ਪੰਚਾਇਤੀ ਸ਼ਾਮਲਾਟ ਜਮੀਨ 'ਤੇ ਕਾਫੀ ਸਮੇਂ ਤੋਂ ਹੋਏ ਨਜਾਇਜ ਕਬਜੇ ਨੂੰ ਪੁਲਿਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਹਾਜਰੀ 'ਚ ਛੁਡਵਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਸਰਪੰਚ ਵਿਜੇ ਕੁਮਾਰ ਨੇ ਦੱਸਿਆ ਕਿ ਇਸ ਜਗ?ਹਾ 'ਤੇ ਕਾਫੀ ਸਮੇਂ ਤੋਂ ਲੋਕਾਂ ਨੇ ਨਜਾਇਜ ਕਬਜਾ ਕੀਤਾ ਹੋਇਆ ਸੀ। ਜਿਸ ਬਾਰੇ ਉਹਨਾਂ ਨੇ ਬੀ.ਡੀ.ਪੀ.ਓ. ਫਗਵਾੜਾ, ਡੀ.ਡੀ.ਪੀ.ਓ. ਕਪੂਰਥਲਾ ਅਤੇ ਹੋਰ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਲਿਖਤੀ ਤੌਰ ਤੇ ਸ਼ਿਕਾਇਤ ਕੀਤੀ ਸੀ। ਕਿਉਂਕਿ ਕਬਜਾਧਾਰੀ ਜਮੀਨ ਛੱਡਣ ਨੂੰ ਤਿਆਰ ਨਹੀਂ ਸਨ। ਅੱਜ ਪ੍ਰਸ਼ਾਸਨ ਦੀ ਹਾਜਰੀ ਅਤੇ ਪੁਲਿਸ ਦੇ ਸੁਰੱਖਿਆ ਪ੍ਰਬੰਧਾਂ ਵਿੱਚ ਉਕਤ ਜਮੀਨ ਤੋਂ ਤੂੜੀ ਦੇ ਕੁੱਪ, ਲੋਕਾਂ ਵਲੋਂ ਬੰਨ੍ਹੇ ਡੰਗਰ, ਕੂੜੇ ਦੇ ਢੇਰ ਅਤੇ ਟਰੈਕਟਰਾਂ ਦੇ ਰੱਖੇ ਸੰਦ ਚੁਕਵਾ ਕੇ ਜਮੀਨ ਨੂੰ ਕਬਜਾ ਮੁਕਤ ਕਰਵਾ ਲਿਆ ਗਿਆ ਹੈ। ਸਰਪੰਚ ਵਿਜੇ ਕੁਮਾਰ ਤੋਂ ਇਲਾਵਾ ਪੰਚਾਇਤ ਮੈਂਬਰਾਂ ਸੱਤਪਾਲ, ਬਲਵਿੰਦਰ ਕੁਮਾਰ, ਪ੍ਰੇਮ ਕੁਮਾਰ, ਸੁਰਿੰਦਰ ਕੌਰ ਅਤੇ ਨਿਰਮਲ ਕੌਰ ਨੇ ਦੱਸਿਆ ਕਿ ਨਜਾਇਜ ਕਬਜੇ ਦੇ ਚਲਦਿਆਂ ਪੰਚਾਇਤ ਵਲੋਂ ਸ਼?ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਕਰਵਾਈ ਜਾਣ ਵਾਲੀ ਪਾਰਕ ਦੀ ਉਸਾਰੀ ਦਾ ਕੰਮ ਰੁੱਕਿਆ ਹੋਇਆ ਸੀ। ਉਹਨਾਂ ਦੱਸਿਆ ਕਿ ਜਮੀਨ ਦੇ ਕਬਜਾ ਮੁਕਤ ਹੋਣ ਤੋਂ ਬਾਅਦ ਹੁਣ ਜਲਦੀ ਹੀ ਸਾਂਝੀ ਵਾਲਤਾ ਦੇ ਮਸੀਹਾ ਧੰਨ ਧੰਨ ਸ਼?ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸੁੰਦਰ ਪਾਰਕ ਦੀ ਉਸਾਰੀ ਦਾ ਕੰਮ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਮੁਕੰਮਲ ਕਰ ਲਿਆ ਜਾਵੇਗਾ। ਜਿਸ ਨਾਲ ਬੱਚਿਆਂ ਤੋਂ ਲੈ ਕੇ ਬਜੁਰਗਾਂ ਤੱਕ ਨੂੰ ਬਹੁਤ ਲਾਭ ਹੋਵੇਗਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਮੌਜੂਦ ਰਹੇ ਤਹਿਸੀਲਦਾਰ ਜਸਵਿੰਦਰ ਸਿੰਘ, ਬੀ.ਡੀ.ਪੀ.ਓ. ਰਾਮਪਾਲ ਰਾਣਾ, ਪੰਚਾਇਤ ਸਕੱਤਰ ਮਲਕੀਤ ਚੰਦ, ਸੰਮਤੀ ਪਟਵਾਰੀ ਸੁਰਿੰਦਰ ਕੁਮਾਰ ਨੇ ਕਬਜਾ ਮੁਕਤੀ ਦਾ ਕੰਮ ਸ਼ਾਂਤੀ ਪੂਰਣ ਪੂਰਾ ਹੋਣ ਨੂੰ ਲੈ ਕੇ ਤੱਸਲੀ ਦਾ ਪ੍ਰਗਟਾਵਾ ਕੀਤਾ।

## ਪੰਜਾਬ ਸਰਕਾਰੀ ਅਤੇ ਸਿਹਤ ਵਿਭਾਗ ਦੇ ਇਸ ਪ੍ਰੋਗਰਾਮ ਨੂੰ ਸ.ਫਲ ਬਣਾਉਣ ਵਿੱਚ ਸਮੂਹ ਦ.ਫਤਰ ਇੰਚਾਰਜ ਵੱਲੋ ਪੂਰਨ ਸਹਿਯੋਗ ਦਿੱਤਾ ਗਿਆ

ਲੌਂਗੋਵਾਲ,12 ਜੁਲਾਈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ ਜ਼ਿਲ੍ਹਾ ਬਰਨਾਲਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸੁਨੀਤਇੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ, ਪ੍ਰਿੰਸੀਪਲ ਨਿਦਾ ਅਲਤਾਫ ,ਸਕੂਲ ਮੁੱਖੀ ਜਸਬੀਰ ਕੌਰ ਦੀ ਅਗਵਾਈ ਹੇਠ ਸਵੇਰ ਦੀ ਸਭਾ ਦੌਰਾਨ ਵਿਸ਼ਵ ਜਨਸੰਖਿਆ ਦਿਵਸ ਮਨਾਇਆ ਗਿਆ। ਇਸ ਮੌਕੇ ਤੇ ਮਹੱਤਵਪੂਰਨ ਦਿਨਾਂ ਦੀ ਲੜੀ ਵਿੱਚ ਜਾਣਕਾਰੀ ਦਿੰਦੇ ਹੋਏ ਮਾਸਟਰ ਅਵਨੀਸ਼ ਕੁਮਾਰ ਨੇ ਦੱਸਿਆ ਕਿ 1989 ਵਿੱਚ ਵਿਸ਼ਵ ਜਨਸੰਖਿਆ ਦਿਵਸ ਦੀ ਸ਼ੁਰੂਆਤ ਹੋਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਪਾਸ ਹੋਣ ਤੇ 1990 ਇਹ ਦਿਨ ਮਨਾਇਆ ਜਾਣ ਲੱਗਾ, ਉਹਨਾਂ ਇਸ ਵਾਰ ਦੇ ਥੀਮ ਦੀ ਗੱਲ ਕਰਦੇ ਹੋਏ ਕਿਹਾ ਕਿ ਨੌਜਵਾਨ ਪੀੜੀ ਆਪਣੇ ਪਰਿਵਾਰ ਨੂੰ ਆਪ ਵਧਾਵੇ ਦੇ ਤਹਿਤ ਪ੍ਰਜਨਨ ਨਾ ਹੋਣ ਦੀ ਵਧ ਰਹੀ ਸਮੱਸਿਆ ਸਬੰਧੀ ਧਿਆਨ ਦਵਾਇਆ ਕਿਉਂਕਿ ਨੌਜਵਾਨ ਪੀੜੀ ਵਿੱਚ ਪ੍ਰਜਨਨ ਨਾ ਹੋਣ ਦੀ ਸਮੱਸਿਆ ਵੱਡੇ ਪੱਧਰ ਤੇ ਫੈਲ ਚੁੱਕੀ ਹੈ। ਇਸ ਮੌਕੇ ਤੇ ਉਹਨਾਂ ਭਾਰਤ ਦੀ ਸਥਿਤੀ ਨੂੰ ਜਾਣੋ ਕਰਵਾਉਂਦੇ ਦੱਸਿਆ ਕਿ ਜਨਸੰਖਿਆ ਦੇ ਵਿੱਚ ਅਸੀਂ 1.44 ਕਰੋੜ ਦੇ ਕਰੀਬ ਪਹੁੰਚ ਚੁੱਕੇ ਹਾਂ ਲਗਾਤਾਰ ਵਧ ਰਹੀ ਜਨਸੰਖਿਆ ਮਨੁੱਖੀ ਵਿਕਾਸ ਲਈ ਘਾਤਕ ਹੈ, ਕਿਉਂਕਿ ਇਸ ਨਾਲ ਕੁਦਰਤੀ ਸਾਧਨਾਂ ਤੇ ਭਾਰ ਵੱਧ ਜਾਂਦਾ ਹੈ ਅਤੇ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ ਵਰਗੀਆਂ ਬੁਨਿਆਦੀ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਇਸ ਕਰਕੇ ਜਨਸੰਖਿਆ ਨੂੰ ਕੰਟਰੋਲ ਕਰਨਾ ਅਜੋਕੇ ਸਮੇਂ ਦੀ ਬਹੁਤ ਲੋੜ ਹੈ। ਇਸ ਮੌਕੇ ਤੇ ਸਕੂਲ ਡਰੱਗ ਕੰਟਰੋਲਰ ਮਾਸਟਰ ਰਿਸ਼ੀ ਕੁਮਾਰ ਨੇ ਨਸ਼ਿਆਂ ਦੇ ਵੱਧ ਰਹੇ ਪ੍ਰਭਾਵ ਸਬੰਧੀ ਜਾਣਕਾਰੀ ਦਿੱਤੀ ਅਤੇ ਨਸ਼ਿਆਂ ਨੂੰ ਪ੍ਰਜਨਨ ਨਾ ਹੋਣ ਦਾ ਇੱਕ ਵੱਡਾ ਕਾਰਨ ਦੱਸਿਆ ,ਉਹਨਾਂ ਕਿਹਾ ਕਿ ਨੌਜਵਾਨ ਪੀੜੀ ਨੂੰ ਇਸ ਨਸ਼ੇ ਦੀ ਬੁਰੀ ਅਲਾਮਤ ਤੋਂ ਦੂਰ ਰਹਿਣਾ ਚਾਹੀਦਾ ਹੈ ਇਸ ਮੌਕੇ ਤੇ ਯਸ਼ਪਾਲ ਗੁਪਤਾ,ਮੈਡਮ ਪਰਮਜੀਤ ਕੌਰ,ਅਵਤਾਰ ਸਿੰਘ ਭੈਣੀ ਮਹਿਰਾਜ ਅਤੇ ਸਮੂਹ ਸਟਾਫ ਹਾਜ਼ਰ ਰਿਹਾ।

## ਪੰਜਾਬ 'ਚ ਦਿਲ ਦਹਿਲਾ ਦੇਣ ਵਾਲੀ ਘਟਨਾ, ਦੋ ਭਰਾਵਾਂ ਦੀ ਸ਼ੱਕੀ ਹਾਲਾਤ 'ਚ ਮੌਤ

**ਕੌਮੀ ਪਤ੍ਰਿਕਾ**

ਬਠਿੰਡਾ 12 ਜੁਲਾਈ। ਸ਼ਹਿਰ ਦੇ ਜੁਝਾਰ ਸਿੰਘ ਨਗਰ ਤੋਂ ਇਕ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਲੇਨ ਨੰਬਰ 7 ਵਿਚ ਸਥਿਤ ਇਕ ਘਰ ਵਿਚ ਦੋ ਭਰਾਵਾਂ ਦੀ ਰਹੱਸਮਈ ਹਾਲਾਤ ਵਿਚ ਮੌਤ ਹੋ ਗਈ। ਇਕ ਭਰਾ ਦੀ ਲਾਸ਼ ਪੱਖੇ ਨਾਲ ਲਟਕਦੀ ਮਿਲੀ, ਜਦੋਂ ਕਿ ਦੂਜੇ ਦੀ ਲਾਸ਼ ਬਿਸਤਰੇ 'ਤੇ ਪਈ ਮਿਲੀ। ਜਿਵੇਂ ਹੀ ਸਹਾਰਾ ਜਨ ਸੇਵਾ ਨੂੰ ਸੂਚਨਾ ਮਿਲੀ, ਉਨ੍ਹਾਂ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ। ਸਹਾਰਾ ਜਨ ਸੇਵਾ ਦੇ ਪ੍ਰਧਾਨ ਵਿਜੇ ਗੋਇਲ ਨੇ ਕਿਹਾ ਕਿ ਲਾਸ਼ਾਂ ਦੋ ਦਿਨ ਪੁਰਾਣੀਆਂ ਸਨ, ਇਸ ਲਈ ਉਹ ਪੂਰੀ ਤਰ੍ਹਾਂ ਸੜ ਚੁੱਕੀਆਂ ਸਨ ਅਤੇ ਬਦਬੂ ਮਾਰ ਰਹੀਆਂ ਸਨ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ, ਡੀਐੱਸਪੀ ਸਿਟੀ 2 ਸਰਬਜੀਤ ਸਿੰਘ ਭਾਰੀ ਪੁਲਸ ਫੋਰਸ ਨਾਲ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਮ੍ਰਿਤਕਾਂ ਦੀ ਪਛਾਣ ਨਗਰ ਸੁਧਾਰ ਟਰੱਸਟ ਵਿੱਚ ਕੰਮ ਕਰਨ ਵਾਲੇ 40 ਸਾਲਾ ਅਕਾਊਂਟੈਂਟ ਰਮਨ ਕੁਮਾਰ ਮਿੱਤਲ ਅਤੇ ਉਨ੍ਹਾਂ ਦੇ ਛੋਟੇ ਭਰਾ 35 ਸਾਲਾ ਅਜੈ ਮਿੱਤਲ ਵਜੋਂ ਹੋਈ ਹੈ। ਮੁੱਢਲੀ ਜਾਂਚ ਅਨੁਸਾਰ, ਅਜੈ ਮਿੱਤਲ ਲੰਬੇ ਸਮੇਂ ਤੋਂ ਬਿਮਾਰ ਸੀ ਅਤੇ ਉਨ੍ਹਾਂ ਦੇ ਦੋਵੇਂ ਗੁਰਦੇ ਫੇਲ੍ਹ ਹੋ ਗਏ ਸਨ। ਇਸ ਕਾਰਨ ਘਰ ਦੀ ਵਿੱਤੀ ਹਾਲਤ ਵੀ ਬਹੁਤ ਖਰਾਬ ਸੀ। ਪਰਿਵਾਰ ਦੇ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਦੋਵਾਂ ਦੇ ਮਾਤਾ-ਪਿਤਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਸੀ ਅਤੇ ਘਰੇਲੂ ਝਗੜੇ ਕਾਰਨ ਰਮਨ ਕੁਮਾਰ ਆਪਣੀ ਪਤਨੀ ਤੋਂ ਵੱਖ ਹੋ ਗਿਆ ਸੀ। ਦੋਵੇਂ ਭਰਾ ਜੱਦੀ ਘਰ ਵਿਚ ਇਕੱਲੇ ਰਹਿੰਦੇ ਸਨ। ਘਟਨਾ ਦਾ ਖੁਲਾਸਾ ਉਦੋਂ ਹੋਇਆ ਜਦੋਂ ਸ਼ਨੀਵਾਰ ਅਤੇ ਐਤਵਾਰ ਨੂੰ ਘਰ ਵਿਚ ਕੰਮ ਕਰਨ ਵਾਲੀ ਨੌਕਰਾਣੀ ਦੇਵੀ ਘਰ ਦਾ ਦਰਵਾਜ਼ਾ ਬੰਦ ਦੇਖ ਕੇ ਵਾਪਸ ਆਈ। ਸੋਮਵਾਰ ਨੂੰ ਜਦੋਂ ਉਸਨੇ ਵਾਰ-ਵਾਰ ਦਰਵਾਜ਼ਾ ਖੜਕਾਇਆ ਅਤੇ ਫ਼ੋਨ ਨਹੀਂ ਚੁੱਕਿਆ ਗਿਆ ਤਾਂ ਉਸਨੇ ਗੁਆਂਢੀਆਂ ਨੂੰ ਸੂਚਿਤ ਕੀਤਾ। ਜਦੋਂ ਸਾਥੀ ਨਗਰ ਸੁਧਾਰ ਟਰੱਸਟ ਦਫ਼ਤਰ ਤੋਂ ਲਗਾਤਾਰ ਗੈਰਹਾਜ਼ਰ ਰਹਿਣ ਕਾਰਨ ਰਮਨ ਕੁਮਾਰ ਦੇ ਘਰ ਪਹੁੰਚੇ ਤਾਂ ਦਰਵਾਜ਼ਾ ਅੰਦਰੋਂ ਬੰਦ ਪਾਇਆ ਗਿਆ। ਦਰਵਾਜ਼ਾ ਤੋੜਨ 'ਤੇ ਇਕ ਭਰਾ ਦੀ ਲਾਸ਼ ਪੱਖੇ ਨਾਲ ਲਟਕਦੀ ਮਿਲੀ, ਜਦੋਂ ਕਿ ਦੂਜੇ ਭਰਾ ਦੀ ਲਾਸ਼ ਬਿਸਤਰੇ 'ਤੇ ਪਈ ਸੀ। ਡੀਐੱਸਪੀ ਸਰਬਜੀਤ ਸਿੰਘ ਨੇ ਕਿਹਾ ਕਿ ਇਹ ਖੁਦਕੁਸ਼ੀ ਦਾ ਮਾਮਲਾ ਹੋ ਸਕਦਾ ਹੈ ਪਰ ਇਹ ਵੀ ਜਾਂਚ ਦਾ ਵਿਸ਼ਾ ਹੈ ਕਿ ਕੀ ਪਹਿਲਾਂ ਇਕ ਭਰਾ ਦਾ ਕਤਲ ਕੀਤਾ ਗਿਆ ਸੀ ਅਤੇ ਬਾਅਦ ਵਿਚ ਦੂਜੇ ਨੇ ਖੁਦਕੁਸ਼ੀ ਕੀਤੀ। ਉਨ੍ਹਾਂ ਕਿਹਾ ਕਿ ਮੌਤ ਦਾ ਅਸਲ ਕਾਰਨ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਸਾਹਮਣੇ ਆਵੇਗਾ।




## ਮਾ.ਨਿਰਭੈ ਸਿੰਘ ਤੇ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਗਿਰਫਤਾਰੀ ਸੰਬੰਧੀ ਵਫਦ ਐਸਐਸਪੀ ਨੂੰ ਮਿਲਿਆ

ਸੰਗਰੂਰ,12 ਜੁਲਾਈ। ਅੱਜ ਕਿਰਤੀ ਕਿਸਾਨ ਯੂਨੀਅਨ ਅਤੇ ਨਿਰਭੈ ਸਿੰਘ ਇਨਸਾਫ ਕਮੇਟੀ ਦੀ ਅਗਵਾਈ ਹੇਠ ਇਕ ਵੱਡੇ ਵਫਦ ਨੇ ਐਸਐਸਪੀ ਨੂੰ ਸੰਗਰੂਰ ਨੂੰ ਮਿਲ ਕੇ ਮਾਸਟਰ ਨਿਰਭੈ ਸਿੰਘ ਤੇ ਕਾਤਲਾਨਾ ਹਮਲਾ ਕਰਨ ਵਾਲੇ ਮੁੱਖ ਦੋਸ਼ੀਆਂ ਦੀ ਗ੍ਰਿਫਤਾਰੀ ਅਤੇ ਅਣਪਛਾਤੇ ਦੋਸ਼ੀਆਂ ਨੂੰ ਨਾਮਜਦ ਕਰਨ ਦੀ ਮੰਗ ਕੀਤੀ ਐਸਐਸਪੀ ਸੰਗਰੂਰ ਨੇ ਜਲਦੀ ਹੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ,ਜਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਜਿਲਾ ਸਕੱਤਰ ਦਰਸ਼ਨ ਸਿੰਘ ਕੂੰਨਰਾਂ ਨੇ ਦੱਸਿਆ ਕਿ 25 ਅਪ੍ਰੈਲ ਨੂੰ ਨਿਰਭੈ ਸਿੰਘ ਖਾਈ ਜਦੋਂ ਆਪਣੀ ਡਿਊਟੀ ਤੇ ਸਕੂਲ ਜਾ ਰਹੇ ਸਨ ਤਾਂ ਉਹਨਾਂ ਨੂੰ ਲਹਿਰਾਂ ਇਲਾਕੇ ਵਿੱਚ ਸਰਗਰਮ ਭੂ ਮਾਫੀਆ ਵੱਲੋਂ ਘੇਰ ਕੇ ਉਹਨਾਂ ਤੇ ਕਾਤਲਾਨਾ ਹਮਲਾ ਕਰਕੇ ਲੱਤਾਂ ਬਾਹਾਂ ਤੋੜ ਦਿੱਤੀਆਂ ਸਨ ਉਕਤ ਦੋਸ਼ੀਆਂ ਦੀ ਅਜੇ ਤੱਕ ਗਿਰਫਤਾਰੀ ਨਹੀਂ ਹੋਈ ਮੁੱਖ ਦੋਸ਼ੀ ਅਜੇ ਵੀ ਪੁਲਿਸ ਦੀ ਗ੍ਰਿਫਤ ਚੋਂ ਬਾਹਰ ਹਨ ਅਤੇ ਇਸ ਦੇ ਨਾਲ ਹੀ ਕੁੱਟਮਾਰ ਵਿੱਚ ਸ਼ਾਮਿਲ ਹੋਰ ਅਣਪਛਾਤੇ ਦੋਸ਼ੀ ਸਨ ਉਹਨਾਂ ਨੂੰ ਵੀ ਨਾਮਜਦ ਨਹੀਂ ਕੀਤਾ ਜਾ ਰਿਹਾ। ਵ.ਫਦ ਵੱਲੋਂ ਅੱਜ ਜਿਲ੍ਹਾ ਪੁਲਿਸ ਮੁਖੀ ਨੂੰ ਮਿਲ ਕੇ ਉਕਤ ਮਾਮਲੇ ਵਿੱਚ ਤੇਜ਼ੀ ਨਾਲ ਕਾਰਵਾਈ ਕਰਨ ਦੀ ਮੰਗ ਕੀਤੀ ਐਸਐਸਪੀ ਨੇ ਜਲਦੀ ਹੀ ਸਾਰੇ ਦੋਸ਼ੀਆਂ ਨੂੰ ਫੜਨ ਦਾ ਵਾਅਦਾ ਕੀਤਾ। ਕਿਸਾਨ ਆਗੂਆਂ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਵਿੱਚ ਧਰਨੇ ਮੁਜ਼ਾਹਰੇ ਕਰਨ ਤੇ ਵੀ ਪਾਬੰਦੀ ਲਾਏ ਜਾ ਰਹੀ ਹੈ। ਇਸੇ ਤਰ੍ਹਾਂ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਵੀ ਲਗਾਤਾਰ ਪੁਲਿਸ ਜਬਰ ਅਤੇ ਲੋਕ ਆਗੂਆਂ ਤੇ ਹਮਲੇ ਵਧ ਰਹੇ ਹਨ ਜਿਸ ਖ਼?ਲਾਫ਼ 25 ਜੁਲਾਈ ਨੂੰ ਸੰਗਰੂਰ ਵਿਖੇ ਜੋ ਜਨਤਕ ਜਥੇਬੰਦੀਆਂ ਵੱਲੋਂ ਵਿਸ਼ਾਲ ਰੋਸ ਰੈਲੀ ਕੀਤੀ ਜਾ ਰਹੀ ਹੈ। ਉਸ ਵਿੱਚ ਵੀ ਨਿਰਭੈ ਸਿੰਘ ਦੇ ਮਾਮਲੇ ਨੂੰ ਉਠਾਇਆ ਜਾਵੇਗਾ।

## ਨੇਪਾਲੀ ਨੌਕਰ ਵੱਲੋਂ ਵਪਾਰੀ ਦੇ ਘਰੋਂ ਲੱਖਾਂ ਦੇ ਗਹਿਣੇ ਤੇ ਨਕਦੀ ਚੋਰੀ

ਲੁਧਿਆਣਾ 12 ਜੁਲਾਈ। ਸ਼ਹਿਰ 'ਚ ਨੇਪਾਲੀ ਨੌਕਰਾਂ ਦੇ ਅਪਰਾਧ ਜਾਰੀ ਹਨ। ਇਕ ਨੇਪਾਲੀ ਨੌਕਰ ਨੇ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ ਘਰ ਦੇ ਮਾਲਕ ਦੇ ਘਰੋਂ ਲੱਖਾਂ ਦੇ ਗਹਿਣੇ ਅਤੇ ਨਕਦੀ 'ਤੇ ਹੱਥ ਸਾਫ ਕਰ ਦਿੱਤਾ। ਨੌਕਰ ਨੇ ਇਹ ਵਾਰਦਾਤ ਉਸ ਸਮੇਂ ਕੀਤੀ, ਜਦੋਂ ਘਰ ਦਾ ਮਾਲਕ ਆਪਣੇ ਕਾਰੋਬਾਰੀ ਪਰਿਵਾਰ ਨਾਲ ਇਕ ਸਮਾਗਮ 'ਚ ਸ਼ਾਮਲ ਹੋਣ ਗਿਆ ਸੀ। ਜਦੋਂ ਉਹ ਦੇਰ ਰਾਤ ਘਰ ਵਾਪਸ ਆਇਆ ਤਾਂ ਨੌਕਰ ਗਾਇਬ ਸੀ ਅਤੇ ਕਮਰੇ ਦਾ ਤਾਲਾ ਟੁੱਟਿਆ ਹੋਇਆ ਸੀ। ਜਦੋਂ ਉਹ ਅੰਦਰ ਗਿਆ ਤਾਂ ਗਹਿਣੇ ਅਤੇ ਨਕਦੀ ਗਾਇਬ ਸੀ। ਉਸ ਨੇ ਤੁਰੰਤ ਇਸ ਬਾਰੇ ਪੁਲਸ ਨੂੰ ਸੂਚਿਤ ਕੀਤਾ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰ. 8 ਦੀ ਪੁਲਸ ਮੌਕੇ 'ਤੇ ਪਹੁੰਚ ਗਈ। ਜਦੋਂ ਪੁਲਸ ਨੇ ਆਲੇ-ਦੁਆਲੇ ਦੀ ਜਾਂਚ ਕੀਤੀ ਤਾਂ ਮੁਲਜ਼ਮ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਏ। ਪੁਲਸ ਨੇ




ਫੁਟੇਜ ਕਬਜ਼ੇ 'ਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਸ ਮਾਮਲੇ 'ਚ ਡਵੀਜ਼ਨ 8 ਦੀ ਪੁਲਸ ਨੇ ਪਾਰੁਲ ਜੈਨ ਦੀ ਸ਼ਿਕਾਇਤ 'ਤੇ ਘਰੇਲੂ ਨੇਪਾਲੀ ਨੌਕਰ ਸੰਨੀ ਅਤੇ 3 ਸਾਥੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਪੁਲਸ ਸ਼ਿਕਾਇਤ 'ਚ ਪਾਰੁਲ ਜੈਨ ਨੇ ਦੱਸਿਆ ਕਿ ਉਸ ਦਾ ਆਪਣਾ ਕਾਰੋਬਾਰ ਹੈ ਅਤੇ ਉਹ ਊਧਮ ਸਿੰਘ ਨਗਰ 'ਚ ਰਹਿੰਦਾ ਹੈ। 2 ਦਿਨ ਪਹਿਲਾਂ ਉਸ ਦੀ ਭੈਣ ਦਾ ਜਨਮਦਿਨ ਸੀ, ਇਸ ਲਈ ਪਰਿਵਾਰ ਵਲੋਂ ਇਕ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ। ਉਹ ਆਪਣੀ ਭੈਣ ਦੇ ਜਨਮਦਿਨ ਲਈ ਆਪਣੇ ਪਰਿਵਾਰ ਨਾਲ ਗਿਆ ਸੀ। ਘਰ ਨੇਪਾਲੀ ਨੌਕਰ ਸੋਨੂ ਦੀ ਦੇਖਭਾਲ 'ਚ ਛੱਡ ਦਿੱਤਾ ਗਿਆ ਸੀ ਪਰ ਜਦੋਂ ਉਹ ਦੇਰ ਰਾਤ ਘਰ ਵਾਪਸ ਆਇਆ ਤਾਂ ਨੌਕਰ ਗਾਇਬ ਸੀ ਅਤੇ ਘਰ 'ਚ ਲੁੱਟ ਹੋ ਚੁੱਕੀ ਸੀ। ਸੋਨੂ ਨੇ ਘਰ 'ਚੋਂ 8 ਲੱਖ ਰੁਪਏ ਦੀ ਨਕਦੀ ਅਤੇ ਲਗਭਗ 45 ਤੋਲੇ ਦੇ ਗਹਿਣੇ ਚੋਰੀ ਕਰ ਲਏ। ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ। ਜਦੋਂ ਜਾਂਚ ਸ਼ੁਰੂ ਕੀਤੀ ਤਾਂ ਪੁਲਸ ਨੂੰ ਸੀ. ਸੀ. ਟੀ. ਵੀ. ਫੁਟੇਜ ਮਿਲੀ, ਜਿਸ 'ਚ ਦੋਸ਼ੀ ਅਤੇ ਉਸ ਦੇ 3 ਸਾਥੀ ਦਿਖਾਈ ਦੇ ਰਹੇ ਸਨ। ਪੁਲਸ ਨੇ ਫੁਟੇਜ ਦੇ ਆਧਾਰ 'ਤੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਏ. ਐੱਸ. ਆਈ. ਸੁਨੀਲ ਕੁਮਾਰ ਨੇ ਕਿਹਾ ਕਿ ਦੋਸ਼ੀ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਕੁਝ ਜਾਣਕਾਰੀ ਮਿਲੀ ਹੈ। ਦੋਸ਼ੀ ਨੂੰ ਜਲਦੀ ਹੀ ਲੱਭ ਲਿਆ ਜਾਵੇਗਾ।

### ਤਾਰਾਂ ਦੇ ਜਾਲ ਤੋਂ ਮੁਕਤੀ ਵੱਲ ਰਾਜਧਾਨੀ ਦਿੱਲੀ : ਰੇਖਾ ਗੁਪਤਾ

Contd...............Front page

ਹਰ ਘਰ ਨੂੰ ਨਿਰਵਿਘਨ ਬਿਜਲੀ ਸਪਲਾਈ, ਉਦਯੋਗਾਂ ਲਈ ਸਥਾਈ ਹੱਲ ਅਤੇ ਵਾਤਾਵਰਣ ਦੇ ਅਨੁਕੂਲ ਢਾਂਚਾ, ਯਹੀ ਹੈ ਸਾਡੀ ਦਿੱਲੀ ਦਾ ਭਵਿੱਖ। ਉਨ੍ਹਾਂ ਨੇ ਊਰਜਾ ਮੰਤਰੀ ਆਸ਼ੀਸ਼ ਸੂਦ ਅਤੇ ਉਨ੍ਹਾਂ ਦੀ ਟੀਮ ਨੂੰ ਇਸ ਦਿਸ਼ਾ ਵਿੱਚ ਕੀਤੇ ਜਾ ਰਹੇ ਯਤਨਾਂ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸਾਡਾ ਉਦੇਸ਼ ਹੈ ਕਿ ਭਵਿੱਖ ਵਿੱਚ ਦਿੱਲੀ ਦਾ ਕੋਈ ਵੀ ਖੇਤਰ ਤਾਰਾਂ ਦੇ ਜਾਲ ਵਿੱਚ ਨਾ ਉਲਝਿਆ ਹੋਵੇ ਅਤੇ ਸਾਰੀਆਂ ਤਾਰਾਂ ਸੁਰੱਖਿਅਤ ਰੂਪ ਨਾਲ ਜ਼ਮੀਨਦੋਜ਼ ਹੋਣ। ਇਸ ਨਾਲ ਰਾਜਧਾਨੀ ਇੱਕ ਸਵੱਛ, ਸੁਰੱਖਿਅਤ ਅਤੇ ਆਧੁਨਿਕ ਊਰਜਾ ਵਿਵਸਥਾ ਵਾਲਾ ਸ਼ਹਿਰ ਬਣੇਗੀ। ਮੁੱਖ ਮੰਤਰੀ ਨੇ ਇਸ ਮੌਕੇ 'ਤੇ ਸ਼ਾਲੀਮਾਰ ਬਾਗ ਖੇਤਰ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਕਿਹਾ ਕਿ ਦਿੱਲੀ ਸਰਕਾਰ ਰਾਜਧਾਨੀ ਦੇ ਹਰ ਹਿੱਸੇ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਸਥਾਰ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬੀ.ਐਚ. (ਪੂਰਵ) ਸ਼ਾਲੀਮਾਰ ਬਾਗ ਵਿੱਚ ਨਵੀਆਂ ਨਾਲੀਆਂ ਦੇ ਨਿਰਮਾਣ ਦਾ ਕੰਮ 10 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਸਹੀਪੁਰ ਪਿੰਡ ਵਿੱਚ ਨਵੀਂ ਸੀਵਰ ਲਾਈਨ ਵਿਛਾਈ ਜਾ ਰਹੀ ਹੈ, ਜਿਸ ਦੀ ਅਨੁਮਾਨਿਤ ਲਾਗਤ ਵੀ 10 ਲੱਖ ਰੁਪਏ ਹੈ।

## ਸੀ ਐਚ ਸੀ ਬੜਾ ਪਿੰਡ ਵਲੋ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ

ਫਗਵਾੜਾ: ਸਿਵਲ ਸਰਜਨ ਡਾ ਗੁਰਮੀਤ ਲਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅੱਜ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫ਼ਸਰ ਡਾ ਅਮਿਤਾ ਲੂਨਾ ਨੇ ਦੱਸਿਆ ਕਿ ਇਸ ਦਾ ਮਕਸਦ ਵਧ ਰਹੀ ਆਬਾਦੀ ਦੇ ਗੰਭੀਰ ਪ੍ਰਭਾਵਾਂ ਬਾਰੇ ਲੋਕਾਂ ਨੂੰ ਸਚੇਤ ਕਰਨਾ ਅਤੇ ਪਰਿਵਾਰ ਨਿਯੋਜਨ ਬਾਰੇ ਜਾਗਰੂਕਤਾ ਫੈਲਾਉਣਾ ਹੈ ਸੀਨੀਅਰ ਮੈਡੀਕਲ ਅਫ਼ਸਰ ਡਾ ਅਮਿਤਾ ਲੂਨਾ ਨੇ ਲੋਕਾਂ ਨੂੰ ਆਗਾਹ ਕੀਤਾ ਗਿਆ ਕਿ ਵੱਧ ਰਹੀ ਆਬਾਦੀ ਦੇ ਕਾਰਨ ਰੋਜ਼ਗਾਰ ਦੀ ਘਾਟ, ਪਾਣੀ ਅਤੇ ਭੋਜਨ ਵਰਗੇ ਸਾਧਨਾਂ ਦੀ ਕਮੀ, ਸਿਹਤ ਸੇਵਾਵਾਂ 'ਤੇ ਦਬਾਅ, ਵਾਤਾਵਰਣ ਪ੍ਰਦੂਸ਼ਣ ਅਤੇ ਸ਼ਹਿਰੀ ਭੀੜ ਵਰਗੀਆਂ ਸਮੱਸਿਆਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਵਿਸ਼ੇਸ਼ ਤੌਰ 'ਤੇ ਮਹਿਲਾਵਾਂ ਦੀ ਸਿਹਤ, ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰ ਦੀ ਆਮਦਨ 'ਤੇ ਵੀ ਇਹਦਾ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਭਾਰਤ ਦੀ ਆਬਾਦੀ ਇਸ ਸਮੇਂ ਲਗਭਗ 1.44 ਅਰਬ ਹੋ ਚੁੱਕੀ ਹੈ। ਹਰ ਸਾਲ ਲਗਭਗ 2.3 ਕਰੋੜ ਨਵੇਂ ਜਨਮ ਹੁੰਦੇ ਹਨ, ਜਦਕਿ ਮੌਤਾਂ ਦੀ ਗਿਣਤੀ ਲਗਭਗ 85 ਲੱਖ ਹੈ। ਭਾਰਤ ਦੀ ਜਨ ਸੰਖਿਆ ਘਣਤਾ 470 ਲੋਕ ਪ੍ਰਤੀ ਵਰਗ ਕਿਲੋਮੀਟਰ ਹੈ ਜੋ ਕਿ ਚੀਨ (153/♠✡), ਅਮਰੀਕਾ (36/♠✡), ਆਸਟ?ਰੇਲੀਆ (3/♠✡) ਅਤੇ ਕੈਨੇਡਾ (4/♠✡) ਨਾਲੋਂ ਕਈ ਗੁਣਾ ਵੱਧ ਹੈ ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਪਰਿਵਾਰ ਨਿਯੋਜਨ ਦੇ ਉਪਾਅ ਜਿਵੇਂ ਕਿ ਕਾਪਰ-ਟੀ, ਗਰਭ ਨਿਰੋਧਕ ਗੋਲੀਆਂ, ਨਸਬੰਦੀ ਆਦਿ ਬਾਰੇ ਜਾਣਕਾਰੀ ਦਿੱਤੀ। ਆਸ਼ਾ ਵਰਕਰਾਂ ਅਤੇ ਏਨਮ ਵੱਲੋਂ ਵੀ ਘਰ-ਘਰ ਜਾ ਕੇ ਲੋਕਾਂ ਨੂੰ ਸਮਝਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਨਵੇਂ ਦੰਪਤੀਆਂ ਨੂੰ ਛੋਟਾ ਪਰਿਵਾਰ ਰੱਖਣ ਦੀ ਸਲਾਹ ਦਿੱਤੀ ਗਈ ਸਿਹਤ ਵਿਭਾਗ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਕਿ 14 ਜੁਲਾਈ 2025 ਨੂੰ ਸਿਵਲ ਹਸਪਤਾਲ ਫਿਲੌਰ ਵਿੱਚ ਪਰਿਵਾਰ ਨਿਯੋਜਨ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਨਲਬੰਦੀ ਅਤੇ ਨਲਬੰਦੀ ਦੀਆਂ ਮੁਫ਼ਤ ਸਰਜਰੀਆਂ ਕੀਤੀਆਂ ਜਾਣਗੀਆਂ। ਉਨਾ ਲੋਕਾ ਨੂੰ ਅਪੀਲ ਕੀਤੀ ਗਈ ਕਿ ਇਸ ਕੈਂਪ ਦਾ ਲਾਭ ਲੈਣ।

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**ਪੂਰਵੋਤੱਰ ਰੇਲਵੇ**

**ਈ-ਨਿਵਿਦਾ ਸੂਚਨਾ ਸੰਖਿਆ-ਏਨ-235-62 ਟੇਲੀ ਟੇਂਡਰ 06-2025**

ਉਪ ਮੁੱਖ ਸਿਗਨਲ ਅਤੇ ਦੂਰਸੰਚਾਰ ਇੰਜਿਨਿਯਰ/ਟੇਲੀ/ਮੁਖਆਲਾ, ਪੂਰਵੋਤੱਰ ਰੇਲਵੇ/ ਗੋਰਖਪੁਰ ਅਤੇ ਕ੍ਰਿਤੇ ਭਾਰਤ ਦੇ ਰਾਸ਼ਟਰਪਤੀ ਵਲੋਂ ਹੇਠ ਲਿਖੀ ਟੇਂਡਰ ਪ੍ਰੱਪਤਰ ਵਿਚ ਅੰਕਿਤ ਨਿਰਧਾਰਿਤ ਯੋਗਤਾ ਦਾ ਪਰਯਾਪਤ ਅਨੁਭਵ ਰੱਖਨ ਵਾਲੇ ਠੇਕੇਦਾਰਾਂ ਤੋ ਈ-ਟੇਂਡਰ ਨਿਵਿਦਾ ਆਮੰਤ੍ਰਿਤ ਕਰਦੇ ਹੈ। 1. **ਨਿਵਿਦਾ ਸੂਚਨਾ ਸੰ0**: ਏਨ-235-62 ਟਲੀ ਟੇਂਡਰ 06-2025, 2. **ਕਾਰਜ ਦਾ ਨਾਮ** : ਉੱਤਰ ਪੂਰਬੀ ਰੇਲਵੇ, ਗੋਰਖਪੁਰ/ ਵਿੱਚ ਵੱਖ-ਵੱਖ ਰੇਲਵੇ ਈ-ਸੇਵਾਵਾਂ ਲਈ ਆਪਟੀਕਲ ਫਾਈਬਰ ਕਨੈਕਟੀਵਿਟੀ ਦਾ ਵਿਸਥਾਰ ਭਰੋਸੇਯੋਗਤਾ ਸੁਧਾਰ ਕਾਰਜ। 3. **ਟੈਂਡਰ ਲਾਗਤ**: **ਰੁ. 9251568.43/-** (ਬਾਨਵੇ ਲੱਖ ਇੱਕਵੰਜਾ ਹਜਾਰ ਪੰਜ ਸੌ ਅੜਸਠ ਰੁਪਏ ਅਤੇ ਤੈਂਤਾਲੀ ਪੈਸੇ ਸਿਰਫ) 4. **ਬੋਲੀ ਸੁਰੱਖਿਆ (ਬਯਾਨਾ ਧਨਰਾਸ਼ੀ)**: 1,85,000/- 5. **ਆੱਫਰ ਦੀ ਵੈਧਤਾ**: 60 ਦਿਨ, 6. **ਨਿਵਿਦਾ ਖੋਲ੍ਹਣ ਅਤੇ ਬੰਦ ਕਰਨ ਦਾ ਸਥਾਨ, ਮਿਤੀ ਅਤੇ ਸਮਾਂ**: ਦਫਤਰ ਮੰਡਲ ਸਿਗਨਲ ਅਤੇ ਦੂਰਸੰਚਾਰ ਇੰਜੀਨੀਅਰ/ਟੈਲੀ, ਉੱਤਰ ਪੂਰਬੀ ਰੇਲਵੇ, ਗੋਰਖਪੁਰ, ਮਿਤੀ 11.08.2025, ਸਮਾਂ-15:00 ਘੰਟੇ, 7. **ਕੰਮ ਪੂਰਾ ਹੋਣ ਦੀ ਮਿਆਦ**: 06 (ਛੇ) ਮਹੀਨੇ, 8. ਮੂਲ ਨਿਵਿਦਾ ਵਿੱਚ ਕਿਸੇ ਵੀ ਤਰਾਂ ਦੇ ਬਦਲਾਅ ਲਈ, ਕਿਰਪਾ ਕਰਕੇ ਇੰਟਰਨੈਟ ਵੈੱਬਸਾਈਟ 'ਤੇ ਜਾਰੀ ਕੀਤਾ ਗਿਆ ਸੁੱਧੀਪੱਤਰ ਦਾ ਅਵਲੋਕਨ ਕਰੋ। 9. ਵਿਸਤ੍ਰਿਤ ਨਿਵਿਦਾ ਸੂਚਨਾ, ਟੈਂਡਰ ਫਾਰਮ, ਯੋਗਤਾ ਮਾਪਦੰਡ, ਨਿਯਮ ਅਤੇ ਸ਼ਰਤਾਂ ਵੈੱਬਸਾਈਟ **http://www.ireps.gov.in** 'ਤੇ ਉਪਲਬਧ ਹਨ। ਨੋਟ: ਟੈਂਡਰਕਰਤਾ/ਬੋਲੀਦਾਤਾ ਨੂੰ ਆਪਣੀ ਬੋਲੀ ਦੇ ਨਾਲ ਸਾਰੇ ਨਿਰਧਾਰਤ ਐਨਕਲੋਜ਼ਰ/ਫਾਰਮੈਟ/ਅਟੈਚਮੈਂਟ ਅਪਲੋਡ ਕਰਨੇ ਚਾਹੀਦੇ ਹਨ।

ਉਪ ਮੁੱਖ ਸਿਗਨਲ ਅਤੇ ਦੂਰਸੰਚਾਰ ਇੰਜੀਨੀਅਰ/ਟੈਲੀ/ਮੁੱਖਆਲਾ
ਮੁਜਾਧੀ/ਸਿਗਨਲ-33 ਗੋਰਖਪੁਰ

ਟ੍ਰੇਨਾਂ ਵਿੱਚ ਬੀੜੀ/ਸਿਗਰੇਟ ਨਾ ਪੀਵੋ



ਪਦਮਾਨਾਭਾਸਵਾਮੀ ਮੰਦਰ, ਕੇਰਲਾ-



ਮੀਨਾਕਸ਼ੀ ਅੰਮਾ ਮੰਦਰ, ਤਾਮਿਲਨਾਡੂ

# ਭਾਰਤ ਦੇ ਅਮੀਰ ਧਰਮ ਅਸਥਾਨ

**ਬਲਰਾਜ ਸਿੰਘ ਸਿੱਧੂ**
**ਐਸ਼ ਪੀ**

ਨੋਟਬੰਦੀ ਵੇਲੇ ਇੱਕ ਮੁੱਦਾ ਬਹੁਤ ਜੋਰ ਸ਼ੋਰ ਨਾਲ ਉੱਠਿਆ ਸੀ ਕਿ ਸ਼ਾਇਦ ਧਾਰਮਿਕ ਸੰਸਥਾਨਾਂ ਦੇ ਚੜ੍ਹਾਵੇ ਨਾਲ ਕਾਲੇ ਧੰਨ ਵਾਲਿਆਂ ਦੀ ਮਦਦ ਕੀਤੀ ਜਾ ਸਕਦੀ ਹੈ। ਧੰਨ ਕੁਬੇਰ ਅਜਿਹੇ ਸੰਸਥਾਨਾਂ ਦੇ ਪ੍ਰਬੰਧਕਾਂ ਦੀ ਮਿਲੀ ਭੁਗਤ ਨਾਲ ਚੁੱਪ ਚੁਪੀਤੇ ਆਪਣੇ ਪੁਰਾਣੇ ਨੋਟ ਨਵਿਆਂ ਵਿੱਚ ਤਬਦੀਲ ਕਰਵਾ ਸਕਦੇ ਹਨ। ਭਾਰਤ ਵਿੱਚ ਧਰਮ ਸਥਾਨਾਂ ਜਾਂ ਡੇਰਿਆਂ ਦੀ ਆਮਦਨ ?ਤੇ ਕੋਈ ਇਨਕਮ ਟੈਕਸ ਆਦਿ ਨਹੀਂ ਲੱਗਦਾ। ਅਰਬਾਂ ਖਰਬਾਂ ਰੁਪਿਆ ਬਿਨਾਂ ਕਿਸੇ ਟੈਕਸ ਜਾਂ ਆਡਿਟ ਦੇ ਖਪ ਜਾਂਦਾ ਹੈ। ਸਰਕਾਰ ਦਾ ਜਿਆਦਾਤਰ ਧਾਰਮਿਕ ਸੰਸਥਾਨਾਂ ਦੇ ਕੰਮ ਕਾਜ ਉੱਪਰ ਕਿਸੇ ਕਿਸਮ ਦਾ ਕੋਈ ਕੰਟਰੋਲ ਨਹੀਂ ਹੈ। ਵੈਸੇ ਹੁਣ ਤੱਕ ਕਿਸੇ ਧਾਰਮਿਕ ਸਥਾਨ ਦੁਆਰਾ ਕਿਸੇ ਧਨਾਢ ਦੇ ਨੋਟ ਬਦਲਣ ਦਾ ਮਾਮਲਾ ਸਾਹਮਣੇ ਨਹੀਂ ਆਇਆ। ਭਾਰਤ ਦੇ ਧਾਰਮਿਕ ਸਥਾਨਾਂ ਨੂੰ ਹਰ ਸਾਲ ਅਰਬਾਂ ਰੁਪਿਆ ਚੜ੍ਹਾਵਾ ਚੜ੍ਹਦਾ ਹੈ। ਭਾਰਤ ਦੇ ਦਸ ਸਭ ਤੋਂ ਵੱਧ ਅਮੀਰ ਧਾਰਮਿਕ ਸੰਸਥਾਨ ਇਸ ਪ੍ਰਕਾਰ ਹਨ।

**1 ਪਦਮਾਨਾਭਾਸਵਾਮੀ ਮੰਦਰ, ਕੇਰਲਾ**- ਇਹ ਪੁਰਾਤਨ ਮੰਦਰ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਈਸਾ ਤੋਂ ਕਈ ਸਦੀਆਂ ਪਹਿਲਾਂ ਦਾ ਨਿਰਮਿਤ ਹੈ। ਬ੍ਰਹਮ ਪੁਰਾਣ, ਮਤਸਿਆ ਪੁਰਾਣ, ਸਕੰਦ ਪੁਰਾਣ ਅਤੇ ਭਗਵਤ ਪੁਰਾਣ ਆਦਿ ਕਈ ਪ੍ਰਾਚੀਨ ਗ੍ਰੰਥਾਂ ਵਿੱਚ ਇਸ ਦਾ ਵੇਰਵਾ ਆਉਂਦਾ ਹੈ। ਕੇਰਲਾ ਦੇ ਥਿਰੂਵੰਨਤਾਪੁਰਮ ਸ਼ਹਿਰ ਵਿੱਚ ਸਥਿੱਤ ਇਹ ਮੰਦਰ ਦੁਨੀਆਂ ਦਾ ਸਭ ਤੋਂ ਦੌਲਤਮੰਦ ਮੰਦਰ ਹੈ। 2011 ਵਿੱਚ ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਇਸ ਦੇ ਸਦੀਆਂ ਤੋਂ ਬੰਦ ਗੁਪਤ ਤਹਿਖਾਨੇ ਖੋਲ੍ਹੇ ਗਏ ਤਾਂ ਦੁਨੀਆਂ ਇਸ ਦੇ ਖਜ਼ਾਨੇ ਵੇਖ ਕੇ ਚਕਾਚੌਂਧ ਰਹਿ ਗਈ। ਹਨੇਰੇ ਸਿਲ੍ਹੇ ਤਹਿਖਾਨਿਆਂ ਵਿੱਚ ਸੋਨੇ, ਚਾਂਦੀ, ਹੀਰਿਆਂ, ਮੋਤੀਆਂ, ਪੁਖਰਾਜ, ਨੀਲਮ, ਮਾਣਕ, ਪੰਨੇ ਆਦਿ ਕੀਮਤੀ ਪੱਥਰਾਂ ਅਤੇ ਧਾਤਾਂ ਦੇ ਢੇਰ ਲੱਗੇ ਹੋਏ ਸਨ। ਸੋਨੇ ਦੀਆਂ ਮੂਰਤੀਆਂ, ਚੇਨਾਂ, ਸਿੱਕੇ, ਮੁਕਟ ਅਤੇ ਹਾਰ ਆਦਿ ਠੂਸ ਠੂਸ ਕੇ ਭਰੇ ਹੋਏ ਸਨ। ਕਈ ਕਰੋੜ ਦੇ ਸੋਨੇ ਦੇ ਸਿੱਕੇ ਤਾਂ ਰੋਮਨ ਸਾਮਰਾਜ ਦੇ ਸਨ। ਇਸ ਖਜ਼ਾਨੇ ਦੀ ਮਾਰਕੀਟ ਕੀਮਤ ਇੱਕ ਲੱਖ ਕਰੋੜ ਰੁਪਏ ਆਂਕੀ ਗਈ ਹੈ। ਜੇ ਇਸ ਮਾਲ ਦੀ ਇਤਿਹਾਸਕ ਅਤੇ ਪੁਰਾਤਨ ਮਹੱਤਤਾ ਨੂੰ ਵਾਚਿਆ ਜਾਵੇ ਤਾਂ ਇਸ ਦੀ ਕੀਮਤ ਸੌ ਗੁਣਾ ਹੋਰ ਵੱਧ ਜਾਵੇਗੀ। ਅਜੇ 8 ਵਿੱਚੋਂ ਸਿਰਫ 5 ਤਹਿਖਾਨੇ ਖੋਲ੍ਹੇ ਗਏ ਹਨ।

**2 ਤਿਰੂਮਲਾ ਤਿਰੂਪਤੀ ਵੈਂਕਟੇਸ਼ਵਰਾ ਮੰਦਰ, ਆਂਧਰਾ ਪ੍ਰਦੇਸ਼**- ਇਹ ਮੰਦਰ ਵੀ ਭਗਵਾਨ ਵਿਸ਼ਣੂੰ ਨੂੰ ਸਮਰਪਿਤ ਹੈ ਅਤੇ ਸੰਨ 300 ਈਸਵੀ ਦੇ ਆਸ ਪਾਸ ਬਣਿਆ ਸੀ। ਇਸ ਮੰਦਰ ਦੀ ਗੋਲਕ ਤੋਂ ਸਲਾਨਾ ਆਮਦਨ ਕਰੀਬ 1700 ਕਰੋੜ ਅਤੇ ਖਜ਼ਾਨੇ ਦੀ ਕੀਮਤ 650 ਕਰੋੜ ਰੁਪਏ ਆਂਕੀ ਗਈ ਗਈ ਹੈ। ਇਹ ਮੰਦਰ ਤਿਰੂਮਲਾ ਦੇ ਪਹਾੜੀ ਸ਼ਹਿਰ ਵਿੱਚ ਸਥਿੱਤ ਹੈ। ਇਥੇ ਸੰਸਾਰ ਦੇ ਕਿਸੇ ਵੀ ਧਾਰਮਿਕ ਸਥਾਨ ਤੋਂ ਵੱਧ ਸ਼ਰਧਾਲੂ ਰੋਜ਼ਾਨਾ ਆਉਂਦੇ (50000 ਤੋਂ ਇੱਕ ਲੱਖ) ਹਨ। ਇਥੇ ਦੂਰ ਦੂਰ ਤੋਂ ਲੋਕ ਮੁੰਡਨ ਕਰਵਾਉਣ ਆਉਂਦੇ ਹਨ। ਹਰ ਸਾਲ 40 ਕਰੋੜ ਰੁਪਏ ਤਾਂ ਸਿਰਫ ਉਹ ਵਾਲ ਵੇਚ ਕੇ ਹੀ ਮੰਦਰ ਦੀ ਤਿਜ਼ੋਰੀ ਵਿੱਚ ਆਉਂਦੇ ਹਨ। ਵਿਦੇਸ਼ਾਂ ਵਿੱਚ ਇਹ ਵਾਲ ਵਿੱਗ ਆਦਿ ਬਣਾਉਣ ਦੇ ਕੰਮ ਆਉਂਦੇ ਹਨ। ਵੈਂਕਟੇਸ਼ਵਰ ਦੇਵਤੇ ਦੀ ਕਰੀਬ ਮੂਰਤੀ ਦੇ ਗਹਿਣੇ 10 ਕਵਿੰਟਲ ਸੋਨੇ ਦੇ ਬਣੇ ਹੋਏ ਹਨ। ਪ੍ਰਸ਼ਾਦ ਦੇ ਲੱਡੂ ਵੇਚ ਕੇ ਹਰ ਸਾਲ ਡੇਢ ਕਰੋੜ ਰੁਪਏ ਆਮਦਨ ਹੁੰਦੀ ਹੈ। ਕਿਹਾ ਜਾਂਦਾ ਹੈ ਕਿ ਅਮਿਤਾਭ ਬੱਚਨ ਨੇ ਇਥੇ 51 ਲੱਖ ਰੁਪਏ ਦਾਨ ਕੀਤੇ ਸਨ।



ਸੋਮਨਾਥ ਮੰਦਰ, ਗੁਜਰਾਤ

**3 ਸਾਈਂ ਬਾਬਾ ਮੰਦਰ, ਸ਼ਿਰਡੀ, ਮਹਾਂਰਾਸ਼ਟਰ**- ਸਾਂਈ ਬਾਬਾ ਦੀ ਯਾਦ ਵਿੱਚ ਬਣਿਆ ਇਹ ਮੰਦਰ 1922 ਈਥ ਵਿੱਚ ਉਸਾਰਿਆ ਗਿਆ ਸੀ। ਇਹ ਸ਼ਿਰਡੀ ਨਾਮ ਦੇ ਕਸਬੇ ਵਿੱਚ ਮੁੰਬਈ ਤੋਂ 296 ਕਿਥਮੀਥ ਦੂਰ ਸਥਿੱਤ ਹੈ। ਸਾਈਂ ਬਾਬਾ ਬਾਰੇ ਇਹ ਪਤਾ ਨਹੀਂ ਹੈ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ, ਪਰ ਉਹਨਾਂ ਦੀਆਂ ਸਿਖਿਆਵਾਂ ਇਸਲਾਮ ਅਤੇ ਹਿੰਦੂ ਧਰਮਾਂ ਦੇ ਚੰਗੇ ਗੁਣਾਂ ਦਾ ਨਿਚੋੜ ਹਨ। ਉਹਨਾਂ ਨੇ ਆਪਣੇ ਅਨੁਆਈਆਂ ਨੂੰ ਸਭ ਨਾਲ ਪਿਆਰ ਕਰਨ, ਮਾਫ ਕਰ ਦੇਣ, ਦਾਨ ਕਰਨ ਅਤੇ ਸੰਤੋਖੀ ਜੀਵਨ ਬਿਤਾਉਣ ਦੀ ਸਿੱਖਿਆ ਦਿੱਤੀ। ਹਰ ਜ਼ਾਤ, ਧਰਮ ਅਤੇ ਫਿਰਕੇ ਦੇ ਕਰੀਬ 30-35000 ਸ਼ਰਧਾਲੂ ਇਥੇ ਰੋਜ਼ਾਨਾ ਹਾਜ਼ਰੀ ਭਰਨ ਲਈ ਆਉਂਦੇ ਹਨ। ਸਲਾਨਾ ਚੜ੍ਹਾਵਾ 600 ਕਰੋੜ ਰੁਪਏ ਦੇ ਲਗਭਗ ਹੈ। ਇਸ ਤੋਂ ਇਲਾਵਾ ਇਸ ਦੇ ਖਜ਼ਾਨੇ ਵਿੱਚ ਸ਼ਰਧਾਲੂਆਂ ਦੁਆਰਾ ਭੇਂਟ ਕੀਤੇ 35 ਕਰੋੜ ਦੇ ਸੋਨੇ ਚਾਂਦੀ ਦੇ ਗਹਿਣੇ ਮੌਜੂਦ ਹਨ।

**4 ਮੰਦਰ ਮਾਤਾ ਵੈਸ਼ਣੋ ਦੇਵੀ, ਜੰਮੂ ਕਸ਼ਮੀਰ**- ਮਾਤਾ ਵੈਸ਼ਣੋ ਦੇਵੀ ਮੰਦਰ ਬਹੁਤ ਹੀ ਪ੍ਰਚੀਨ ਹੈ। ਇਥੇ ਹਰ ਸਾਲ ਇੱਕ ਕਰੋੜ ਤੋਂ ਵੱਧ ਸ਼ਰਧਾਲੂ ਦਰਸ਼ਨ ਕਰਨ ਲਈ ਜਾਂਦੇ ਹਨ ਤੇ ਸਲਾਨਾ ਚੜ੍ਹਾਵਾ 500 ਕਰੋੜ ਰੁਪਏ ਦੇ ਕਰੀਬ ਹੈ। ਪਹਿਲਾਂ ਇਸ ਦਾ ਕੰਟਰੋਲ ਪੰਡਿਆਂ ਦੇ ਕੋਲ ਹੁੰਦਾ ਸੀ ਪਰ ਹੁਣ ਇਸ ਦਾ ਪ੍ਰਬੰਧ ਸ਼ਰਾਈਨ ਬੋਰਡ ਕਰਦਾ ਹੈ। ਜੰਮੂ ਕਸ਼ਮੀਰ ਦੇ ਗਵਰਨਰ ਇਸ ਬੋਰਡ ਦੇ ਚੇਅਰਮੈਨ ਹਨ। ਇਸ ਬੋਰਡ ਨੇ ਇਸ ਮੰਦਰ ਦੇ ਪ੍ਰਬੰਧਾਂ ਦੇ ਸੁਧਾਰ ਵਿੱਚ ਬੇਮਿਸਾਲ ਕੰਮ ਕੀਤੇ ਹਨ।

**5 ਸੋਮਨਾਥ ਮੰਦਰ, ਗੁਜਰਾਤ**- ਇਹ ਮੰਦਰ ਪ੍ਰਭਾਸ ਪੱਟਨ ਸ਼ਹਿਰ ਵਿੱਚ ਗੁਜਰਾਤ ਦੇ ਪੱਛਮੀ ਤੱਟ ਤੇ ਸਥਿੱਤ ਹੈ। ਇਹ ਭਗਵਾਨ ਸ਼ਿਵ ਦੇ 12 ਜਯੋਤੀ ਲਿੰਗਾਂ ਵਿੱਚੋਂ ਪਹਿਲਾ ਹੈ ਤੇ ਚੰਦਰ ਦੇਵਤੇ ਨੂੰ ਸਮਰਪਿਤ ਹੈ। ਹਜ਼ਾਰਾਂ ਸਾਲ ਪੁਰਾਣੇ ਇਹ ਮੰਦਰ ਨੂੰ ਮਹਿਮੂਦ ਗਜ਼ਨਵੀ ਸਮੇਤ ਅਨੇਕਾਂ ਧਾੜਵੀਆਂ ਦੁਆਰਾ ਲੁੱਟਿਆ ਅਤੇ ਤਬਾਹ ਕੀਤਾ ਗਿਆ ਹੈ। ਮੌਜੂਦਾ ਮੰਦਰ ਦਾ ਨਿਰਮਾਣ 1951 ਈ ਵਿੱਚ ਕੀਤਾ ਗਿਆ ਸੀ। 2012 ਵਿੱਚ ਸੂਰਤ ਅਤੇ ਮੁੰਬਈ ਦੇ ਦੋ ਵਪਾਰੀਆਂ ਨੇ ਇਥੇ 36 ਕਿੱਲੋ ਸੋਨਾ ਦਾਨ ਕੀਤਾ ਸੀ। ਇਸ ਮੰਦਰ ਦੀ ਸਲਾਨਾ ਆਮਦਨ ਕਰੀਬ 125 ਕਰੋੜ ਰੁਪਏ ਦੇ ਕਰੀਬ ਹੈ।

**6. ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ**- ਹਰਿਮੰਦਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਇਥੇ ਦਾ ਲੰਗਰ ਸੰਸਾਰ ਦੀ ਸਭ ਤੋਂ ਵੱਡੀ ਫਰੀ ਕਿਚਨ ਹੈ। ਹਰਿਮੰਦਰ ਸਾਹਿਬ ਦਾ ਸਲਾਨਾ ਸਲਾਨਾ ਚੜ੍ਹਾਵਾ 85-90 ਕਰੋੜ ਰੁਪਏ ਦੇ ਲਗਭਗ ਹੈ।

**7. ਜਗਨਨਾਥ ਪੁਰੀ, ਉੜੀਸਾ**- ਇਹ ਮੰਦਰ ਉੜੀਸਾ ਦੇ ਪੁਰੀ ਸ਼ਹਿਰ ਵਿੱਚ ਸਥਿੱਤ ਹੈ। ਇਸ ਦਾ ਨਿਰਮਾਣ ਗੰਗਾ ਵੰਸ਼ ਦੇ ਰਾਜੇ ਅਨੰਤਵਰਮਨ ਦੇਵ ਨੇ 12ਵੀਂ ਸਦੀ ਵਿੱਚ ਕਰਾਇਆ ਸੀ। ਇਹ ਹਿੰਦੂਆਂ ਦੇ ਚਾਰ ਧਾਮਾਂ ਵਿੱਚੋਂ ਇੱਕ ਹੈ। ਇਸ ਦੀ ਸਲਾਨਾ ਆਮਦਨ 45 ਕਰੋੜ ਰੁਪਏ ਦੇ ਕਰੀਬ ਹੈ। ਇਸ ਦੀ ਪ੍ਰਸਿੱਧੀ ਕਾਰਨ ਇਸ ਨੂੰ ਹਮਲਾਵਰਾਂ ਨੇ ਹੁਣ ਤੱਕ 18 ਵਾਰ ਲੁੱਟਿਆ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇਥੇ ਕਾਫੀ ਸੋਨਾ ਦਾਨ ਕੀਤਾ ਸੀ। ਉਸ ਨੇ ਇੱਕ ਵਾਰ ਕੋਹਿਨੂਰ ਹੀਰਾ ਵੀ ਇਥੇ ਦਾਨ ਕਰਨ ਦਾ ਮਨ ਬਣਾਇਆ ਸੀ ਪਰ ਅਚਾਨਕ ਮੌਤ ਹੋ ਜਾਣ ਕਾਰਨ ਗੱਲ ਵਿੱਚੇ ਰਹਿ ਗਈ। ਮੰਦਰ ਦੇ ਖਜ਼ਾਨੇ ਵਿੱਚ ਪੰਜ ਕੁਵਿੰਟਲ ਦੇ ਕਰੀਬ ਸੋਨੇ ਅਤੇ 22 ਕਵਿੰਟਲ ਦੇ ਕਰੀਬ ਚਾਂਦੀ ਦੀਆਂ ਵਸਤੂਆਂ ਹਨ। ਇਸ ਦੇ 200 ਕਰੋੜ ਦੇ ਕਰੀਬ ਰੁਪਏ ਬੈਂਕਾਂ ਵਿੱਚ ਜਮ੍ਹਾਂ ਹਨ ਜਿਸ ਦੇ ਵਿਆਜ ਤੋਂ ਰੋਜ਼ਾਨਾ ਦੇ ਖਰਚੇ ਚਲਾਏ ਜਾਂਦੇ ਹਨ।

**8. ਸਿੱਧੀ ਵਿਨਾਇਕ ਮੰਦਰ, ਮੁੰਬਈ** - ਭਗਵਾਨ ਗਣੇਸ਼ ਨੂੰ ਸਮਰਪਿਤ ਇਹ ਮੰਦਰ 1801 ਈ. ਵਿੱਚ ਇੰਦੌਰ ਦੀ ਦਾਰਸ਼ਨਿਕ ਮਹਾਰਾਣੀ ਅਹਿਲਿਆ ਬਾਈ ਹੌਲਕਰ ਨੇ ਬਣਵਾਇਆ ਸੀ। ਇਹ ਮੁੰਬਈ ਦਾ ਸਭ ਤੋਂ ਅਮੀਰ ਮੰਦਰ ਹੈ। ਇਥੇ ਰੋਜ਼ਾਨਾ 25000 ਤੇ ਤਿਉਹਾਰਾਂ ਤੇ ਦੋ ਲੱਖ ਸ਼ਰਧਾਲੂ ਆਉਂਦੇ ਹਨ। ਇਸ ਦੀ ਸਲਾਨਾ ਆਮਦਨ 25 ਤੋਂ 30 ਕਰੋੜ ਰੁਪਏ ਹੈ। ਕਲਕੱਤਾ ਦੇ ਇੱਕ ਸ਼ਰਧਾਲੂ ਵਪਾਰੀ ਨੇ ਇਥੇ ਭਗਵਾਨ ਗਣੇਸ਼ ਦੀ ਮੂਰਤੀ ਲਈ 5 ਕਿੱਲੋ ਸੋਨੇ ਦੀ ਪਾਲਕੀ ਭੇਂਟ ਕੀਤੀ ਸੀ। ਇਸ ਮੰਦਰ ਨੂੰ ਇੱਕ ਵਿਵਾਦਮਈ ਟਰੱਸਟ ਚਲਾਉਂਦਾ ਹੈ ਜਿਸ ?ਤੇ ਮੰਦਰ ਦੇ ਪੈਸੇ ਨੂੰ ਦੁਰਪਯੋਗ ਕਰਨ ਦੇ ਇਲਜ਼ਾਮ ਲੱਗਦੇ ਰਹਿੰਦੇ ਹਨ।

**9. ਕਾਸ਼ੀ ਵਿਸ਼ਵਨਾਥ ਮੰਦਰ, ਯੂਪੀ** - ਵਾਰਾਣਸੀ (ਬਨਾਰਸ) ਵਿੱਚ ਸਥਿੱਤ ਭਗਵਾਨ ਸ਼ਿਵ ਦਾ ਇਹ ਮੰਦਰ ਹਜ਼ਾਰਾਂ ਸਾਲ ਪੁਰਾਣਾ ਹੈ। ਇਹ ਮੰਦਰ ਨੂੰ ਧਾੜਵੀਆਂ ਦੁਆਰਾ ਕਈ ਵਾਰ ਲੁੱਟਿਆ ਤੇ ਤਬਾਹ ਕੀਤਾ ਗਿਆ ਹੈ। ਇਸ ਦੇ ਗੁੰਬਦ ਅਤੇ ਮੀਨਾਰ ਸੋਨੇ ਨਾਲ ਮੜ੍ਹੇ ਹੋਏ ਹਨ। ਇਸ ਦੀ ਸਲਾਨਾ ਆਮਦਨ ਕਰੀਬ 15 ਕਰੋੜ ਹੈ। ਇਸ ਦੇ ਦੋ ਗੁੰਬਦਾਂ ਨੂੰ ਸੋਨੇ ਨਾਲ ਮੜਵਾਉਣ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਮੁਗਲ ਸਮਰਾਟ ਔਰੰਗਜ਼ੇਬ ਨੇ ਇਸ ਮੰਦਰ ਨੂੰ ਬਿਲਕੁਲ ਨੇਸਤਾਨਾਬੂਦ ਕਰ ਦਿੱਤਾ ਸੀ। ਮੌਜੂਦਾ ਮੰਦਰ ਦੀ ਉਸਾਰੀ ਵੀ ਇੰਦੌਰ ਦੀ ਮਰਾਠਾ ਮਹਾਰਾਣੀ ਅਹੱਲਿਆ ਬਾਈ ਹੌਲਕਰ ਨੇ 1780 ਈਥ ਵਿੱਚ ਕਰਵਾਈ ਸੀ।

**10. ਮੀਨਾਕਸ਼ੀ ਅੰਮਾ ਮੰਦਰ, ਤਾਮਿਲਨਾਡੂ** - ਇਹ ਮੰਦਰ ਮਦੁਰਾਈ ਵਿੱਚ ਸਥਿੱਤ ਹੈ। ਮਦੁਰਾਈ ਨੂੰ ਮੰਦਰਾਂ ਦਾ ਸ਼ਹਿਰ ਕਿਹਾ ਜਾਂਦਾ ਹੈ। ਵੈਸੇ ਤਾਂ ਇਹ ਮੰਦਰ ਬਹੁਤ ਪ੍ਰਾਚੀਨ ਹੈ ਪਰ ਮੌਜੂਦਾ ਇਮਾਰਤ ਦੀ ਉਸਾਰੀ ਮਦੁਰਾਈ ਸਟੇਟ ਦੇ ਪ੍ਰਧਾਨ ਮੰਤਰੀ ਅਰਿਅੰਤ ਮੁਦਲੀਆਰ ਨੇ 1569 ਈਸਵੀ ਵਿੱਚ ਕਰਵਾਈ ਸੀ। ਇਥੇ ਰੋਜ਼ਾਨਾ 15000 ਦੇ ਕਰੀਬ ਸ਼ਰਧਾਲੂ ਆਉਂਦੇ ਹਨ ਤੇ ਸਲਾਨਾ ਆਮਦਨ 10 ਕਰੋੜ ਰੁਪਏ ਦੇ ਕਰੀਬ ਹੈ। ਮੰਦਰ ਦੀ ਇਮਾਰਤ ਦੇ ਬਾਹਰਲੇ ਪਾਸੇ ਦੋ ਸੁਨਹਿਰੇ ਵਿਮਾਨਾਂ ਤੋਂ ਇਲਾਵਾ 33000 ਸ਼ਾਨਦਾਰ ਮੂਰਤੀਆਂ ਖੁਦੀਆਂ ਹੋਈਆਂ ਹਨ। ਵਿਸ਼ਵ ਦੇ ਆਧੁਨਿਕ ਸੱਤ ਅਜੂਬੇ ਚੁਣਨ ਲਈ ਜਿਹੜੇ 30 ਸਮਾਰਕਾਂ ਦੀ ਚੋਣ ਕੀਤੀ ਗਈ ਸੀ, ਇਹ ਵੀ ਉਹਨਾਂ ਵਿੱਚ ਸ਼ਾਮਲ ਸੀ। ਹਰੇਕ ਇਨਸਾਨ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਧਾਰਮਿਕ ਸਥਾਨਾਂ ਨੂੰ ਦਾਨ ਦੇਣ ਦਾ ਹੱਕ ਹੈ। ਪਰ ਇਹ ਵੀ ਜਰੂਰੀ ਹੈ ਕਿ ਧਾਰਮਿਕ ਸਥਾਨਾਂ ਦੇ ਨਾਲ ਨਾਲ ਗਰੀਬਾਂ, ਮਜ਼ਬੂਰਾਂ ਅਤੇ ਬੇਸਹਾਰਿਆਂ ਦਾ ਵੀ ਖਿਆਲ ਰੱਖਿਆ ਜਾਵੇ। ਉਹਨਾਂ ਦੀ ਵੀ ਜਥਾ ਸ਼ਕਤੀ ਮਦਦ ਕੀਤੀ ਜਾਵੇ।

# ਹਾਏ ਬਾਪੂ ਅੱਗੇ ਤੋਂ ਨਹੀਂ....

**ਮੇਜਰ ਸਿੰਘ ਨਾਭਾ**

'ਵਿਗੜਿਆਂ ਤਿਗੜਿਆਂ ਦਾ ਡੰਡਾ ਪੀਰ' ਦੀ ਕਹਾਵਤ ਹੁਣ ਪੁਰਾਣੀ ਹੋ ਗਈ ਲੱਗਦੀ ਹੈ। ਇਨਸਾਨ ਨੂੰ ਡੰਡੇ ਨਾਲ ਸੁਧਾਰਨ ਦੀ ਗੱਲ ਹੁਣ ਦੂਰ ਦੀ ਗੱਲ ਹੈ। ਜਿਵੇਂ ਕਿ ਅਮਰੀਕਾ ਨੇ ਆਪਣੀ ਤਾਕਤ ਨੂੰ ਦੁਨੀਆਂ ਵਿਚ ਮਨਵਾਉਣ ਲਈ ਕਈ ਦੇਸ਼ਾਂ ਨਾਲ ਗੱਲਬਾਤ ਦੀ ਥਾਂ ਸ਼ਕਤੀ ਨੂੰ ਵਰਤਣ ਦਾ ਖਮਿਆਜ਼ਾ ਦੇਖ ਹੀ ਲਿਆ ਹੈ। ਸਕੂਲਾਂ ਵਿਚ ਬੱਚੇ ਨੂੰ ਸੁਧਾਰਨ ਦੀ ਗੱਲ ਲਈਏ ਤਾਂ ਸਿੱਖਿਆ ਮਾਹਿਰਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਅੰਦਰ ਡੰਡੇ ਨਾਂ ਦੀ ਕੋਈ ਚੀਜ਼ ਨਹੀਂ। ਹੈ ਵੀ ਠੀਕ ਅੱਜ ਦਾ ਬੱਚੇ ਬੜਾ ਸੈਂਸੇਟਿਵ ਹੈ ਉਸ ਉੱਪਰ ਹਰੇਕ ਗੱਲ ਦਾ ਕੋਈ ਨਾ ਕੋਈ ਪ੍ਰਭਾਵ ਜ਼ਰੂਰ ਪੈਂਦਾ ਹੈ।

ਸ਼ਾਇਦ ਇਹ 1972 ਦੀ ਗੱਲ ਹੈ ਜਦੋਂ ਮੈਂ ਸਰਕਾਰੀ ਹਾਈ ਸਕੂਲ ਦੰਦਰਾਲਾ ਢੀਂਡਸਾ ਵਿਖੇ ਨੌਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ। ਮੇਰੇ ਦੋਸਤ ਗੁਰਪ੍ਰੀਤ ਦਾ ਪਿਤਾ ਮੇਰੀ ਸੁਰਤ ਸੰਭਲਣ ਤੋਂ ਪਹਿਲਾਂ ਦਾ ਹੀ ਪਿੰਡ ਦਾ ਸਰਪੰਚ ਬਣਿਆ ਹੋਇਆ ਸੀ। ਪਿੰਡ ਵਿਚ ਤਕੜੇ ਲਾਣੇ ਵਜੋਂ ਜਾਣਿਆ ਜਾਂਦਾ ਸੀ। ਇਕ ਦਿਨ ਗੁਰਪ੍ਰੀਤ ਨਾਲ ਦੇ ਮੁੰਡਿਆਂ ਨਾਲ ਸਕੂਲੋਂ ਕੰਧ ਟੱਪ ਕੇ ਫਿਰਨੀ ਦੇ ਨੇੜਲੇ ਖੂਹ ਤੇ ਚਲਿਆ ਗਿਆ। ਅਚਾਨਕ ਗੁਰਪ੍ਰੀਤ ਦਾ ਪਿਤਾ ਉਧਰੋਂ ਦੀ ਲੰਘ ਰਿਹਾ ਸੀ ਤਾਂ ਉਥੇ ਗੁਰਪ੍ਰੀਤ ਨੂੰ ਦੇਖ ਦੇ ਕ੍ਰੋਧ ਵਿਚ ਆ ਗਿਆ। ਉਸ ਨੂੰ ਉਥੋਂ ਨੇੜਿਓਂ ਇਕ ਤੂਤ ਦੀ ਛਟੀ ਮਿਲ ਗਈ। ਬਸ ਫੇਰ ਤਾਂ ਗੁਰਪ੍ਰੀਤ ਨੂੰ ਬਾਹਰੋਂ

ਕੁੱਟਦੇ ਕੁੱਟਦੇ ਲਿਆ ਕੇ ਸਕੂਲ ਵਿਚ ਹੈੱਡਮਾਸਟਰ ਸਾਹਮਣੇ ਗਿੱਟਿਆਂ ਨੂੰ ਛਾਂਗਦਿਆਂ ਲੇਰਾਂ ਕਢਵਾ ਦਿੱਤੀਆਂ। ਗੁਰਪ੍ਰੀਤ ਦੇ ਬੋਲ ?ਹਾਏ, ਬਾਪੂ, ਅੱਗੇ ਤੋਂ ਨਹੀਂਥਥਥਥ' ਸੁਣਦਿਆਂ ਸਾਰੇ ਸਕੂਲ ਦੇ ਬੱਚਿਆਂ ਦੇ ਸਵਾਸ ਅੰਦਰ ਨੂੰ ਚਲੇ ਗਏ। ਹੈੱਡਮਾਸਟਰ ਤੋਂ ਵੱਖਰੀ ਕੁਟਾਈ ਕਰਵਾਈ। ਪਰ ਜਦੋਂ ਮੈਂ ਅੱਜ ਦੇ ਮਾਪਿਆਂ ਅਤੇ ਬੱਚਿਆਂ ਵੱਲ ਵੇਖਦਾ ਹਾਂ ਤਾਂ ਨਾ ਤਾਂ ਮਾਪੇ ਦਾ ਹੀ ਏਨਾ ਜ਼ੇਰਾ ਏ ਤੇ ਨਾ ਹੀ ਬੱਚੇ ਅੰਦਰ ਹੀ ਏਨੀ ਬਰਦਾਸ਼ਤ ਸ਼ਕਤੀ ਹੈ।

ਮੈਟ੍ਰਿਕ ਪਾਸ ਕਰਨ ਤੋਂ ਬਾਅਦ ਅਸੀਂ ਤਿੰਨ ਮੁੰਡਿਆਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ। ਪਿੰਡ ਤੋਂ ਸ਼ਹਿਰ ਤਕਰੀਬਨ 16-17 ਕਿਲੋਮੀਟਰ ਸੀ। ਅਸੀਂ ਸਾਇਕਲਾਂ ਉੱਪਰ ਹੀ ਕਾਲਜ ਜਾਂਦੇ। ਪੰਜਾਬ ਸਟੂਡੈਂਟਸ ਯੂਨੀਅਨ (ਪੀਥਐਸ਼ਯੂ) ਦਾ ਇਨ੍ਹਾਂ ਦਿਨਾਂ ਵਿਚ ਬਹੁਤ ਜ਼ੋਰ ਸੀ। ਵਿਦਿਆਥੀਆਂ ਦੀ ਇਕ ਮੰਗ ਕਨਸੈਸ਼ਨਲ ਰੇਟ 'ਤੇ ਸਟੂਡੈਂਟਸ ਬਸ ਪਾਸ ਬਨਾਉਣ ਦੀ ਸਰਕਾਰ ਨੇ ਮੰਨ ਲਈ। ਹੁਣ ਅਸੀਂ ?ਬਸ ਪਾਸ' ਬਣਾ ਕੇ ਕਾਲਜ ਨੂੰ ਬਸ ਰਾਹੀਂ ਜਾਣ ਲੱਗ ਪਏ। ਭਾਵੇਂ ਬਸਾਂ ਦੇ ਰੂਟ ਸੀਮਿਤ ਹੀ ਸੀ। ਬਸਾਂ ਰਾਹੀਂ ਜਾਣਾ ਸਾਈਕਲਾਂ ਤੇ ਜਾਣ ਨਾਲੋਂ ਜ਼ਿਆਦਾ ਸਮਾਂ ਬਰਬਾਦ ਕਰਦਾ ਸੀ ਕਿਉਂਕਿ ਜਾਣ ਵੇਲੇ ਕਾਫੀ ਸਮਾਂ ਪਹਿਲਾਂ ਜਾਣਾ ਪੈਂਦਾ ਇਸੇ ਤਰ੍ਹਾਂ ਵਾਪਸੀ ਤੇ ਕਾਫੀ ਸਮਾਂ ਬਸਾਂ ਦੀ ਉਡੀਕ ਕਰਨੀ ਪੈਂਦੀ। ਸਰਦੀਆਂ ਵਿਚ ਜ਼ਿਆਦਾ ਠੰਡ ਅਤੇ ਦਿਨ ਛੋਟੇ ਹੋਣ ਕਾਰਨ ਮੈਂ ਤੇ ਗੁਰਪ੍ਰੀਤ ਨੇ ਪਿੰਡ ਦੇ ਸੀਨੀਅਰ ਮੁੰਡਿਆਂ ਵਾਂਗ ਸ਼ਹਿਰ ਹੀ ਕਿਰਾਏ ਤੇ ਕਮਰਾ ਲੈ ਲਿਆ। ਰੋਟੀ ਤੇ ਦੁੱਧ ਪਿੰਡੋਂ ਆ ਜਾਂਦਾ ਸੀ। ਸਾਨੂੰ ਹਫਤੇ ਦਾ ਖਰਚ 20 ਤੋਂ 25 ਰੁਪਏ ਤੱਕ ਹੀ ਮਿਲਦਾ, ਜਿਸ ਨਾਲ ਅਸੀਂ ਆਪਣੇ ਸਾਰੇ ਖਰਚ ਚਲਾਉਂਦੇ, ਵਿਚੋਂ ਹੀ ਫਿਲਮ ਭੀ ਵੇਖ ਲੈਂਦੇ।

ਗੁਰਪ੍ਰੀਤ ਦੇ ਵੱਡੇ ਭਰਾ ਦਾ ਵਿਆਹ ਹੋ ਚੁੱਕਾ ਸੀ ਉਸ ਨੂੰ ਵਿਆਹ 'ਚ 'ਰਾਜਦੂਤ' ਮੋਟਰ ਸਾਈਕਲ ਮਿਲਿਆ ਸੀ। ਸ਼ਾਇਦ ਪਿੰਡ ਵਿਚ ਉਸ ਸਮੇਂ ਕਿਸੇ। ਵੀ ਘਰ ਸਕੂਟਰ ਜਾਂ ਮੋਟਰਸਾਈਕਲ ਨਹੀਂ ਸੀ। ਯੂਨੀਵਰਸਿਟੀ ਵੱਲੋਂ ਕੁਝ ਕਲਾਸਾਂ ਦੀ ਸਵੇਰੇ ਅਤੇ ਕੁਝ ਦੀ ਸ਼ਾਮ ਨੂੰ ਸਾਲਾਨਾ ਪ੍ਰੀਖਿਆ ਲਈ ਜਾਂਦੀ ਸੀ। ਪਹਿਲੇ ਸਾਲ ਪ੍ਰੈਪ ਦੇ ਪੇਪਰ ਸਵੇਰੇ ਹੋਣ ਕਾਰਨ ਪਿੰਡੋਂ ਆਉਣ ਜਾਣ ਦੀ ਕੋਈ ਦਿੱਕਤ ਨਾ ਆਈ। ਪਰ ਸ਼ਾਇਦ ਬੀਥਏਥ ਭਾਗ ਦੂਜਾ ਦੇ ਪੇਪਰ ਸ਼ਾਮ ਨੂੰ ਪਹਿਲੀ ਵਾਰ ਆਏ। ਸ਼ਾਮ ਦੇ ਪੇਪਰ ਹੋਣ ਕਾਰਨ ਪਿੰਡ ਨੂੰ ਜਾਣ ਦਾ ਬਸ ਸਮਾਂ 5 ਵਜੇ ਤੋਂ ਬਾਅਦ ਨਹੀਂ ਸੀ। ਇਸ ਤਰ੍ਹਾਂ 5 ਵਜੇ ਤੱਕ ਪੇਪਰ ਦੇ ਕੇ ਬਸ ਨਹੀਂ ਜਾ ਸਕਦੇ ਸੀ। ਗੁਰਪ੍ਰੀਤ ਦਾ ਪਿਤਾ ਸਾਨੂੰ ਦੋਵਾਂ ਨੂੰ ਮੋਟਰਸਾਈਕਲ ਤੇ ਆਪ ਪੇਪਰ ਦਿਵਾਉਣ ਆਇਆ ਜਿਵੇਂ ਕਿ ਅੱਜ ਲੜਕੀਆਂ ਨੂੰ ਮਾਪੇ ਪੇਪਰ ਦਿਵਾਉਣ ਆਉਂਦੇ ਹਨ। ਗੁਰਪ੍ਰੀਤ ਭਾਵੇਂ ਮੋਟਰ ਸਾਈਕਲ ਚਲਾਉਣਾ ਜਾਣਦਾ ਸੀ ਪਰ ਉਸ ਦੀ ਏਨੀ ਜ਼ੁਅਰੱਤ ਨਹੀਂ ਸੀ ਕਿ ਮੋਟਰਸਾਈਕਲ ਮੰਗ ਲੈਂਦਾ।

ਐਮਥਏਥ 'ਚ ਪੜ੍ਹਦੇ ਗੁਰਪ੍ਰੀਤ ਦਾ ਰਿਸ਼ਤਾ ਕੈਨੇਡਾ 'ਚ ਹੋ ਗਿਆ। ਜਦੋਂ ਉਹ ਪਹਿਲੀ ਵਾਰ ਭਾਰਤ ਆਇਆ ਤਾਂ ਕੰਮ ਕਾਰ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਸਟੋਰਾਂ 'ਤੇ ਸਮਾਨ ਗੱਡੀ ਰਾਹੀਂ ਪਹੁੰਚਾਉਣ ਦਾ ਕੰਮ ਕਰਦਾ ਹੈ। ਭਾਵੇਂ ਉਸ ਲਈ ਆਪਣੇ ਦੇਸ਼ ਵਿਚ ਹੀ ਵਧੀਆ ਕਾਰੋਬਾਰ ਚਲਾਉਣ ਲਈ ਵਿੱਤੀ ਹਾਲਤ ਚੰਗੀ ਸੀ ਪਰ ਉਧਰਲੇ ਅਨੁਸ਼ਾਸ਼ਤ ਸਮਾਜ ਤੋਂ ਏਨਾ ਜ਼ਿਆਦਾ ਪ੍ਰਭਾਵਿਤ ਹੈ ਕਿ ਉਹ ਹੁਣ ਉਧਰ ਦਾ ਹੀ ਬਣ ਕੇ ਰਹਿ ਗਿਆ ਹੈ। ਅੱਜ ਜਦੋਂ ਹੁਣ ਦੇ ਪਾੜ੍ਹਿਆਂ ਬਾਰੇ ਸੋਚੀਦਾ ਹੈ ਤਾਂ ਮਨ ਵਿਚ ਬਹੁਤ ਸਾਰੇ ਪ੍ਰਸ਼ਨ ਉੱਠਦੇ ਹਨ ਤੇ ਜਵਾਬ ਮੰਗਦੇ ਹਨ ਕਿ ਅੱਜ ਬੱਚਿਆਂ ਅੰਦਰ ਮਾਂ-ਬਾਪ, ਅਧਿਆਪਕ ਪ੍ਰਤੀ ਵਤੀਰਾ ਏਨਾ ਕਿਉਂ ਬਦਲ ਚੁੱਕਾ ਹੈ ?

ਅੱਜ ਦੇ ਬੱਚੇ ਨੂੰ ਭਾਵੇਂ ਮਾਪੇ ਮੋਟਰ ਸਾਈਕਲ, ਮੋਬਾਈਲ, ਕੰਪਿਊਟਰ ਭਾਵ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕਰਦੇ ਹਨ ਪਰ ਬੱਚਿਆਂ ਅੰਦਰ ਸਤਿਕਾਰ, ਸਹਿਣਸ਼ੀਲਤਾ ਦੀ ਭਾਵਨਾ ਅਲੋਪ ਹੁੰਦੀ ਜਾਪਦੀ ਹੈ। ਅਧਿਆਪਕ ਅਤੇ ਮਾਪੇ ਬੱਚੇ ਨੂੰ ਸਰੀਰਕ ਸਜ਼ਾ ਤਾਂ ਕੀ, ਉਸ ਦੇ ਕਸੂਰ ਤੇ ਕਿੰਤੂ ਪ੍ਰੰਤੂ ਜਾਂ ਬੁਰਾ ਭਲਾ ਕਹਿਣ ਤੋਂ ਵੀ ਸੰਕੋਚ ਕਰਨ ਲੱਗ ਪਏ ਹਨ ਕਿਉਂਕਿ ਕਈ ਥਾਵਾਂ ਤੇ ਬੱਚਿਆਂ ਨੇ ਬਿਨਾਂ ਸੋਚੇ ਸਮਝੇ ਗਲਤ ਕਦਮ ਚੁੱਕੇ ਹਨ। ਇਸ ਲਈ ਅੱਜ ਅਧਿਆਪਕ ਅਤੇ ਮਾਪਿਆਂ ਲਈ ਅੱਜ ਦਾ ਬੱਚਾ ਵੱਡੀ ਚੁਣੌਤੀ ਬਣ ਕੇ ਸਾਹਮਣੇ ਆ ਰਿਹਾ ਹੈ ਜਿਸ ਬਾਰੇ ਸਾਡੇ ਸਮਾਜ ਤੇ ਸਰਕਾਰ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਕਿਹੜੇ ਕਾਰਨ ਪੈਦਾ ਹੋਏ ਹਨ ਅਤੇ ਉਨ੍ਹਾਂ ਨੂੰ ਕਿਵੇਂ ਹੱਲ ਕੀਤਾ ਜਾ ਸਕੇਗਾ।

# ਵਕਤ ਸਿਰ ਪੇਟ ਦੇ ਕੈਂਸਰ ਦਾ ਪਤਾ ਲਗਾਓ ਅਤੇ ਬਿਨਾਂ ਅਪਰੇਸ਼ਨ ਇਲਾਜ ਕਰਵਾਓ

ਪੇਟ ਵਿਚ ਕਿਸੇ ਵੀ ਕੋਸ਼ਿਕਾ (ਸੈਲ) ਦਾ ਗੈਰ-ਸਧਾਰਨ ਜਾਂ ਗੈਰ-ਕੰਟਰੋਲ ਤਰੀਕੇ ਨਾਲ ਵਧਣ ਨੂੰ ਆਸਾਨ ਭਾਸ਼ਾ ਵਿਚ ਪੇਟ ਦਾ ਕੈਂਸਰ ਕਿਹਾ ਜਾਂਦਾ ਹੈ। ਇਹ ਪੇਟ ਦੀਆਂ ਅੰਦਰੂਨੀ ਪਰਤਾਂ ਵਿਚ ਫੈਲਦਾ ਹੋਇਆ ਹੌਲੀ-ਹੌਲੀ ਬਾਹਰੀ ਪਰਤਾਂ 'ਤੇ ਆਉਂਦਾ ਹੈ। ਇਸ ਕਰਕੇ ਸ਼ੁਰੂਆਤ ਵਿਚ ਇਸ ਬਿਮਾਰੀ ਦਾ ਪਤਾ ਵੀ ਨਹੀਂ ਲੱਗਦਾ।



**ਲੱਛਣਾਂ ਦੀ ਨਾ ਕਰੋ ਅਣਦੇਖੀ**

ਪੇਟ ਦੇ ਕੈਂਸਰ ਦੀ ਸ਼ੁਰੂਆਤ ਅਵਸਥਾ ਵਿਚ ਲੱਛਣ ਜਲਦੀ ਸਾਹਮਣੇ ਨਹੀਂ ਆਉਂਦੇ। ਇਸਦੇ ਲੱਛਣ ਕਾਫੀ ਹੱਦ ਤੱਕ ਅਲਸਰ ਅਤੇ ਹੋਰ ਪੇਟ ਦੇ ਵਿਕਾਰਾਂ ਵਰਗੇ ਹੁੰਦੇ ਹਨ, ਇਹਨਾਂ ਲੱਛਣਾਂ ਦੇ ਪ੍ਰਗਟ ਹੋਣ ਤੇ ਚੌਕਸ ਹੋ ਜਾਣਾ ਚਾਹੀਦਾ ਹੈ।

ਅਕਸਰ ਬਦਹਜਮੀ ਦੀ ਸਮੱਸਿਆ ਰਹਿਣਾ।
ਪੇਟ ਵਿਚ ਅਕਸਰ ਦਰਦ ਮਹਿਸੂਸ ਕਰਨਾ।
ਭੁੱਖ ਵਿਚ ਕਮੀ ਮਹਿਸੂਸ ਹੋਣਾ।
ਕਾਲੇ ਰੰਗ ਦਾ ਮਲ ਨਿਕਲਣਾ।
ਖਾਣੇ ਤੋਂ ਬਾਅਦ ਉਲਟੀ ਹੋਣਾ।
ਵਜਨ ਦਾ ਘੱਟ ਹੁੰਦੇ ਜਾਣਾ।
ਖੂਨ ਦੀ ਕਮੀ (ਅਨੀਮੀਆ) ਤੋਂ ਪੀੜਤ ਹੋਣਾ।

**ਮਰਜ਼ ਦਾ ਆਧੁਨਿਕ ਇਲਾਜ**- ਜੇਕਰ ਸਮਾਂ ਰਹਿੰਦੇ ਇਹਨਾਂ ਸਮੱਸਿਆਵਾਂ ਵਿਚ ਸੁਧਾਰ ਨਾ ਹੋਵੇ ਤਾਂ ਗੈਸਟ੍ਰੋਐਂਟ੍ਰੋਲਾਜੀ ਮਾਹਿਰ ਤੋਂ ਸਲਾਹ ਲੈਣ ਵਿਚ ਦੇਰੀ ਨਾ ਕਰੋ। ਮਾਹਿਰ ਡਾਕਟਰ ਕੈਂਸਰ ਦਾ ਸ਼ੰਕਾ ਹੋਣ ਤੇ ਐਂਡੋਸਕੋਪੀ ਕਰਦੇ ਹਨ। ਇਸ ਨਾਲ ਕੈਂਸਰ ਹੋਣ ਦੀ ਜਾਣਕਾਰੀ ਮਿਲ ਜਾਂਦੀ ਹੈ। ਸ਼ੁਰੂਆਤੀ ਅਵਸਥਾ ਵਿਚ ਪੇਟ ਦੇ ਕੈਂਸਰ ਦਾ ਪਤਾ ਲੱਗ ਜਾਵੇ ਤਾਂ ਅਪਰੇਸ਼ਨ ਤੋਂ ਬਿਨਾਂ ਐਂਡੋਸਕੋਪਿਕ ਵਿਧੀ (ਈ. ਐਮ. ਆਰਥ ਜਾਂ ਈ. ਐਸ਼ ਡੀ.) ਨਾਲ ਇਲਾਜ ਕੀਤਾ ਜਾ ਸਕਦਾ ਹੈ। ਕੈਂਸਰ ਦਾ ਪਤਾ ਲੱਗਣ ਤੋਂ ਬਾਅਦ ਐਂਡੋਸਕੋਪਿਕ ਅਲਟਰਾਸਾਊਂਡ (ਈ. ਯੂ. ਐਸ਼) ਦੇ ਜ਼ਰੀਏ ਬਿਮਾਰੀ ਦੀ ਡੂੰਘਾਈ ਨਾਲ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਐਂਡੋਸਕੋਪਿਕ ਸਰਜਨ ਪੇਟ ਦੇ ਕੈਂਸਰ ਗ੍ਰਸਤ ਭਾਗ ਨੂੰ ਅਪਰੇਸ਼ਨ ਤੋਂ ਬਿਨਾਂ ਕੱਢ ਦਿੰਦੇ ਹਨ। ਇਸ ਪ੍ਰਕਿਰਿਆ ਵਿਚ ਐਂਡੋਸਕੋਪ ਅਤੇ ਦੂਜੇ ਉਪਕਰਨਾਂ ਦੀ ਮਦਦ ਨਾਲ ਕੈਂ ਟਿਸ਼ੂ ਨੂੰ ਪਾਚਨ ਤੰਤਰ ਤੋਂ ਹਟਾ ਦਿੱਤਾ ਜਾਂਦਾ ਹੈ। ਇਸ ਪ੍ਰਕਿਰਿਆ ਦੁਆਰਾ ਬਿਨਾਂ ਅਪਰੇਸ਼ਨ ਪੇਟ ਦੇ ਕੈਂਸਰ ਬਾਰੇ ਡੂੰਘਾਈ ਵਿਚ ਜਾਣਕਾਰੀ ਹਾਸਲ ਕਰਕੇ ਇਲਾਜ ਕੀਤਾ ਜਾਂਦਾ ਹੈ। ਸੀਟੀ ਸਕੈਨ ਅਤੇ ਐਕਸਰੇ ਵਾਂਗ ਇਸ ਵਿਚ ਰੈਡੀਏਸ਼ਨ ਨਹੀਂ ਹੁੰਦਾ।

ਰਵਾਇਤੀ ਐਂਡੋਸਕੋਪੀ ਵਿਚ ਡਾਕਟਰ ਅਤੇ ਸਰਜਨ ਰੋਗੀ ਦੇ ਪੇਟ ਦੀ ਸਿਰਫ ਸਭ ਤੋਂ ਅੰਦਰੂਨੀ ਪਰਤ (ਲਾਈਨਿੰਗ) ਨੂੰ ਹੀ ਦੇਖ ਸਕਦੇ ਹਨ ਪਰ ਮਾਹਿਰ ਡਾਕਟਰਾਂ ਨੂੰ ਈ. ਯੂ. ਐਸ਼ ਪੇਟ ਦੀਆਂ ਸਾਰੀਆਂ ਪਰਤਾਂ ਦੇਖਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਪੇਟ ਦੇ ਬਾਹਰ ਦੇ ਅੰਗਾਂ ਨੂੰ ਵੀ ਚੰਗੀ ਤਰ੍ਹਾਂ ਦੇਖਿਆ ਜਾ ਸਕਦਾ ਹੈ। ਈਥ ਐਸ਼ ਯੂਥ ਪ੍ਰਕਿਰਿਆ ਅਲਟਰਾਸਾਊਂਡ ਅਤੇ ਐਂਡੋਸਕੋਪੀ ਵਿਧੀ ਦਾ ਮੇਲ ਹੈ। ਰੋਗ ਦੀ ਡਾਈਗ੍ਰੋਸਿਸ ਕਰਕੇ ਇਸੇ ਪ੍ਰਕਿਰਿਆ ਦੇ ਜ਼ਰੀਏ ਰੋਗ ਦਾ ਸਟੀਕ ਅਤੇ ਕਾਮਯਾਬ ਇਲਾਜ ਸੰਭਵ ਹੈ। ਇਸ ਪ੍ਰਕਿਰਿਆ ਦੀ ਮਦਦ ਨਾਲ ਗੈਸਟ੍ਰਿਕ ਕੈਂਸਰ ਦੀ ਸ਼ੁਰੂਆਤੀ ਅਵਸਥਾ ਦਾ ਪਤਾ ਲਗਾ ਕੇ ਸਹੀ ਇਲਾਜ ਸੰਭਵ ਹੈ। ਪੇਟ ਦੇ ਕੈਂਸਰ ਬਾਰੇ ਜਲਦੀ ਪਤਾ ਲਗਾ ਕੇ ਇਲਾਜ ਕਰਵਾਉਣਾ ਜ਼ਰੂਰੀ ਹੈ। ਜਦੋਂ ਤੱਕ ਰੋਗੀ ਇਲਾਜ ਦੇ ਲਈ ਡਾਕਟਰ ਕੋਲ ਜਾਂਦੇ ਹਨ, ਉਦੋਂ ਤੱਕ ਬਿਮਾਰੀ ਅਡਵਾਂਸ ਸਟੇਜ ਤੱਕ ਪਹੁੰਚ ਚੁੱਕੀ ਹੁੰਦੀ ਹੈ। ਅਜਿਹੇ ਸਮੇਂ ਵਿਚ ਸੀਮਤ ਵਿਕਲਪਾਂ ਦੇ ਕਾਰਨ ਇਲਾਜ ਕਰਨਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਇਸ ਕਰਕੇ ਬਿਮਾਰੀ ਦਾ ਸਮਾਂ ਰਹਿੰਦੇ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ। ਜੇਕਰ ਵਧੀਆ ਅੰਡੋਸਕੋਪਿਕ ਅਲਟਰਾਸਾਊਂਡ ਮਸ਼ੀਨਾਂ ਲੋੜੀਂਦੀ ਮਾਤਰਾ ਵਿਚ ਉਪਲਬਧ ਹੋਣਗੀਆਂ ਤਾਂ ਪੇਟ ਨਾਲ ਜੁੜੇ ਕੈਂਸਰ ਦੀ ਮੌਤ ਦਰ ਵਿਚ ਕਮੀ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ। ਅਜਿਹਾ ਇਸ ਕਰਕੇ ਕਿਉਂਕਿ ਰੋਗੀ ਨੂੰ ਬਿਮਾਰੀ ਦਾ ਜਲਦੀ ਪਤਾ ਲੱਗ ਜਾਵੇਗਾ ਅਤੇ ਸਮਾਂ ਰਹਿੰਦੇ ਮਾਹਿਰ ਡਾਕਟਰ ਇਸਦੇ ਇਲਾਜ ਜਲਦੀ ਕਰ ਸਕਣਗੇ।

# ਜਰਮਨ ਵਿਚ ਤਿਆਰ ਹੋਏ ਇਹ ਖੂਬਸੂਰਤ ਰੋਬੋਟ- ਜੋ ਤੁਹਾਡੇ ਨਾਲ ਕਰਦੇ ਹਨ ਗੱਲਾਂ

ਜਰਮਨੀ ਵਿਚ ਇਕ ਕੰਪਨੀ ਨੇ ਅਜਿਹੇ ਅਨੋਖੇ ਰੋਬੋਟ ਤਿਆਰ ਕੀਤੇ ਹਨ, ਜਿਹਨਾਂ ਨੂੰ ਪੰਛੀ, ਤਿਤਲੀਆਂ, ਪੈਂਗਵਿਨ ਅਤੇ ਮੱਛੀਆਂ ਦੀ ਸ਼ਕਲ ਪ੍ਰਦਾਨ ਕੀਤੀ ਗਈ ਹੈ। ਕੰਪਨੀ ਇਹਨਾਂ ਰੋਬੋਟਸ ਦੇ ਕਈ ਵੀਡੀਓ ਵੀ ਜਾਰੀ ਕਰ ਚੁੱਕੀ ਹੈ। ਇਹਨਾਂ ਵੀਡੀਓ ਵਿਚ ਸਮੁੰਦਰ ਵਿਚ ਤੈਰਨ ਵਾਲੇ ਪੈਂਗਵਿਨ ਅਜਿਹੇ ਦਿਖਾਈ ਦੇ ਰਹੇ ਹਨ, ਜਿਵੇਂ ਉਹ ਪਾਣੀ ਵਿਚ ਉਡ ਰਹੇ ਹੋਣ। ਸਮੁੰਦਰ 'ਤੇ ਤੈਰਨ ਵਾਲੀ ਪਿਆਰੀ ਜਿਹੀ ਜੈਲ ਫਿਸ਼ ਵੀ ਕੁਝ ਅਜਿਹਾ ਹੀ ਦਿਖਾਵਾ ਕਰਦੀ ਹੈ।



ਆਮ ਤੌਰ ਤੇ ਤਿਤਤਲੀ ਤੋਂ ਕਾਫੀ ਵੱਡੇ ਆਕਾਰ ਦੀਆਂ ਇਹ ਤਿਤਲੀਆਂ ਹਵਾ ਵਿਚ ਆਪਣੀ ਮਨਚਾਹੀ ਦਿਸ਼ਾ ਵਿਚ ਉਡਾਣ ਭਰਦੀਆਂ ਹਨ। ਇਹਨਾਂ ਰੋਬੋਟਸ ਨੂੰ ਰਿਮੋਟ ਦੇ ਜ਼ਰੀਏ ਉਡਾਇਆ ਜਾਂਦਾ ਹੈ। ਕੰਪਨੀ ਦਾ ਦਾਅਵਾ ਹੈ ਕਿ ਉਸਦੇ ਬਣਾਏ ਗਏ ਰੋਬੋਟ ਜੈਲੀ ਫਿਸ਼ ਬਹੁਤ ਹੀ ਛੋਟੀ ਜਿਹੀ ਬੈਟਰੀ ਦਾ ਇਸਤੇਮਾਲ ਕਰਦੀ ਹੈ, ਫਿਰ ਵੀ ਇਹ ਤਿੰਨ ਘੰਟੇ ਤੱਕ ਉਡ ਸਕਦੀ ਹੈ। ਜਦਕਿ ਰੋਬੋਟ6ਤਿਤਲੀਆਂ ਉਡਦੇ ਹੋਏ ਇਕ ਦੂਜੇ ਨੂੰ ਇਲੈਕਟ੍ਰਿਕ ਸਿਗਨਲ ਭੇਜ ਕੇ ਗੱਲ ਵੀ ਕਰ ਸਕਦੀਆਂ ਹਨ। ਇਸ ਤਕਨੀਕ ਦੇ ਕਾਰਨ ਤਿਤਲੀਆਂ ਹੋਣ ਜਾਂ ਰੋਬੋਟ ਪੈਂਗਵਿਨ, ਉਡਦੇ ਹੋਏ ਵੀ ਹਵਾ ਵਿਚ ਨਹੀਂ ਟਕਰਾਉਂਦੇ। ਇਸ ਨਾਲ ਭਵਿੱਖ ਵਿਚ ਉਡਣ ਵਾਲੇ ਰੋਬੋਟਸ ਦੇ ਟਕਰਾਉਣ ਦਾ ਸ਼ੰਕਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ।

# ਉਰਜਾ ਮੰਤਰੀ ਅਨਿਲ ਵਿਜ ਐਕਸ਼ਨ ਮੋਡ ਵਿੱਚ, ਲਾਪ੍ਰਵਾਹੀ ਦੇ ਚਲਦੇ ਉਰਜਾ ਵਿਭਾਗ ਦੇ 6 ਕਰਮਚਾਰੀ ਸਸਪੈਂਡ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਰਜਾ, ਟਰਾਂਸਪੋਰਟ ਅਤੇ ਕਿਰਤ ਮੰਤਰੀ ਸ੍ਰੀ ਅਨਿਲ ਵਿਜ ਨੇ ਪਿੰਡ ਹੈਬਤਪੁਰ ਥਾਨਾ ਨਿਗਦੂ, ਜਿਲ੍ਹਾ ਕਰਨਾਲ ਵਿੱਚ ਰਾਜੇਸ਼ ਕੁਮਾਰ ਨਾਮਕ ਇੱਕ ਨੌਜੁਆਨ ਦੀ ਖੇਤ ਵਿੱਚ ਬਿਜਲੀ ਦਾ ਕਰੰਟ ਲੱਗਣ ਨਾਲ ਮੌਤ ਹੋਣ 'ਤੇ ਸਖਤ ਐਕਸ਼ਨ ਲੈਂਦੇ ਹੋਏ ਐਸਡੀਓ ਸਮੇਤ ਛੇ ਕਰਮਚਾਰੀਆਂ ਨੂੰ ਸਸਪੈਂਡ ਕਰਨ ਦੇ ਨਿਰਦੇਸ਼ ਜਾਰੀ ਕੀਤੇ ਕਾਰਵਾਈ ਸ੍ਰੀ ਮੋਹਿਤ ਐਸਡੀਓ, ਸੁਨੀਲ ਜੇਈ, ਦੀਪਕ, ਅਜੀਤ, ਸਤਅਵਾਨ ਅਤੇ ਵਿਕਾਸ ਲਾਇਨਮੈਨ ਦੇ ਖਿਲਾਫ ਕੀਤੀ ਗਈ ਹੈ।



ਇਸ ਸਬੰਧ ਵਿੱਚ ਅੱਚ ਚੰਡੀਗੜ੍ਹ ਵਿੱਚ ਮੀਡੀਆ ਪਰਸਨਸ ਦੇ ਸੁਆਲਾਂ ਦੇ ਜਵਾਬ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ਪਿੰਡ ਹੈਬਤਪੁਰ ਦੇ ਰਾਜੇਸ਼ ਕੁਮਾਰ ਨਾਮਕ ਇੱਕ ਨੌਜੁਆਨ ਦੀ ਖੇਤ ਵਿੱਚ ਬਿਜਲੀ ਦੇ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ। ਇਸ ਸਬੰਧ ਵਿੱਚ ਮਿੱਤੀ 6 ਜੁਲਾਈ, 2025 ਨੂੰ ਥਾਨਾ ਨਿਗਦੂ ਵਿੱਚ ਮੋਹਿਤ ਐਸਡੀਓ, ਸੁਨੀਲ ਜੇਈ, ਦੀਪਕ, ਅਜੀਤ, ਸਤਆਵਾਨ ਅਤੇ ਵਿਕਾਸ ਲਾਇਨਮੈਂ ਦੇ ਵਿਰੁੱਧ ਐਫਆਈਆਰ ਵੀ ਦਰਜ ਕਰਵਾਈ ਗਈ ਹੈ, ਜਿਸ ਵਿੱਚ ਸ਼ਿਕਾਇਤਕਰਤਾ ਸ੍ਰੀ ਪ੍ਰਦੀਪ ਕੁਮਾਰ ਨੇ ਦਸਿਆ ਹੈ ਕਿ ਖੇਤ ਵਿੱਚ ਜੋ ਤਾਰਾਂ ਹੇਠਾਂ ਲਟਕੀਆਂ ਹੋਈਆਂ ਹਨ ਉਨ੍ਹਾਂ ਨੂੰ ਠੀਕ ਕਰਨ ਲਈ ਐਸਡੀਓ, ਜੇਈ ਅਤੇ ਲਾਇਨਮੈਨ ਨੂੰ ਮ੍ਰਿਤਕ ਅਤੇ ਪ੍ਰਦੀਪ ਕੁਮਾਰ ਨੇ ਕਈ ਵਾਰ ਸ਼ਿਕਾਇਤ ਕੀਤੀ ਸੀ। ਪਰ ਇਸ ਬਾਰੇ ਉਨ੍ਹਾਂ ਦੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਰਾਜੇਸ਼ ਕੁਮਾਰ ਦੀ ਖੇਤ ਵਿੱਚ ਬਿਜਲੀ ਦਾ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ।

ਉਨ੍ਹਾਂ ਨੇ ਦਸਿਆ ਕਿ ਖੇਤ ਵਿੱਚ ਤਾਰ ਟੁੱਟਣ ਦੇ ਮਾਮਲੇ ਵਿੱਚ ਲਗਭਗ 5 ਫੁੱਟ ਹੀ ਉੱਚੀ ਸੀ ਅਤੇ ਸਬੰਧਿਤ ਕਰਮਚਾਰੀਆਂ ਨੇ ਤਾਰ ਨੂੰ ਉੱਚਾ ਨਹੀਂ ਕੀਤਾ। ਜਿਸ ਕਾਰਨ ਕਿਸਾਨ ਸਵੇਰੇ ਖੇਤ ਵਿੱਚ ਗਿਆ ਅਤੇ ਉਸ ਦੀ ਤਾਰ ਨਾਲ ਟਕਰਾਕੇ ਮੌਤ ਹੋ ਗਈ, ਜੋ ਕਿ ਇਹ ਬਹੁਤ ਵੱਡੀ ਲਾਪ੍ਰਵਾਹੀ ਹੈ। ਇਸ ਲਈ ਇਸ ਮਾਮਲੇ ਵਿੱਚ ਤੁਰੰਤ ਪ੍ਰਭਾਵ ਨਾਲ ਇੰਨ੍ਹਾਂ ਕਰਮਚਾਰੀਆਂ ਨੂੰ ਸਸਪੈਂਡ ਕੀਤਾ ਗਿਆ ਹੈ।

# ਹਰਿਆਣਾ ਦੀ ਸਿੰਚਾਈ ਮੰਤਰੀ ਸ਼ਰੂਤੀ ਚੌਧਰੀ ਨੇ ਕੇਂਦਰੀ ਮੰਤਰੀ ਭੂਪੇਂਦਰ ਯਾਦਵ ਨਾਲ ਕੀਤੀ ਸ਼ਿਸ਼ਟਾਚਾਰ ਮੁਲਾਕਾਤ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿੰਚਾਈ ਅਤੇ ਜਲ ਸੰਸਾਧਨ ਮੰਤਰੀ ਸ੍ਰੀਮਤੀ ਸ਼ਰੂਤੀ ਚੌਧਰੀ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਵਿੱਚ ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਕਲਾਈਮੇਟ ਚੇਂਜ ਮੰਤਰੀ ਸ੍ਰੀ ਭੂਪੇਂਦਰ ਯਾਦਵ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ ਅਤੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ।



ਇਸ ਦੌਰਾਨ ਸ੍ਰੀਮਤੀ ਸ਼ਰੂਤੀ ਚੌਧਰੀ ਨੇ ਹਰਿਆਣਾ ਦੀ ਵੱਖ-ਵੱਖ ਵਿਕਾਸਾਤਮਕ ਪਰਿਯੋਜਨਾਵਾਂ ਦੇ ਬਾਰੇ ਵੀ ਚਰਚਾ ਕੀਤੀ। ਉਨ੍ਹਾਂ ਨੇ ਜਲ ਪ੍ਰਬੰਧਨ, ਸਿੰਚਾਈ ਵਿਵਸਥਾ ਦੇ ਆਧੁਨੀਕੀਕਰਣ, ਵਾਤਾਵਰਣ ਸਰੰਖਣ ਸਬੰਧੀ ਪਰਿਯੋਜਨਾਵਾਂ ਨਾਲ ਕੇਂਦਰੀ ਮੰਤਰੀ ਨੂੰ ਜਾਣੂ ਕਰਾਇਆ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਵਾਤਾਵਰਣ ਸੰਵੇਦਨਸ਼ੀਲ ਦ੍ਰਿਸ਼ਟੀਕੋਣ ਨੂੰ ਅਪਨਾਉਂਦੇ ਹੋਏ ਲਗਾਤਾਰ ਵਿਕਾਸ ਨੂੰ ਪ੍ਰਾਥਮਿਕਤਾ ਦੇ ਰਹੀ ਹੈ।

ਸਿੰਚਾਈ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰਿਆਣਾ ਸਰਕਾਰ ਗ੍ਰਾਮੀਣ ਅਤੇ ਸ਼ਹਿਰੀ ਦੋਵਾਂ ਖੇਤਰਾਂ ਵਿੱਚ ਜਲ ਸਰੰਖਣ ਅਤੇ ਸਿੰਚਾਈ ਢਾਂਚੇ ਦੇ ਖੇਤਰ ਵਿੱਚ ਠੋਸ ਕਦਮ ਚੁੱਕ ਰਹੀ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਚਾਰਿਆ ਭਿਕਸ਼ੂ ਸਵਾਮੀ ਜੀ ਨੂੰ ਦਿੱਤੀ ਸ਼ਰਧਾਂਜਲੀ, 300ਵੀਂ ਜੈਅੰਤੀ ਸਮਾਰੋਹ ਵਿੱਚ ਕੀਤੀ ਸ਼ਿਰਕਤ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਪੁਰਖਾਂ ਦੇ ਵਿਚਾਰ ਅਤੇ ਸਿਧਾਂਤ ਅੱਜ ਵੀ ਸਾਨੂੰ ਜੀਵਨ ਜੀਣ ਦੀ ਸਹੀ ਦਿਸ਼ਾ ਵਿਖਾਉਂਦੇ ਹਨ। ਜੇਕਰ ਅਸੀ ਉਨ੍ਹਾਂ ਦੇ ਆਦਰਸ਼ਾਂ ਨੂੰ ਅਪਨਾਉਣ ਅਤੇ ਆਪਣੇ ਆਚਰਣ ਵਿੱਚ ਉਤਾਰਣ ਤਾਂ ਇੱਕ ਨੈਤਿਕ ਅਤੇ ਚਰਿਤਰਵਾਨ ਸਮਾਜ ਦਾ ਨਿਰਮਾਣ ਸੰਭਵ ਹੈ। ਜਦੋਂ ਸਮਾਜ ਦਾ ਹਰੇਕ ਆਦਮੀ ਨੈਤਿਕ ਮੁੱਲਾਂ ਨੂੰ ਅਪਨਾਵੇਗਾ, ਤਾਂ ਹੀ ਵਿਕਸਿਤ ਭਾਰਤ ਦਾ ਸੁਪਨਾ ਸਾਕਾਰ ਹੋਵੇਗਾ। ਜੇਕਰ ਅਸੀ ਇੱਕ ਸ਼ਸ਼ਕਤ ਅਤੇ ਸਵੈ-ਨਿਰਭਰ ਭਾਰਤ ਬਨਾਉਣਾ ਚਾਹੁੰਦੇ ਹਾਂ ਤਾਂ ਇਸ ਦੇ ਲਈ ਇੱਕ ਮਜ਼ਬੂਤ, ਨੈਤਿਕ ਅਤੇ ਚਰਿਤਰਵਾਨ ਸਮਾਜ ਦਾ ਨਿਰਮਾਣ ਸਭ ਤੋਂ ਪਹਿਲੀ ਲੋੜ ਹੈ।

ਮੁੱਖ ਮੰਤਰੀ ਅੱਜ ਚੰਡੀਗੜ੍ਹ ਵਿੱਚ ਆਚਾਰਿਆ ਸ੍ਰੀ ਭਿਕਸ਼ੂ ਸਵਾਮੀ ਜੀ ਦੀ 300ਵੀਂ ਜੈਅੰਤੀ ਸਮਾਰੋਹ ਨੂੰ ਸੰਬਧਿਤ ਕਰ ਰਹੇ ਸਨ। ਉਨ੍ਹਾਂ ਨੇ ਮੰਚਸੀਨ ਪਰਮ ਮੁਨਿਸ਼ ?ਰੀ ਵਿਨੈ ਕੁਮਾਰ ਆਲੋਕ ਜੀ, ਮੁਨਿਸ਼ ?ਰੀ ਸੁਧਾਕਰ ਜੀ, ਮੁਨਿਸ਼ ?ਰੀ ਅਭੈਅ ਕੁਮਾਰ ਆਲੋਕ ਜੀ, ਮੁਨਿਸ਼ ?ਰੀ ਨਰੇਸ਼ ਜੀ, ਸਵਾਮੀ ਸੰਪੂਰਣਾਨੰਦ ਬ੍ਰਹਿਮਚਾਰੀ ਜੀ ਮਹਾਰਾਜ ਸਮੇਤ ਸਾਰੇ ਮੁਨੀਆਂ ਨੂੰ ਸਾਦਰ ਨਮਨ ਕੀਤਾ ਅਤੇ ਕਿਹਾ ਕਿ ਇਹ ਸਾਡਾ ਸੋਭਾਗ ਹੈ ਕਿ ਉਨ੍ਹਾਂ ਨੇ ਇਸ ਪਵਿਤਰ ਮੌਕੇ 'ਤੇ ਤੇਰਾਪੰਥੀ ਸਮਾਜ ਦੇ ਸ਼ਰਧਾਲੂਆਂ ਵਿੱਚਕਾਰ ਆਉਣ ਦਾ ਮੌਕਾ ਮਿਲਿਆ।

ਉਨ੍ਹਾਂ ਨੇ ਕਿਹਾ ਕਿ ਸਾਡੇ ਦੇਸ਼ ਦੀ ਧਰਤੀ ਸੰਤਾਂ ਦੀ ਧਰਤੀ ਹੈ। ਸੰਤਾਂ ਕਾਰਣ ਹੀ ਸਾਡਾ ਸਭਿਆਚਾਰ ਜੀਵਿਤ ਹੈ। ਮੁੱਖ ਮੰਤਰੀ ਨੇ ਜੈਨ ਮੁਨਿਆਂ ਦੀ ਤਪਸਵੀ ਜੀਵਨਚਰਯਾ ਦੀ ਸਲਾਂਘਾ ਕਰਦੇ ਹੋਏ ਕਿਹਾ ਕਿ ਉਹ ਭੌਤਿਕਵਾਦੀ ਯੁਗ ਵਿੱਚ ਤਿਆਗ ਅਤੇ ਸੰਯਮ ਦੀ ਪ੍ਰਤੀਮੂਰਤੀ ਹਨ। ਤੀਰਥਕਰਾਂ ਅਤੇ ਮੁਨਿਆਂ ਵੱਲੋਂ ਦਿੱਤੇ ਸਿਧਾਂਤ ਅੱਜ ਵੀ ਮਨੁੱਖੀ ਸਭਿਆਚਾਰ ਨੂੰ ਦਿਸ਼ਾ ਦੇਣ ਵਾਲੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਆਚਾਰਿਆ ਸ੍ਰੀ ਭਿਕਸ਼ੂ ਸਵਾਮੀ ਜੀ ਕੇਵਲ ਇੱਕ ਮੁਨਿ ਨਹੀਂ, ਸਗੋਂ ਇੱਕ ਦਲੇਰ ਅਤੇ ਇੰਕਲਾਬੀ ਵਿਚਾਰਕ ਸਨ। ਉਨ੍ਹਾਂ ਨੇ ਧਰਮ ਵਿੱਚ ਫੈਲੀ ਬੁਰਾਇਆਂ 'ਤੇ ਚੋਟ ਕੀਤੀ ਅਤੇ ਅਧਿਆਤਮ ਨੂੰ ਤਰਕਸੰਗਤ ਦਿਸ਼ਾ ਦਿੱਤੀ। ਵਿਕਰਮ ਸੰਵਤ 1783 ਵਿੱਚ ਕੰਟਾਲਿਆ ਪਿੰਡ ਵਿੱਚ ਜਨਮੇ ਭੀਖਣ ਦਾ ਆਚਾਰਿਅ ਬਨਣ ਤੱਕ ਦਾ ਜੀਵਨ ਤਿਆਗ, ਤਪੱਸਿਆ ਅਤੇ ਸੱਚ ਦੀ ਸਾਧਨਾ ਨਾਲ ਭਰਿਆ ਹੋਇਆ ਸੀ। ਉਨ੍ਹਾਂ ਨੇ ਵਿਕਰਮ ਸੰਵਤ 1817 ਵਿੱਚ ਤੇਰਾਪੰਥ ਦੀ ਸਥਾਪਨਾ ਕੀਤੀ ਜੋ ਸਿਰਫ਼ ਇੱਕ ਪੰਥ ਦੀ ਸ਼ੁਰੂਆਤ ਨਹੀਂ ਸੀ, ਸਗੋਂ ਧਰਮ ਨੂੰ ਦੁਬਾਰਾ ਤੋਂ ਸਥਾਪਿਤ ਕਰਨ ਦਾ ਇੱਕ ਦਲੇਰੀ ਭਰਿਆ ਆਂਦੋਲਨ ਸੀ। ਇੱਕ ਆਚਾਰਿਅ, ਇੱਕ ਵਿਧਾਨ ਅਤੇ ਇੱਕ ਵਿਚਾਰ ਦਾ ਸਿਧਾਂਤ ਤੇਰਾਪੰਥ ਦਾ ਅਧਾਰ ਬਣਿਆ ਜੋ ਅਨੁਸ਼ਾਸਣ, ਏਕਤਾ ਅਤੇ ਨਿਸ਼ਠਾ ਦਾ ਪ੍ਰਤੀਕ ਹੈ।



ਮੁੱਖ ਮੰਤਰੀ ਨੇ ਕਿਹਾ ਕਿ ਆਚਾਰਿਅ ਭਿਕਸ਼ੂ ਸਵਾਮੀ ਜੀ ਦੀ ਸਿੱਖਿਆਵਾਂ ਅੱਜ ਦੇ ਯੁਗ ਵਿੱਚ ਵੀ ਬਹੁਤ ਜਰੂਰੀ ਹਨ। ਉਨ੍ਹਾਂ ਨੇ ਦੱਸਿਆ ਕਿ ਅਹਿੰਸਾ ਸਿਰਫ਼ ਮਾਰਪੀਟ ਕਰਨਾ ਨਹੀਂ ਹੈ, ਸਗੋਂ ਮਨ, ਵਚਨ ਅਤੇ ਕਰਮ ਨਾਲ ਪਵਿੱਤਰ ਹੋਣਾ ਹੀ ਸੱਚੀ ਅਹਿੰਸਾ ਹੈ। ਅੱਜ ਦੇ ਤਣਾਅ ਭਰੇ ਮਾਹੌਲ ਵਿੱਚ ਇਹ ਵਿਚਾਰ ਸਮਾਜ ਨੂੰ ਜੋੜਨ ਦਾ ਕੰਮ ਕਰ ਸਕਦਾ ਹੈ। ਉਨ੍ਹਾਂ ਨੇ ਅਨੇਕਾਂਤਵਾਦ ਦੀ ਚਰਚਾ ਕਰਦੇ ਹੋਏ ਕਿਹਾ ਕਿ ਇਹ ਦਰਸ਼ਨ ਲੋਕਤੰਤਰ ਦੀ ਆਤਮਾ ਹੈ, ਜੋ ਵੱਖ ਵੱਖ ਨਜ਼ਰੀਆਂ ਨਾਲ ਸਨਮਾਨ ਦੀ ਪ੍ਰੇਰਣਾ ਦਿੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਚਾਰਿਆ ਭਿਕਸ਼ੂ ਜੀ ਮੰਨਦੇ ਸਨ ਕਿ ਜਦੋਂ ਵਿਅਕਤੀ ਸੁਧਰੇਗਾ, ਉਦੋਂ ਹੀ ਸਮਾਜ ਅਤੇ ਦੇਸ਼ ਵੀ ਆਪਣੇ ਆਪ ਸੁਧਰ ਜਾਵੇਗਾ। ਸਾਡਾ ਵੀ ਇਹ ਹੀ ਵਿਸ਼ਵਾਸ ਹੈ ਕਿ ਰਾਸ਼ਟਰ ਦਾ ਸਸ਼ਕਤ ਨਿਰਮਾਣ ਨੈਤਿਕ ਮੁੱਲਾਂ ਦੀ ਨੀਂਹ 'ਤੇ ਹੀ ਸੰਭਵ ਹੈ। ਮੁੱਖ ਮੰਤਰੀ ਨੇ ਨੌਜੁਆਨਾਂ ਨੂੰ ਅਪੀਲ ਕੀਤੀ ਕਿ ਉਹ ਆਚਾਰਿਅ ਸ੍ਰੀ ਭਿਕਸ਼ੂ ਸਵਾਮੀ ਜੀ ਦੇ ਜੀਵਨ ਤੋਂ ਪ੍ਰੇਰਣਾ ਲੈਣ, ਉਨ੍ਹਾਂ ਦੇ ਵਿਚਾਰਾਂ ਨੂੰ ਸਮਝਣ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੇਸ਼ ਵਿਕਸਿਤ ਰਾਸ਼ਟਰ ਬਨਣ ਦੀ ਦਿਸ਼ਾ ਵਿੱਚ ਅੱਗੇ ਵਧਣ, ਅਤੇ ਇਹ ਟੀਚਾ ਤਾਂ ਹੀ ਪੂਰਾ ਹੋਵੇਗਾ ਜਦੋਂ ਸਮਾਜ ਚਰਿਤਰਵਾਨ ਅਤੇ ਨੈਤਿਕ ਮੁੱਲਾਂ ਨਾਲ ਭਰਪੂਰ ਹੋਵੇਗਾ। ਇਸ ਮੌਕੇ 'ਤੇ ਮਨਿ ਸ੍ਰੀ ਵਿਨੈ ਕੁਮਾਰ ਆਲੋਕ ਅਤੇ ਮੁਨਿਸ੍ਰੀ ਸੁਧਾਕਰ ਜੀ ਨੇ ਮੁਨਿ ਸ੍ਰੀ ਭਿਕਸ਼ੂ ਜੀ ਮਹਾਰਾਜ ਦੇ ਜੀਵਨ ਅਤੇ ਤੇਰਾਪੰਥ ਦੇ ਸਿਧਾਂਤਾਂ 'ਤੇ ਰੋਸ਼ਨੀ ਪਾਈ। ਉਨ੍ਹਾਂ ਨੇ ਕਿਹਾ ਕਿ ਮਹਾਪੁਰਖਾਂ ਦੀ ਸਿੱਖਿਆਵਾਂ 'ਤੇ ਬੋਲਣਾ ਅਸਾਨ ਕੰਮ ਹੈ ਪਰ ਉਨ੍ਹਾਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਮਲ ਵਿੱਚ ਲਿਆਉਣਾ ਬਹੁਤਾ ਔਖਾ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੀ ਵਾਣੀ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਚਾਹੀਦਾ ਹੈ। ਤੇਰਾਪੰਥੀ ਦੀ ਮੁੱਖ ਵਿਸ਼ੇਸ਼ਤਾ ਇੱਕ ਗੁਰੂ, ਇੱਕ ਵਿਧਾਨ ਅਤੇ ਪੰਥ ਦੇ ਆਗੂ ਆਪਣੇ ਗੁਰੂ ਪ੍ਰਤੀ ਅਟੁੱਟ ਸ਼ਰਧਾ ਰੱਖਦੇ ਹਨ।

# ਚੌਣ ਪ੍ਰਕਿਰਿਆ ਵਿੱਚ ਪਾਰਦਰਸ਼ਿਤਾ ਅਤੇ ਜਨ ਸਹਿਭਾਗਿਤਾ ਨੂੰ ਲੈਅ ਕੇ ਭਾਰਤ ਚੌਣ ਕਮੀਸ਼ਨ ਗੰਭੀਰ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੌਣ ਅਧਿਕਾਰੀ ਸ੍ਰੀ ਏ. ਸ੍ਰੀਨਿਵਾਸ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਚੌਣ ਕਮੀਸ਼ਨ ਦੇਸ਼ ਵਿੱਚ ਸਵਤੰਤਰ, ਨਿਸ਼ਪੱਖ ਅਤੇ ਪਾਰਦਰਸ਼ੀ ਚੌਣਾਂ ਪੂਰੀ ਕਰਾਉਣ ਦੀ ਆਪਣੀ ਜਿੰਮੇਦਾਰੀ ਨੂੰ ਪੂਰੀ ਗੰਭੀਰਤਾ ਨਾਲ ਨਿਭਾ ਰਿਹਾ ਹੈ। ਇਸੇ ਲੜੀ ਵਿੱਚ ਭਾਰਤ ਦੇ ਮੁੱਖ ਚੌਣ ਕਮੀਸ਼ਨਰ ਸ੍ਰੀ ਗਿਆਨੇਸ਼ ਕੁਮਾਰ, ਚੌਣ ਕਮੀਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਨੇ ਬਿਹਾਰ ਵਿੱਚ ਚੱਲ ਰਹੀ ਵਿਸ਼ੇਸ਼ ਸਘਨ ਸੋਧ ਪ੍ਰਕਿਰਿਆ (Special Intensive Revision – SIR) ਨੂੰ ਲੈਅ ਕੇ ਵੱਖ ਵੱਖ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਨਵੀਂ ਦਿੱਲੀ ਸਥਿਤ ਚੌਣ ਸਦਨ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਕੀਤੀ।

ਮੀਟਿੰਗ ਵਿੱਚ ਰਾਜਨੀਤਕ ਪਾਰਟੀਆਂ ਨੂੰ ਜਾਣੂ ਕਰਾਇਆ ਗਿਆ ਕਿ ਬਿਹਾਰ ਦੀ ਅੰਤਮ ਵੋਟਰ ਲਿਸਟ 30 ਸਤੰਬਰ 2025 ਨੂੰ ਪ੍ਰਕਾਸ਼ਿਤ ਹੋਵੇਗੀ। ਇਹ ਲਿਸਟ ਕਮੀਸ਼ਨ ਦੀ ਵੇਬਸਾਇਟ 'ਤੇ ਮੁਹੱਈਆ ਕਰਾਈ ਜਾਵੇਗੀ ਅਤੇ ਸਾਰੇ ਮਾਨਤਾ ਪ੍ਰਾਪਤ ਪਾਰਟੀਆਂ ਨੂੰ ਇਸ ਦੀ ਹਾਰਡ ਅਤੇ ਸਾਫਟ ਕਾਪੀ ਫ ?ਰੀ ਦਿੱਤੀ ਜਾਵੇਗੀ।

ਲੜੀਬੱਧ ਢੰਗ ਨਾਲ ਚੱਲ ਰਿਹਾ ਵਿਸ਼ੇਸ਼ ਸਘਨ ਸੋਧ ਮੁਹਿੰਮ 1.55 ਲੱਖ ਬੂਥ ਲੇਵਲ ਐਜੇਂਟਸ ਨਿਭਾ ਰਹੇ ਸਰਗਰਮੀ ਭੂਮਿਕਾ ਇਸ ਵਿਸ਼ੇਸ਼ ਸਘਨ ਸੋਧ ਮੁਹਿੰਮ ਵਿੱਚ 1,54,977 ਬੂਥ ਲੇਵਲ ਐਜੇਂਟ ਦੀ ਭਾਗੀਦਾਰੀ ਨਾਲ ਜਨਸਹਿਭਾਗੀਤਾ ਅਤੇ ਪਾਰਦਰਸ਼ਿਤਾ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ।25 ਜੂਨ ਤੋਂ 3 ਜੁਲਾਈ 2025 ਵਿੱਚਕਾਰ 77,895 ਬੂਥ ਲੇਵਲ ਆਫਿਸਰਸ ਵੱਲੋਂ ਲਗਭਗ 7.90 ਕਰੋੜ ਵੋਟਰਾਂ ਨੂੰ ਨੋਮਿਨੇਸ਼ਨ ਫਾਰਮ ਵੰਡੇ ਗਏ ਹਨ। ਨਾਲ ਹੀ 20,603 ਬੀਐਲਏ ਦੀ ਨਿਯੁਕਤੀ ਕੀਤੀ ਜਾ ਰਹੀ ਹੈ।539 ਦੀ ਵੇਬਸਾਇਟ https://voters.eci.gov.in 'ਤੇ ਫਾਰਮ ਉਪਲਬਧ ਹਨ। ਨੋਮਿਨੇਸ਼ਨ ਫਾਰਮ 23 ਜੂਨ 2025 ਦੀ ਵੋਟਰ ਲਿਸਟ ਦੇ ਅਧਾਰ 'ਤੇ ਤਿਆਰ ਕੀਤੇ ਗਏ ਹਨ ਅਤੇ 24 ਜੂਨ ਦੀ ਵੋਟਰ ਲਿਸਟ ਵਿੱਚ ਦਰਜ ਨਾਮਾਂ ਦੇ ਅਧਾਰ 'ਤੇ ਘਰ ਘਰ ਜਾ ਕੇ ਵੰਡੇ ਜਾ ਰਹੇ ਹਨ।

ਦੂਜੇ ਪੜਾਅ ਵਿੱਚ 25 ਜੁਲਾਈ ਤੱਕ ਨੋਮਿਨੇਸ਼ਨ ਫਾਰਮ ਭਰਨ ਦੀ ਪ੍ਰਕਿਰਿਆ ਜਾਰੀ ਰਵੇਗੀ। ਇਸ ਕੰਮ ਨੂੰ ਅਸਾਨ ਬਨਾਉਣ ਲਈ ਸਰਕਾਰੀ ਕਰਮਚਾਰੀਆਂ, ਐਨਸੀਸੀ, ਐਨਐਸਐਸ ਅਤੇ ਹੋਰ ਸੰਸਥਾਵਾਂ ਦੇ 4 ਲੱਖ ਵਾਲੰਟੀਅਰਾਂ ਨੂੰ ਬੀਐਲਏ ਨਾਲ ਜੋੜਿਆ ਗਿਆ ਹੈ।25 ਜੂਨ ਤੋਂ 26 ਜੁਲਾਈ ਵਿੱਚਕਾਰ ਬੀਐਲਏ ਫਾਰਮ ਅਤੇ ਦਸਤਾਵੇਜ ਇਕੱਠੇ ਕੀਤੇ ਜਾਣਗੇ, ਜਿਨਾਂ ਨੂੰ ਪਲੇਟਫਾਰਮ 'ਤੇ ਰੋਜਾਨਾ ਅਪਲੋਡ ਕੀਤਾ ਜਾਵੇਗਾ। ਵੋਟਰਾਂ ਨੂੰ ਪਾ ?ਰਪਤ ਰਸੀਦ ਵੀ ਪ੍ਰਦਾਨ ਕੀਤੀ ਜਾਵੇਗੀ। ਚੌਥੇ ਪੜਾਅ ਵਿੱਚ 1 ਅਗਸਤ ਨੂੰ ਪ੍ਰਾਰੂਪ ਵੋਟਰ ਲਿਸਟ ਪ੍ਰਕਾਸ਼ਿਤ ਕੀਤੀ ਜਾਵੇਗੀ, ਜਿਸ ਵਿੱਚ ਸਿਰਫ਼ ਉਨ੍ਹਾਂ ਵੋਟਰਾਂ ਦੇ ਨਾਮ ਹੋਣਗੇ ਜਿਨ੍ਹਾਂ ਦੇ ਫਾਰਮ 25 ਜੁਲਾਈ ਤੋਂ ਪਹਿਲਾਂ ਜਮਾ ਹੋ ਚੁੱਕੇ ਹੋਣਗੇ। ਬੀਐਲਏ ਹਰ ਰੋਜ਼ 10 ਫਾਰਮ 6 ਜਮਾ ਕਰ ਸਕਦੇ ਹਨ। ਇਸ ਸਮੇ ਵਿੱਚ ਨਾਗਰਿਕ ਆਪਣੀ ਸਮੱਸਿਆ ਦਰਜ ਕਰ ਸਕਦੇ ਹਨ, ਜਿਨ੍ਹਾਂ ਦਾ ਸੋਧ ਧਾਰਾ 16 ਅਤੇ 19 ਅਨੁਸਾਰ ਸਬੰਧਿਤ ਅਧਿਕਾਰੀ ਕਰਣਗੇ। ਕਿਸੇ ਨਾਮ ਨੂੰ ਲਿਸਟ ਤੋਂ ਹਟਾਉਣ ਤੋਂ ਪਹਿਲਾਂ ਸੁਣਵਾਈ ਦਾ ਪੂਰਾ ਮੌਕਾ ਦਿੱਤਾ ਜਾਵੇਗਾ। ਸਾਰੇ ਦਾਅਵੇ ਅਤੇ ਸਮੱਸਿਆਵਾਂ ਹਰ ਰੋਜ਼ ਈਆਰਓ ਦਫ਼ਤਰਾਂ ਅਤੇ ਮੁੱਖ ਚੌਣ ਅਧਿਕਾਰੀ ਦੀ ਵੇਬਸਾਇਟ 'ਤੇ ਪ੍ਰਦਰਸ਼ਿਤ ਕੀਤੀ ਜਾਣਗੀਆਂ ਅਤੇ ਹਫ਼ਤਾਵਰ ਰਿਪੋਰਟ ਰਾਜਨੀਤਕ ਪਾਰਟੀਆਂ ਨੂੰ ਭੇਜੀ ਜਾਣਗੀਆਂ।

# ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਵੱਲੋਂ ਕਾਮਨ ਏਲਿਜੀਬਿਲਿਟੀ ਟੇਸਟ ਪ੍ਰੀਖਿਆ ਦੀ ਮਿੱਤੀਆਂ ਐਲਾਨ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਦੇ ਮੈਂਬਰ ਭੁਪੇਂਦਰ ਚੌਹਾਨ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਕਮਿਸ਼ਨ ਵੱਲੋਂ ਗਰੁੱਪ-ਸੀ ਦੀ ਅਸਾਮੀਆਂ ਤਹਿਤ ਕਾਮਨ ਏਲੀਜੀਬਿਲਿਟੀ ਟੇਸਟ 2025 ਦਾ ਆਯੋਜਨ ਆਗਾਮੀ 26 ਅਤੇ 27 ਜੁਲਾਈ ਨੂੰ ਕੀਤਾ ਜਾਵੇਗਾ। ਪ੍ਰੀਖਿਆ ਦੋਵਾਂ ਦਿਨਾਂ ਦੋ ਸੈਸ਼ਨਾਂ ਸਵੇਰੇ ਅਤੇ ਸ਼ਾਮ ਵਿੱਚ ਆਯੋਜਿਤ ਕੀਤੀ ਜਾਵੇਗੀ। ਸਵੇਰੇ ਸੈਸ਼ਨ 10 ਵਜੇ ਤੋਂ 1:45 ਵਜੇ ਤੱਕ ਅਤੇ ਦੂਜਾ ਸੈਸ਼ਨ ਦੁਪਹਿਰ 3:15 ਵਜੇ ਤੋਂ 5:00 ਵਜੇ ਤੱਕ ਹੋਵੇਗਾ।

ਸ੍ਰੀ ਚੌਹਾਨ ਨੇ ਦਸਿਆ ਕਿ ਪ੍ਰੀਖਿਆ ਦਾ ਮਾਧਿਅਮ ਆਫਲਾਇਨ (ਓਐਮਆਰ ਅਧਾਰਿਤ) ਹਵੇਗਾ ਅਤੇ ਇਹ ਐਮਸੀਕਿਯੂ ਵਿੱਚ ਲਈ ਜਾਵੇਗੀ। ਪ੍ਰੀਖਿਆ ਹਿੰਦੀ ਅਤੇ ਅੰਗੇ ?ਰਜੀ ਦੋਵਾਂ ਭਾਸ਼ਾਵਾਂ ਵਿੱਚ ਆਯੋਜਿਤ ਕੀਤੀ ਜਾਵੇਗੀ ਤਾਂ ਜੋ ਉਮੀਦਵਾਰਾਂ ਨੂੰ ਭਾਸ਼ਾ ਸਬੰਧੀ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਵੇ। ਕੁੱਲ ਪ੍ਰੀਖਿਆ ਸਮੇਂ 1 ਘੰਟਾ 45 ਮਿੰਟ (105 ਮਿੰਟ) ਦੀ ਹੋਵੇਗੀ, ਜਿਸ ਵਿੱਚ ਆਖੀਰੀ 5 ਮਿੰਟ ਪੰਜਵੇ ਉੱਤਰ ਵਿਕਲਪ ਨੂੰ ਭਰਲ ਲਈ ਨਿਰਧਾਰਿਤ ਕੀਤੇ ਗਏ ਹਨ।

ਉਨ੍ਹਾਂ ਨੇ ਇਹ ਵੀ ਦਸਿਆ ਕਿ ਉਮੀਦਵਾਰ ਪ੍ਰੀਖਿਆ ਕੇਂਦਰਘ, ਮਿੱਤੀ, ਸਮੇਂ ਤੇ ਸੈਸ਼ਨ ਸਬੰਧੀ ਵੇਰਵਾ ਅਤੇ ਆਮ ਦਿਸ਼ਾ-ਨਿਰਦੇਸ਼ਾਂ ਲਈ ਕਮਿਸ਼ਨ ਦੀ ਵੈਬਸਾਇਟ www.hssc.gov.in ਤੇ ਸਮੇਂ-ਸਮੇਂ 'ਤੇ ਅਪਡੇਟ ਜਰੂਰ ਚੈਕ ਕਰਨ। ਉਨ੍ਹਾਂ ਨੇ ਦਸਿਆ ਕਿ ਏਡਮਿਟ ਕਾਰਡ ਡਾਉਨਲੋਡ ਕਰਨ ਦੀ ਪ੍ਰਕ੍ਰਿਆ ਵੀ ਜਲਦੀ ਹੀ ਵੈਬਸਾਇਟ 'ਤੇ ਉਪਲਬਧ ਕਰਵਾਈ ਜਾਵੇਗੀ।

# 15 ਜੁਲਾਈ ਨੂੰ ਪੂਰੇ ਸੂਬੇ ਵਿੱਚ ਇਕੱਠੇ ਚੱਲੇਗਾ ਮਹੀਨਾ ਪੌਧਾਰੋਪਣ ਮੁਹਿੰਮ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਸ੍ਰੀ ਰਾਓ ਨਰਬੀਰ ਸਿੰਘ ਨੇ ਸੂਬੇ ਦੇ ਉਦਯੋਗਿਕ ਖੇਤਰਾਂ ਨੂੰ ਹਰਿਤ ਬਨਾਉਣ ਦੀ ਦਿਸ਼ਾ ਵਿੱਚ ਮਹਤੱਵਪੂਰਣ ਪਹਿਲ ਕਰਦੇ ਹੋਏ ਕਿਹਾ ਹੈ ਕਿ ਜੁਲਾਈ-ਅਗਸਤ ਮਹੀਨੇ ਦੌਰਾਨ ਕੇਐਮਪੀ ਐਕਸਪ੍ਰੈਸ ਵੇ ਦੇ ਦੋਨੋ ਅਤੇ ਸਾਰੇ ਆਈਐਮਟੀਜ਼ ਵਿੱਚ ਵੱਡੇ ਪੈਮਾਨੇ 'ਤੇ ਪੌਧਾਰੋਪਣ ਕੀਤਾ ਜਾਵੇਗਾ। ਵਿਸ਼ੇਸ਼ ਰੂਪ ਨਾਲ ਆਈਐਮਟੀ ਮਾਨੇਸਰ ਨੂੰ ਹਰਿਤ ਆਈਐਮਟੀ ਵਜੋ ਵਿਕਸਿਤ ਕਰਨ ਲਈ ਐਚਐਸਆਈ ਆਈਡੀਸੀ ਨੂੰ ਵਿਸਤਾਰ ਅਤੇ ਠੋਸ ਕਾਰਜ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ।

ਸ੍ਰੀ ਰਾਓ ਨਰਬੀਰ ਸਿੰਘ ਵਨ ਮਹੋਤਸਵ-2025 ਨੂੰ ਲੈ ਕੇ ਆਯੋਜਿਤ ਵਿਭਾਗ ਦੇ ਤਾਲਮੇਲ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ 15 ਜੁਲਾਈ ਨੂੰ ਰਾਜਵਿਆਪੀ ਮਹੀਨਾ ਪੌਧਾਰੋਪਣ ਮੁਹਿੰਮ ਸ਼ੁਰੂ ਕੀਤੀ ਜਾਵੇਗੀ, ਜਿਸ ਵਿੱਚ ਪਬਲਿਕ ਸਥਾਨ, ਤਾਲਾਬਾਂ ਤੇ ਨਦੀਆਂ ਦੇ ਕੰਢੇ ਅਤੇ ਪੰਚਾਇਤ ਭੂਮੀ 'ਤੇ ਪੌਧਾਰੋਪਣ ਕੀਤਾ ਜਾਵੇਗਾ। ਇਸ ਮੁਹਿੰਮ ਵਿੱਚ ਉਦਯੋਗਿਕ ਘਰਾਨਿਆਂ, ਐਨਜੀਓ ਅਤੇ ਸਮਾਜਿਕ ਸੰਠਗਨਾਂ ਦਾ ਸਹਿਯੋਗ ਲਿਆ ਜਾਵੇਗਾ।

ਉਨ੍ਹਾਂ ਨੇ ਕਿਹਾ ਕਿ ਐਚਐਸਆਈਆਈਡੀਸੀ ਸਾਰੇ ਇੰਡਸਟ ?ਰੀਅਲ ਏਰਿਆ ਅਤੇ ਆਈਐਮਟੀਜ਼ ਵਿੱਚ ਵੱਧ ਤੋਂ ਵੱਧ ਛਾਂ ਵਾਲੇ ਰੁੱਖ ਲਗਾਉਣ, ਜਿਨ੍ਹਾਂ ਵਿੱਚ ਨਿੰਮ, ਪਿੱਪਲ, ਪਿਲਖਨ, ਗੁਲਮੋਹਰ, ਅਰਜੁਨ ਤੇ ਬੜ ਵਰਗੀ ਪ੍ਰਜਾਤੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ।

ਇੰਨ੍ਹਾਂ ਪ੍ਰਜਾਤੀਆਂ ਦੇ ਪੌਧਿਆਂ ਨੂੰ ਸੂਬੇ ਦੀ ਨਰਸਰੀਆਂ ਵਿੱਚ 3-4 ਸਾਲਾਂ ਤੱਕ ਤਿਆਰ ਕੀਤਾ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਬਾਅਦ ਵਿੱਚ ਲਗਾਇਆ ਜਾ ਸਕੇ। ਆਈਐਮਟੀ ਮਾਨੇਸਰ ਦੇ ਸਾਰੇ ਖੁੱਲੇ ਸਥਾਨਾਂ ਵਿੱਚ ਬਹੁਉਦੇਸ਼ੀ ਪਾਰਕ, ਓਪਨ ਏਅਰ ਥਇਏਟਰ ਵਰਗੇ ਨਿਰਮਾਣ ਕੰਮ ਕੀਤੇ ਜਾਣਗੇ।

# ਮਾਸਟਰ ਏਥਲੀਟਾਂ ਨੇ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਕੀਤਾ ਸੂਬਾ ਦਾ ਨਾਮ ਰੋਸ਼ਨ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਡ ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਕਿਸੇ ਵੀ ਸੂਬੇ ਤੇ ਦੇਸ਼ ਦੀ ਤਰੱਕੀ ਵਿੱਚ ਉਸ ਦੇ ਸਿਹਤਮੰਦ ਸ਼ਰੀਰ ਤੇ ਸਿਹਤਮੰਦ ਮਨ ਦੇ ਲੋਕਾਂ ਦਾ ਅਹਿਮ ਯੋਗਦਾਨ ਹੁੰਦਾ ਹੈ।



ਇਸੀ 'ਤੇ ਚਲਦੇ ਹੋਏ ਸੂਬੇ ਦੇ ਮਾਸਟਰ ਏਥਲੀਟਾਂ ਨੇ ਨਾ ਸਿਰਫ ਸੂਬੇ ਨੂੰ ਸਿਹਤਮੰਦ ਰੱਖਿਆ ਸਗੋ ਕੌਮੀ ਤੇ ਕੌਮਾਂਤਰੀ ਮਾਸਟਰ ਏਥਲੈਟਿਕਸ ਮੁਕਾਬਲਿਆਂ ਵਿੱਚ ਮੈਡਲ ਜਿੱਤ ਕੇ ਹਰਿਆਣਾ ਦਾ ਮਾਣ ਵੀ ਵਧਾਇਆ ਹੈ। ਸਾਡੇ ਮਾਸਟਰ ਏਥਲੀਟ ਸੂਬੇ ਦੇ ਨੌਜੁਆਨਾਂ ਲਈ ਪੇ ?ਰਣਾ ਹਨ ਅਤੇ ਹਰਿਆਣਾ ਨੂੰ ਡਰੱਗ ਫਰੀ ਬਨਾਉਣ ਵਿੱਚ ਇੰਨ੍ਹਾਂ ਏਥਲੀਟਾਂ ਦਾ ਅਹਿਮ ਯੋਗਦਾਨ ਰਹੇਗਾ।

ਮੰਤਰੀ ਅੱਜ ਪੰਚਕੂਲਾ ਵਿੱਚ ਹਰਿਆਣਾ ਮਾਸਟਰ ਏਥਲੈਟਿਕਸ ਏਸੋਸਇਏਸ਼ਨ ਵੱਲੋਂ ਆਯੋਜਿਤ ਵਿਸ਼ਵ ਤੇ ਨੈਸ਼ਨਲ ਮਾਸਟਰ ਏਥੇਲੈਟਿਕਸ ਚੈਪੀਅਨਸ਼ਿਪ ਦੇ ਜੇਤੂ ਖਿਡਾਰੀਆਂ ਦੇ ਸਨਮਾਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

ਮੰਤਰੀ ਸ੍ਰੀ ਗੌਰਵ ਗੌਤਮ ਨੇ ਕਿਹਾ ਕਿ ਹਰਿਆਣਾ ਖੇਡਾਂ ਦਾ ਪਾਵਰ ਹਾਊਸ ਬਣ ਚੁੱਕਾ ਹੈ। ਸੂਬੇ ਦੀ ਖੇਡ ਨੀਤੀ ਦੇਸ਼ ਵਿੱਚ ਸੱਭ ਤੋਂ ਬਿਹਤਰੀਨ ਹੈ। ਨੌਜੁਆਨਾਂ ਦੀ ਪ੍ਰਤਿਭਾਵਾਂ ਨੂੰ ਨਿਖਾਰਣ ਲਈ ਸੂਬੇ ਵਿੱਚ 2000 ਖੇਡ ਨਰਸਰੀਆਂ ਖੋਲੀਆਂ ਗਈਆਂ ਹਨ, ਜਿਨ੍ਹਾਂ ਵਿੱਚ 37 ਹਜਾਰ ਤੋਂ ਵੱਧ ਖਿਡਾਰੀ ਅਭਿਆਸ ਕਰ ਸਫਲਤਾ ਦੀ ਨਵੀਂ ਕਹਾਣੀ ਲਿਖ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਸੂਬੇ ਦੀ ਖੇਡ ਨੀਤੀ ਦੇ ਬੂਤੇ ਸਾਡੇ ਖਿਡਾਰੀ ਓਲੰਪਿਕ, ਵਿਸ਼ਵ ਚੈਪੀਅਨਸ਼ਿਪ, ਏਸ਼ਿਅਨ ਤੇ ਕਾਮਨਵੈਲਥ ਗੇਮਸ ਵਿੱਚ ਮੈਡਲ ਜਿੱਤ ਕੇ ਦੇਸ਼ ਦਾ ਨਾਮ ਰੋਸ਼ਨ ਕਰ ਰਹੇ ਹਨ। ਸਰਕਾਰ ਵੀ ਖਿਡਾਰੀਆਂ ਦਾ ਪੂਰਾ ਮਾਨ ਤੇ ਸਨਮਾਨ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸਾਲ 2004 ਤੋਂ 2014 ਵਿੱਚ ਸੂਬਾ ਸਰਕਾਰ ਨੇ ਖਿਡਾਰੀਆਂ 'ਤੇ ਮਹਿਜ 38 ਕਰੋੜ ਰੁਪਏ ਖਰਚ ਕੀਤੇ ਸਨ, ਜਦੋਂ ਕਿ ਸਾਲ 2014 ਤੋਂ 2024 ਤੱਕ ਸੂਬੇ ਦੇ ਖਿਡਾਰੀਆਂ 'ਤੇ ਸਰਕਾਰ ਨੇ 592 ਕਰੋੜ ਰੁਪਏ ਖਰਚ ਕੀਤੇ ਹਨ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਿਰਫ ਖਿਡਾਰੀਆਂ ਨੂੰ ਆਰਥਕ ਮਜਬੂਤੀ ਦੇ ਰਹੀ ਹੈ ਸਗੋ ਖੇਡ ਦੌਰਾਨ ਚੋਟਿਲ ਹੋਣ 'ਤੇ ਖਿਡਾਰੀਆਂ ਦੇ ਇਲਾਜ 'ਤੇ 20 ਲੱਖ ਰੁਪਏ ਤੱਕ ਖਰਚ ਕਰ ਰਹੀ ਹੈ।

ਖੇਡਾਂ ਨੂੰ ਪ੍ਰੋਤਸਾਹਨ ਦੇਣ ਦੇ ਉਦੇਸ਼ ਨਾਲ ਖੇਡ ਏਕਾਦਮੀ ਖੋਲਣ ਲਈ ਸਰਕਾਰੀ ਕਿਫਾਇਤਾਂ ਦਰਾਂ 'ਤੇ ਖਿਡਾਰੀਆਂ ਨੂੰ 5 ਕਰੋੜ ਰੁਪਏ ਤੱਕ ਦਾ ਲੋਨ ਵੀ ਮਹੁਇਆ ਕਰਵਾ ਰਹੀ ਹੈ। ਖੇਡ ਮੰਤਰੀ ਨੇ ਖਿਡਾਰੀਆਂ ਨੂੰ ਭਰੋਸਾ ਦਿੱਤਾ ਕਿ ਖੇਡ ਨੀਤੀ ਤਹਿਤ ਉਨ੍ਹਾਂ ਨੂੰ ਵੱਧ ਤੋਂ ਵੱਧ ਪ੍ਰੋਤਸਾਹਨ ਦਿੱਤਾ ਜਾਵੇਗਾ।

ਇਸ ਮੌਕੇ 'ਤੇ ਹਰਿਆਣਾ ਏਥਲੈਟਿਕਸ ਏਸੋਸਇਏਸ਼ਨ ਦੇ ਸੂਬਾ ਚੇਅਰਮੈਨ ਸ੍ਰੀ ਅਜੈ ਮਿੱਤਲ, ਮਹਾਸਕੱਤਰ ਸ੍ਰੀ ਰਾਮਕਿਸ਼ੋਰ ਸ਼ਰਮਾ ਤੇ ਹੋਰ ਮਾਣਯੋਗ ਲੋਕ ਮੌਜੂਦ ਰਹੇ।

# ਹਿਊਮਨ ਹੈਲਪਿੰਗ ਹਾਰਟਸ ਐਸੋਸੀਏਸ਼ਨ ਵੱਲੋਂ ਸਮਾਗਮ



**ਰਤੀਆ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਊਮਨ ਹੈਲਪਿੰਗ ਹਾਰਟਸ ਸ਼ਾਖਾ ਰਤੀਆ ਨੇ ਕ੍ਰਿਸ਼ਨਾ ਹੋਟਲ ਵਿੱਚ ਸਨਮਾਨ ਸਮਾਰੋਹ ਕਰਵਾਇਆ। ਇਸ ਮੌਕੇ 25 ਸਾਲਾਂ ਤੋਂ ਵੱਧ ਸਮੇਂ ਤੋਂ ਪੱਤਰਕਾਰੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਪੱਤਰਕਾਰਾਂ ਦਾ ਸਨਮਾਨ ਕੀਤਾ ਗਿਆ। ਸ਼ਾਖਾ ਦੇ ਸਲਾਹਕਾਰ ਅਤੇ ਸਟੇਜ ਸੰਚਾਲਨ ਕਰ ਰਹੇ ਕ੍ਰਿਸ਼ਨਾ ਤਨੇਜਾ ਨੇ ਕਿਹਾ ਕਿ ਅੱਜ ਦੇ ਇਸ ਸਨਮਾਨ ਸਮਾਰੋਹ ਵਿੱਚ ਪੱਤਰਕਾਰ ਭੁਵਨੇਸ਼ ਝੰਡਈ, ਧਰਮਿੰਦਰ ਗੋਸਵਾਮੀ, ਕੁਲਭੂਸ਼ਣ ਬਾਂਸਲ, ਰਾਜੇਂਦਰ ਮਿੱਤਲ, ਵਿਪਿਨ ਚਾਵਲਾ, ਨਾਇਬ ਸਿੰਘ ਮੰਡੇਰ, ਅਸ਼ੋਕ ਗਰੋਵਰ, ਤਰਸੇਮ ਸਿੰਗਲਾ ਨੂੰ ਰਾਸ਼ਟਰੀ ਪ੍ਰਧਾਨ ਅਤੇ ਬਲਾਕ ਪ੍ਰਧਾਨ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ਼ਾਖਾ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਚੋਪੜਾ ਨੇ ਕਿਹਾ ਕਿ ਹਿਊਮਨ ਹੈਲਪਿੰਗ ਹਾਰਟਸ ਦੇਸ਼ ਦੇ 140 ਜ਼ਿਲ੍ਹਿਆਂ ਵਿੱਚ ਮਨੁੱਖੀ ਸੇਵਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਕੰਮ ਕਰ ਰਿਹਾ ਹੈ। ਇਹ ਸੰਸਥਾ ਲੋੜਵੰਦ ਲੋਕਾਂ ਦੀ ਮਦਦ ਕਰਕੇ ਅਤੇ ਸਮੇਂ-ਸਮੇਂ 'ਤੇ ਅੱਖਾਂ, ਮੈਡੀਕਲ, ਦੰਦਾਂ ਦੇ ਚੈੱਕ-ਅੱਪ ਕੈਂਪ, ਪ੍ਰਦੂਸ਼ਣ, ਵਾਤਾਵਰਣ ਲਈ ਪੌਦੇ ਲਗਾਉਣ ਦਾ ਕਾਰਜ ਕਰ ਰਹੀ ਹੈ। ਇਸ ਲੜੀ ਤਹਿਤ ਸੰਸਥਾ ਨੇ ਨੇਪਾਲ, ਬ੍ਰਹਮਾ, ਭੂਟਾਨ, ਸ਼ ?ਰੀਲੰਕਾ, ਕੈਨੇਡਾ, ਚੀਨ, ਅਮਰੀਕਾ ਅਤੇ ਹੋਰ ਦੇਸ਼ਾਂ ਵਿੱਚ ਸ਼ਾਖਾਵਾਂ ਸਥਾਪਿਤ ਕੀਤੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੰਗਠਨ ਨਾਲ ਜੁੜਨ ਅਤੇ ਸਮਾਜ ਦੇ ਲੋੜਵੰਦ ਲੋਕਾਂ ਦੀ ਮਦਦ ਕਰਨ ਵਿੱਚ ਯੋਗਦਾਨ ਪਾਉਣ। ਅਸ਼ੋਕ ਚੋਪੜਾ ਨੇ ਸੰਗਠਨ ਦੇ ਕੰਮ ਨੂੰ ਲੋਕਾਂ ਤੱਕ ਪਹੁੰਚਾਉਣ ਵਿੱਚ ਮੀਡੀਆ ਦਾ ਧੰਨਵਾਦ ਕੀਤਾ। ਇਸ ਮੌਕੇ ਸ਼ਾਖਾ ਮੈਂਬਰ ਸਤੀਸ਼ ਗਿਲੋਤਰਾ, ਰਮੇਸ਼ ਮਹਿਤਾ, ਦੀਪਕ ਮਿੱਤਲ, ਸਤੀਸ਼ ਚੋਪੜਾ, ਜੀਵਨ ਰਹੇਜਾ, ਰੁਲਦਾ ਸਿੰਘ, ਅਤੇ ਹੋਰ ਮੈਂਬਰ ਮੌਜੂਦ ਸਨ।

# ਘੱਗਰ ਵਿੱਚੋਂ ਲੰਘਦੀਆਂ ਨਿੱਕੀਆਂ ਜਿੰਦਾਂ, ਅਸਾਂ ਕਲਮ ਦੇ ਸਹਾਰੇ ਤਰ ਜਾਣਾ

**ਸਿਰਸਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ 20 ਤੋਂ ਵੱਧ ਪਿੰਡ ਪਿਛਲੀ ਇਕ ਸਦੀ ਤੋਂ ਘੱਗਰ ਪਾਰ ਕਰਨ ਲਈ ਛੋਟੀ ਕਿਸ਼ਤੀ ਜਾਂ ਖ਼ਤਰਨਾਕ ਕੱਚੇ ਪੁਲਾਂ 'ਤੇ ਨਿਰਭਰ ਹਨ। ਸਿਆਸਤਦਾਨਾਂ ਦੇ ਵਾਅਦਿਆਂ ਅਤੇ 2021 ਵਿੱਚ ਅਧਿਕਾਰਤ ਮਨਜ਼ੂਰੀ ਦੇ ਬਾਵਜੂਦ ਬੁੱਢਾਭਾਨਾ ਅਤੇ ਫਰਵਾਈ ਖੁਰਦ ਨੂੰ ਜੋੜਨ ਵਾਲੇ ਪੁਲ ਦਾ ਨਿਰਮਾਣ ਅਜੇ ਵੀ ਅਧੂਰਾ ਹੈ। ਸੌ ਮੀਟਰ ਲੰਬੇ ਇਸ ਪੁਲ 'ਤੇ 8.21 ਕਰੋੜ ਰੁਪਏ ਦੀ ਲਾਗਤ ਆਉਣੀ ਸੀ ਅਤੇ ਇਸ ਨੂੰ 18 ਮਹੀਨਿਆਂ ਵਿੱਚ ਪੂਰਾ ਕੀਤਾ ਜਾਣਾ ਸੀ। ਹਾਲਾਂਕਿ ਪੁਲ ਦਾ ਕੰਮ ਅਪਰੈਲ 2025 ਵਿੱਚ ਇੱਕ ਸਾਲ ਦੀ ਦੇਰੀ ਨਾਲ ਸ਼ੁਰੂ ਹੋਇਆ। ਹੁਣ ਮੀਂਹ ਅਤੇ ਪਾਣੀ ਦੇ ਵਧਦੇ ਪੱਧਰ ਕਾਰਨ ਪ੍ਰੋਜੈਕਟ ਨੂੰ ਹੋਰ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਤੱਕ ਪੁਲ ਦਾ ਕੰਮ ਪੂਰਾ ਨਹੀਂ ਹੁੰਦਾ ਪਿੰਡ ਵਾਸੀਆਂ ਨੂੰ ਆਪਣੀਆਂ ਜਾਨਾਂ ਖ਼ਤਰੇ ਵਿੱਚ ਪਾ ਕੇ ਲੰਘਣਾ ਪਵੇਗਾ।



ਇਹ ਪੁਲ ਬਣਨ ਨਾਲ ਬੁੱਢਾਭਾਨਾ ਅਤੇ ਫਰਵਾਈ ਖੁਰਦ ਵਰਗੇ ਪਿੰਡਾਂ ਤੋਂ ਸਿਰਸਾ ਸ਼ਹਿਰ ਤੱਕ ਦਾ ਪੈਂਡਾ 22-30 ਕਿਲੋਮੀਟਰ ਦੀ ਥਾਂ ਸਿਰਫ਼ 8-12 ਕਿਲੋਮੀਟਰ ਰਹਿ ਜਾਵੇਗਾ। ਇਹ ਪੰਜਾਬ ਤੱਕ ਸਿੱਧੀ ਸੜਕ ਪਹੁੰਚ ਵੀ ਪ੍ਰਦਾਨ ਕਰੇਗਾ, ਜੋ ਸਿਰਫ਼ 28 ਕਿਲੋਮੀਟਰ ਦੂਰ ਹੈ। ਪਿੰਡ ਵਾਸੀ ਮੌਜੂਦਾ ਸਮੇਂ ਘੱਗਰ ਦਰਿਆ ਪਾਰ ਕਰਨ ਲਈ ਚੰਦੀਰਾਮ ਕੰਬੋਜ ਵੱਲੋਂ ਚਲਾਈ ਜਾਂਦੀ ਕਿਸ਼ਤੀ ਅਤੇ ਟਰੱਕ ਦੀ ਚਾਸੀ ਤੋਂ ਬਣੇ ਬਹੁਤ ਹੀ ਖ਼ਤਰਨਾਕ ਕੱਚੇ ਪੁਲ 'ਤੇ ਨਿਰਭਰ ਕਰਦੇ ਹਨ। ਇਨ੍ਹਾਂ ਦੋਵਾਂ ਤਰੀਕਿਆਂ ਨਾਲ ਰਾਹਗੀਰਾਂ ਦਾ ਸਫ਼ਰ ਖਤਰਿਆਂ ਭਰਿਆ ਬਣ ਜਾਂਦਾ ਹੈ। ਪੁਲ ਦਾ ਕੰਮ ਪੂਰਾ ਹੋਣ ਤੋਂ ਬਾਅਦ ਸਿੱਧੇ ਤੇ ਅਸਿਧੇ ਤੌਰ 'ਤੇ 20 ਤੋਂ 30 ਪਿੰਡਾਂ ਨੂੰ ਲਾਭ ਹੋਵੇਗਾ। ਪੁਲ ਦੇ ਨਿਰਮਾਣ ਨਾਲ ਸਿੱਖਿਆ, ਸਿਹਤ ਸੰਭਾਲ, ਬਾਜ਼ਾਰਾਂ ਅਤੇ ਨੌਕਰੀ ਦੇ ਮੌਕੇ ਵੀ ਵਧਣਗੇ।

ਇੱਕ ਮਜ਼ਬੂਤ ਪੁਲ ਤੋਂ ਬਗੈਰ ਘੱਗਰ ਨੂੰ ਪਾਰ ਕਰਨਾ ਜੋਖਮ ਭਰਿਆ ਹੈ। ਨੌਵੀਂ ਜਮਾਤ ਵਿੱਚ ਪੜ੍ਹਦੀ ਜੋਤੀ ਅਤੇ ਉਸ ਦੇ ਸਹਿਪਾਠੀਆਂ ਦਾ ਕਹਿਣਾ ਹੈ ਕਿ ਕਿਸ਼ਤੀ ਰਾਹੀਂ ਨਦੀ ਪਾਰ ਕਰਨਾ ਡਰਾਉਣਾ ਤਜਰਬਾ ਹੈ ਪਰ ਸਕੂਲ ਜਾਣ ਲਈ ਇਹ ਜ਼ਰੂਰੀ ਹੈ। ਇੱਥੇ ਬਹੁਤ ਸਾਰੀਆਂ ਲੜਕੀਆਂ ਦਸਵੀਂ ਜਮਾਤ ਤੋਂ ਬਾਅਦ ਪੜ੍ਹਾਈ ਛੱਡ ਦਿੰਦੀਆਂ ਹਨ ਕਿਉਂਕਿ ਮਾਪੇ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਫ਼ਿਕਰਮੰਦ ਰਹਿੰਦੇ ਹਨ। ਕਿਸੇ ਤਰ੍ਹਾਂ ਦੀ ਐਮਰਜੈਂਸੀ ਮੌਕੇ ਪਿੰਡ ਵਾਸੀ ਪੁਰਾਣੇ ਟਰੱਕ ਦੇ ਪੁਰਜ਼ਿਆਂ ਤੋਂ ਬਣੇ 2.25 ਫੁੱਟ ਚੌੜੇ ਕੱਚੇ ਪੁਲ ਦੀ ਵਰਤੋਂ ਕਰਦੇ ਹਨ, ਜੋ ਸਿਰਫ਼ ਉਦੋਂ ਹੀ ਵਰਤਿਆ ਜਾ ਸਕਦਾ ਹੈ ਜਦੋਂ ਪਾਣੀ ਦਾ ਪੱਧਰ ਘੱਟ ਹੋਵੇ। ਇੱਥੇ ਪਹਿਲਾਂ ਕਈ ਹਾਦਸੇ ਵਾਪਰ ਚੁੱਕੇ ਹਨ। ਅਜਿਹੀ ਸਥਿਤੀ ਵਿਚ ਜਾਨਲੇਵਾ ਖ਼ਤਰੇ ਇਨ੍ਹਾਂ ਪਿੰਡ ਵਾਸੀਆਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਹਨਦੋ ਦਰਜਨ ਤੋਂ ਵੱਧ ਗ੍ਰਾਮ ਪੰਚਾਇਤਾਂ ਵੱਲੋਂ ਤਤਕਾਲੀ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੂੰ ਇੱਕ ਮਤਾ ਪੇਸ਼ ਕਰਨ ਤੋਂ ਬਾਅਦ ਇਹ ਪੁਲ 2021 ਵਿੱਚ ਅਧਿਕਾਰਤ ਤੌਰ 'ਤੇ ਮਨਜ਼ੂਰ ਕੀਤਾ ਗਿਆ ਸੀ। ਪੁਲ ਦਾ ਕੰਮ ਅਪਰੈਲ 2024 ਵਿੱਚ ਸ਼ੁਰੂ ਹੋਣਾ ਸੀ, ਪਰ ਇੱਕ ਸਾਲ ਦੀ ਦੇਰੀ ਮਗਰੋਂ ਅਪਰੈਲ 2025 ਵਿੱਚ ਸ਼ੁਰੂ ਹੋਇਆ। ਹੁਣ ਤੱਕ ਇੱਥੇ ਸਿਰਫ਼ ਕੁਝ ਕੰਕਰੀਟ ਦੇ ਖੰਭੇ ਬਣਾਏ ਗਏ ਹਨ। ਸਿਰਫ਼ 100 ਮੀਟਰ ਦਾ ਇਹ ਢਾਂਚਾ ਜਿਸ 'ਤੇ 8.21 ਕਰੋੜ ਰੁਪਏ ਦੀ ਲਾਗਤ ਆਉਣੀ ਹੈ, ਦਾ ਕੰਮ ਹੁਣ ਮੀਂਹ ਕਰਕੇ ਪੱਛੜ ਗਿਆ ਹੈ। ਸਿਰਸਾ ਦੇ ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਨੇ ਕਿਹਾ ਕਿ ਪ੍ਰਸ਼ਾਸਨ ਇਸ ਨੂੰ ਸਮੇਂ ਸਿਰ ਪੂਰਾ ਕਰਨ ਲਈ ਜ਼ੋਰ ਦੇਵੇਗਾ। ਮੱਲੇਵਾਲਾ ਅਤੇ ਪਨੀਹਾਰੀ ਵਰਗੇ ਪਿੰਡਾਂ ਵਿੱਚ ਵਸਨੀਕਾਂ ਨੇ ਸਰਕਾਰ ਦੀ ਮਦਦ ਦਾ ਇੰਤਜ਼ਾਰ ਨਹੀਂ ਕੀਤਾ। ਉਨ੍ਹਾਂ ਨੇ ਮਾਮਲੇ ਨੂੰ ਆਪਣੇ ਹੱਥਾਂ ਵਿੱਚ ਲਿਆ। 2004 ਵਿੱਚ ਮੱਲੇਵਾਲਾ ਦੇ ਲੋਕਾਂ ਨੇ ਡੇਰਾ ਬਾਬਾ ਭੂਮਣ ਸ਼ਾਹ ਦੇ ਸੇਵਾ ਦਾਸ ਦੀ ਅਗਵਾਈ ਵਿੱਚ ਖ਼ੁਦ 2.5 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਪੁਲ ਬਣਾਇਆ। ਇਹ ਭਾਈਚਾਰਕ ਕਾਰਵਾਈ ਦੀ ਇੱਕ ਪ੍ਰੇਰਣਾਦਾਇਕ ਮਿਸਾਲ ਹੈ, ਪਰ ਇਹ ਦੂਜੇ ਪਾਸੇ ਸਰਕਾਰੀ ਦੇਰੀ ਕਾਰਨ ਸਥਾਨਕ ਲੋਕਾਂ ਦੀ ਨਾਰਾਜ਼ਗੀ ਨੂੰ ਵੀ ਉਜਾਗਰ ਕਰਦਾ ਹੈ। ਘੱਗਰ ਨੇੜਲੇ ਪਿੰਡਾਂ ਦੇ ਵਸਨੀਕਾਂ ਨੂੰ ਉਮੀਦ ਹੈ ਕਿ ਉਨ੍ਹਾਂ ਦਾ ਲੰਮਾ ਇੰਤਜ਼ਾਰ ਜਲਦੀ ਹੀ ਖਤਮ ਹੋ ਜਾਵੇਗਾ ਅਤੇ ਉਨ੍ਹਾਂ ਨੂੰ ਆਪਣੀਆਂ ਜਾਨਾਂ ਹੋਰ ਖ਼ਤਰੇ ਵਿੱਚ ਨਹੀਂ ਪਾਉਣੀਆਂ ਪੈਣਗੀਆਂ।

# ਘਰ ਵਿੱਚੋਂ ਡੇਢ ਲੱਖ ਚੋਰੀ ਕਰਨ ਦੇ ਦੋਸ਼ ਹੇਠ ਤਿੰਨ ਗ੍ਰਿਫ਼ਤਾਰ

**ਰਤੀਆ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ਼ਹਿਰ ਦੀ ਪੁਲੀਸ ਨੇ ਘਰ ਵਿੱਚ ਹੋਈ ਚੋਰੀ ਦੇ ਸਬੰਧ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਰਤੀਆ ਸ਼ਹਿਰ ਪੁਲੀਸ ਸਟੇਸ਼ਨ ਦੇ ਇੰਚਾਰਜ ਸਬ-ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਓਮ ਪ੍ਰਕਾਸ਼ ਪੁੱਤਰ ਰਾਮ ਲੁਭਾਇਆ, ਵਾਸੀ ਵਾਰਡ ਨੰਬਰ 10, ਰਤੀਆ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦੇ ਘਰ ਵਿੱਚੋਂ ਲਗਪਗ 1,50,000 ਰੁਪਏ ਦੀ ਨਕਦੀ ਚੋਰੀ ਹੋ ਗਈ ਹੈ।

ਜਾਂਚ ਦੌਰਾਨ ਪਤਾ ਲੱਗਿਆ ਕਿ ਸਤਨਾਮ ਸਿੰਘ ਦੀ ਪਤਨੀ ਸਰਵਜੀਤ ਕੌਰ, ਜੋ ਸ਼ਿਕਾਇਤਕਰਤਾ ਦੇ ਘਰ ਪਿਛਲੇ ਦੋ ਸਾਲਾਂ ਤੋਂ ਘਰੇਲੂ ਨੌਕਰਾਣੀ ਵਜੋਂ ਕੰਮ ਕਰ ਰਹੀ ਸੀ, ਨੇ ਆਪਣੇ ਪੁੱਤਰ ਲਾਭ ਸਿੰਘ ਉਰਫ਼ ਲਵਪ੍ਰੀਤ ਅਤੇ ਨੂੰਹ ਜਸ਼ਨਪ੍ਰੀਤ ਕੌਰ, ਨਾਲ ਮਿਲ ਕੇ 2 ਜੁਲਾਈ ਨੂੰ ਚੋਰੀ ਕੀਤੀ।

ਗੁਆਂਢੀ ਦੇ ਸੀਸੀਟੀਵੀ ਫੁਟੇਜ ਦੀ ਜਾਂਚ ਤੋਂ ਪੁਸ਼ਟੀ ਹੋਈ ਕਿ ਤਿੰਨਾਂ ਮੁਲਜ਼ਮਾਂ ਨੇ ਇਹ ਚੋਰੀ ਕਰਨ ਦੀ ਸਾਜ਼ਿਸ਼ ਰਚੀ ਸੀ। ਤਿੰਨਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਲੋੜਵੰਦ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਵੰਡਿਆ

**ਸ਼ਾਹਬਾਦ ਮਾਰਕੰਡਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋੜਵੰਦ ਤੇ ਬੇਸਹਾਰਾ ਪਰਿਵਾਰਾਂ ਦੀ ਮਦਦ ਲਈ ਹਰ ਵੇਲੇ ਤਤਪਰ ਨਰ ਨਰਾਇਣ ਸੇਵਾ ਸਮਿਤੀ ਨੇ ਅੱਜ 60 ਲੋੜਵੰਦ ਤੇ ਬੇਸਹਾਰਾ ਪਰਿਵਾਰਾਂ ਨੂੰ ਸ੍ਰੀ ਲਕਸ਼ਮੀ ਨਰਾਇਣ ਮੰਦਰ ਵਿਚ ਮਹੀਨਾਵਾਰੀ ਮੁਫਤ ਰਾਸ਼ਨ ਵੰਡਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਵਜੋਂ ਪੁੱਜੇ ਸੇਵਾਮੁਕਤ ਡੀਐੱਸਪੀ ਕਰਣਰਾਜ ਸਿੰਘ ਤੂਰ ਤੇ ਸਮਿਤੀ ਮੈਂਬਰਾਂ ਨੇ ਰਾਸ਼ਨ ਵੰਡਿਆ। ਮੁਫਤ ਰਾਸ਼ਨ, ਦਵਾਈਆਂ, ਲੋੜਵੰਦ ਬੱਚਿਆ ਨੂੰ ਪੜ੍ਹਾਈ ਲਈ ਕਿਤਾਬਾਂ, ਫੀਸ, ਬੂਟ, ਜੁਰਾਬਾਂ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਵਿਚ ਸੰਭਵ ਮਦਦ ਕਰ ਰਹੀ ਹੈ।

# ਈਡੀ ਵੱਲੋਂ ਪੰਜਾਬ, ਹਰਿਆਣਾ 'ਚ 11 ਥਾਵਾਂ 'ਤੇ ਛਾਪੇ

**ਨਵੀਂ ਦਿੱਲੀ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧਵਾਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ 11 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਹ ਛਾਪੇਮਾਰੀ ਬਦਨਾਮ 'ਡੰਕੀ ਰੂਟ' ਮਨੁੱਖੀ ਤਸਕਰੀ ਰੈਕੇਟ ਦੇ ਸਬੰਧ ਵਿੱਚ ਕੀਤੀ ਗਈ ਹੈ, ਜੋ ਇਸ ਸਾਲ ਫਰਵਰੀ ਵਿੱਚ ਸੰਯੁਕਤ ਰਾਜ ਅਮਰੀਕਾ ਤੋਂ ਕਈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਵਾਪਸੀ ਤੋਂ ਬਾਅਦ ਸਾਹਮਣੇ ਆਇਆ ਸੀ। ਈਡੀ ਦੇ ਜਲੰਧਰ ਜ਼ੋਨਲ ਦਫ਼ਤਰ ਵੱਲੋਂ ਕੀਤੀ ਗਈ ਇਹ ਛਾਪੇਮਾਰੀ, ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ (♦$⋆1) ਦੇ ਤਹਿਤ ਚੱਲ ਰਹੀ ਜਾਂਚ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ।

ਏਜੰਸੀ ਵੱਲੋਂ ਜਿਨ੍ਹਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਉਨ੍ਹਾਂ ਵਿੱਚ ਅੰਮ੍ਰਿਤਸਰ, ਸੰਗਰੂਰ, ਪਟਿਆਲਾ, ਮੋਗਾ, ਅੰਬਾਲਾ, ਕੁਰੂਕਸ਼ੇਤਰ ਅਤੇ ਕਰਨਾਲ ਸ਼ਾਮਲ ਹਨ। ਇੱਥੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੈੱਟਵਰਕ ਵਿੱਚ ਸ਼ਾਮਲ ਟਰੈਵਲ ਅਤੇ ਵੀਜ਼ਾ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ♦$⋆1 ਜਾਂਚ ਪੰਜਾਬ ਅਤੇ ਹਰਿਆਣਾ ਦੀਆਂ ਪੁਲੀਸ ਅਥਾਰਟੀਆਂ ਵੱਲੋਂ ਟਰੈਵਲ ਏਜੰਟਾਂ ਅਤੇ ਵਿਚੋਲਿਆਂ ਵਿਰੁੱਧ ਦਰਜ ਕੀਤੀਆਂ ਗਈਆਂ 17 ਐੱਫਆਈਆਰ'ਜ਼ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ। ਇਨ੍ਹਾਂ ਏਜੰਟਾਂ ਅਤੇ ਵਿਚੋਲਿਆਂ 'ਤੇ ਅਮਰੀਕਾ ਵਿੱਚ ਪ੍ਰਵਾਸ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ ਧੋਖਾ ਦੇਣ ਦਾ ਦੋਸ਼ ਹੈ।

ਈਡੀ ਦੇ ਅਧਿਕਾਰੀਆਂ ਨੇ ਦੱਸਿਆ, "ਇਨ੍ਹਾਂ ਏਜੰਟਾਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ ਕਾਨੂੰਨੀ ਯਾਤਰਾ ਦੇ ਪ੍ਰਬੰਧਾਂ ਦਾ ਵਾਅਦਾ ਕਰਕੇ ਫਸਾਇਆ, ਪਰ ਇਸ ਦੀ ਬਜਾਏ ਉਨ੍ਹਾਂ ਨੂੰ 'ਡੰਕੀ ਰੂਟ' ਵਜੋਂ ਜਾਣੇ ਜਾਂਦੇ ਖਤਰਨਾਕ, ਗੈਰ-ਕਾਨੂੰਨੀ ਰਸਤਿਆਂ ਰਾਹੀਂ ਤਸਕਰੀ ਕੀਤੀ।"

ਈਡੀ ਦੀ ਜਾਂਚ ਅਨੁਸਾਰ ਏਜੰਟਾਂ ਨੇ ਕਾਨੂੰਨੀ ਪਰਵਾਸ ਦੇ ਬਹਾਨੇ ਪ੍ਰਤੀ ਵਿਅਕਤੀ 45 ਤੋਂ 50 ਲੱਖ ਰੁਪਏ ਦੀਆਂ ਮੋਟੀਆਂ ਰਕਮਾਂ ਵਸੂਲੀਆਂ ਹਨ। ਹਾਲਾਂਕਿ, ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਪੀੜਤਾਂ ਨੂੰ ਅਕਸਰ ਸੰਗਠਿਤ ਅਪਰਾਧਿਕ ਨੈੱਟਵਰਕਾਂ ਅਤੇ ਅਖੌਤੀ 'ਡੰਕਰਾਂ' (ਤਸਕਰੀ ਦੀ ਸਹੂਲਤ ਦੇਣ ਵਾਲੇ) ਦੀ ਸ਼ਮੂਲੀਅਤ ਨਾਲ ਜੰਗਲਾਂ ਅਤੇ ਖਤਰਨਾਕ ਇਲਾਕਿਆਂ ਰਾਹੀਂ ਅੰਤਰਰਾਸ਼ਟਰੀ ਸਰਹੱਦਾਂ ਪਾਰ ਸਮਗਲ ਕੀਤਾ ਜਾਂਦਾ ਸੀ ਜਾਂਚਕਰਤਾਵਾਂ ਨੇ ਅੱਗੇ ਖੁਲਾਸਾ ਕੀਤਾ ਕਿ ਇੱਕ ਵਾਰ ਜਦੋਂ ਪੀੜਤ ਰਸਤੇ ਵਿੱਚ ਹੁੰਦੇ ਸਨ ਤਾਂ ਏਜੰਟ ਅਤੇ ਉਨ੍ਹਾਂ ਦੇ ਘਰਾਂ ਵਿੱਚ ਪਰਿਵਾਰਾਂ ਨੂੰ ਆਪਣੇ ਅਜ਼ੀਜ਼ਾਂ ਦੀ ਸੁਰੱਖਿਆ ਲਈ ਡਰ ਅਤੇ ਧਮਕੀ ਦਾ ਮਾਹੌਲ ਪੈਦਾ ਕਰਕੇ ਵਾਧੂ ਭੁਗਤਾਨ ਕਰਨ ਲਈ ਮਜਬੂਰ ਕਰਦੇ ਸਨ।

ਇਸ ਸਬੰਧੀ ਕਈ ਡਿਪੋਰਟੀਆਂ ਦੇ ਬਿਆਨ ਈਡੀ ਵੱਲੋਂ ਦਰਜ ਕੀਤੇ ਗਏ ਹਨ। ਕਈ ਸ਼ੱਕੀਆਂ ਦੀ ਪਛਾਣ ਹੋਣ ਤੋਂ ਬਾਅਦ ਮੌਜੂਦਾ ਕਾਰਵਾਈ ਦੇ ਹਿੱਸੇ ਵਜੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

# ਭਾਜਪਾ ਵਰਕਰ ਦੇਸ਼ ਨੂੰ ਵਿਕਸਤ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਣਗੇ: ਸੁਮਨ ਸੈਣੀ



**ਸ਼ਾਹਬਾਦ ਮਾਰਕੰਡਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੇ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ ਨੇ ਮੀਟਿੰਗ ਵਿੱਚ ਵਰਚੁਅਲ ਤੌਰ 'ਤੇ ਸ਼ਿਰਕਤ ਕਰਦਿਆਂ ਜ਼ਿਲ੍ਹਾ ਦਫਤਰ ਗੀਤਾ ਕਮਲ ਦਾ ਉਦਘਾਟਨ ਕੀਤਾ। ਇਸ ਮੌਕੇ ਹਰਿਆਣਾ ਰਾਜ ਬਾਲ ਭਲਾਈ ਪਰੀਸ਼ਦ ਦੀ ਉਪ ਪ੍ਰਧਾਨ ਸੁਮਨ ਸੈਣੀ ਨੇ ਕਿਹਾ ਕਿ ਭਾਜਪਾ ਵਰਕਰ ਦੇਸ਼ ਨੂੰ ਵਿਕਸਤ ਭਾਰਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਰਾਜ ਭਲਾਈ ਬਾਲ ਵਿਕਾਸ ਪਰੀਸ਼ਦ ਦੀ ਮੀਤ ਪ੍ਰਧਾਨ ਸੁਮਨ ਸੈਣੀ ਨੇ ਕਿਹਾ ਕਿ ਵਰਕਰ ਭਾਰਤੀ ਜਨਤਾ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ਜੋ ਮੌਕਾ ਮਿਲਣ 'ਤੇ ਆਪਣਾ ਖ਼ੂਨ ਪਸੀਨਾ ਵਹਾ ਕੇ ਪਾਰਟੀ ਲਈਂ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਦਫਤਰ ਸਿਰਫ ਇਕ ਇਮਾਰਤ ਹੀ ਨਹੀਂ ਬਲਕਿ ਇਹ ਪਾਰਟੀ ਦੇ ਪ੍ਰਚਾਰ, ਪ੍ਰਸਾਰ, ਰੀਤੀ ਰਿਵਾਜਾਂ ਤੇ ਪਰੰਪਰਾਵਾ ਨੂੰ ਲੋਕਾਂ ਤਕ ਪਹੁੰਚਾਉਣ ਦਾ ਇਕ ਕੇਂਦਰ ਹੈ।

ਇਸ ਮੌਕੇ ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਗੀਤਾ ਦਾ ਜਨਮ ਕੁਰੂਕਸ਼ੇਤਰ ਵਿੱਚ ਧਰਮ ਤੇ ਅਧਰਮ ਤੇ ਲੜੇ ਗਏ ਮਹਾਂ ਭਾਰਤ ਦੇ ਯੁੱਧ ਦੌਰਾਨ ਹੋਇਆ ਸੀ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸਿਧਾਂਤਾਂ ਤੇ ਨੀਤੀਆਂ ਨੂੰ ਲੋਕਾਂ ਤੱਕ ਲੈ ਕੇ ਜਾਣ ਦੀ ਲੋੜ ਹੈ। ਇਸ ਸਮੇਂ ਭਾਰਤੀ ਜਨਤਾ ਪਾਰਟੀ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ। ਭਾਜਪਾ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਗੀਤਾ ਦਾ ਪ੍ਰਚਾਰ ਕੁਰੂਕਸ਼ੇਤਰ ਵਿੱਚ ਹੋਇਆ ਸੀ।

ਕੁਰੂਕਸ਼ੇਤਰ ਨੂੰ ਗੀਤਾ ਦੇ ਪ੍ਰਚਾਰ ਨਾਲ ਦੁਨੀਆਂ ਵਿਚ ਮਾਨਤਾ ਮਿਲ ਗਈ ਹੈ ਹੁਣ ਸਾਡੇ ਦਫਤਰ ਨੂੰ ਵੀ ਗੀਤਾ ਕਮਲ ਦੇ ਨਾਂ ਨਾਲ ਮਾਨਤਾ ਦਿੱਤੀ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਤੁਸ਼ਾਰ ਸੈਣੀ, ਚੇਅਰਮੈਨ ਧਰਮਬੀਰ ਮਿਰਜਾਪੁਰ, ਜ਼ਿਲ੍ਹਾ ਪਰੀਸ਼ਦ ਚੇਅਰਪਰਸਨ ਕੰਵਲਜੀਤ ਕੌਰ, ਨਗਰ ਕੌਂਸਲ ਪ੍ਰਧਾਨ ਮਾਫੀ ਢਾਂਡਾ, ਚੇਅਰਮੈਨ ਜੈ ਪਾਲ, ਸੁਸ਼ੀਲ ਰਾਣਾ, ਰਾਹੁਲ ਅਰਚਨਾ, ਡਾ. ਰਾਣਾ, ਜ਼ਿਲ੍ਹਾ ਮੀਡੀਆ ਇੰਚਰਾਜ ਸ਼ੈਲੇਸ਼ ਵਤਸ, ਰਵੀ ਬਤਾਨ ਮੌਜੂਦ ਸਨ।

## ਸੰਪਾਦਕੀ

# ਦਹਾਕੇਵਾਰ ਹੋਣ ਵਾਲੀ ਮਰਦਮਸ਼ੁਮਾਰੀ ਦਾ ਕਾਰਜ

ਪਿਛਲੇ 150 ਸਾਲਾਂ ਦੌਰਾਨ ਦਹਾਕੇਵਾਰ ਹੋਣ ਵਾਲੀ ਮਰਦਮਸ਼ੁਮਾਰੀ ਦਾ ਕਾਰਜ ਜਿਹੜਾ 2021 ਵਿੱਚ ਹੋਣਾ ਸੀ, ਅਨੇਕ ਨਾ ਟਾਲੇ ਜਾਣ ਵਾਲੇ ਕਾਰਨਾਂ ਕਰ ਕੇ ਅੱਗੇ ਪਾਇਆ ਜਾਂਦਾ ਰਿਹਾ। ਹੁਣ ਇਹ ਅਕਤੂਬਰ 2026 ਤੋਂ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਅਮਲ ਦੋ ਹਿੱਸਿਆਂ ਵਿੱਚ ਵੰਡ ਕੇ ਸਿਰੇ ਚੜ੍ਹਨਾ ਹੈ। ਪਹਿਲੀ ਅਕਤੂਬਰ 2026 ਤੋਂ ਦੂਰ ਦੁਰਾਡੇ ਇਲਾਕਿਆਂ ਅਤੇ ਬਰਫ਼ ਨਾਲ ਢੱਕੇ ਰਾਜਾਂ- ਜੰਮੂ ਕਸ਼ਮੀਰ, ਹਿਮਾਚਲ, ਲੱਦਾਖ ਤੇ ਉੱਤਰਾਖੰਡ, ਤੋਂ ਇਸ ਦੀ ਸ਼ੁਰੂਆਤ ਹੋਵੇਗੀ। ਫਿਰ ਪਹਿਲੀ ਮਾਰਚ 2027 ਵਿੱਚ ਦੇਸ਼ ਦੇ ਬਾਕੀ ਇਲਾਕੇ ਅਤੇ ਰਾਜਾਂ ਵਿੱਚ ਇਹ ਕੰਮ ਸ਼ੁਰੂ ਹੋਵੇਗਾ। ਮਰਦਮਸ਼ੁਮਾਰੀ ਐਕਟ-1948 ਦੇ ਸੈਕਸ਼ਨ 3 ਅਨੁਸਾਰ ਕੇਂਦਰੀ ਸਰਕਾਰ ਨੂੰ ਹੀ ਇਹ ਅਧਿਕਾਰ ਦਿੱਤਾ ਜਾਂਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਅਤੇ ਨਿਗਰਾਨੀ ਹੇਠ ਮਰਦਮਸ਼ੁਮਾਰੀ ਦਾ ਕੰਮ ਨਿਸ਼ਚਿਤ ਵਕਫ਼ੇ ਤੋਂ ਬਾਅਦ ਲਗਾਤਾਰ ਕਰਵਾਏ।

ਇਸ ਪ੍ਰੋਗਰਾਮ ਤਹਿਤ ਅੰਕੜਿਆਂ ਦੀ ਸਹਾਇਤਾ ਨਾਲ ਇਕੱਠੀ ਕੀਤੀ ਜਾਣਕਾਰੀ ਦੇਸ਼ ਲਈ ਯੋਜਨਾਬੰਦੀ, ਸਮਾਜਿਕ-ਆਰਥਿਕ ਪ੍ਰੋਗਰਾਮ ਤੇ ਨੀਤੀਆਂ ਬਣਾਉਣ, ਖੇਤਰਵਾਰ ਬਜਟ ਅਲਾਟਮੈਂਟ ਅਤੇ ਹਰ ਪ੍ਰਕਾਰ ਦੇ ਭੌਤਿਕ ਤੇ ਵਿੱਤੀ ਸਰੋਤਾਂ ਦੇ ਸਦਉਪਯੋਗ ਲਈ ਵਰਤੀ ਜਾਂਦੀ ਹੈ। ਇਨ੍ਹਾਂ ਸਾਧਨਾਂ ਵਿੱਚ ਮਨੁੱਖੀ ਸਰੋਤ ਵੀ ਸ਼ਾਮਿਲ ਹਨ। ਦੇਸ਼ ਦੀ ਕੁੱਲ ਵਸੋਂ ਦੇ ਨਾਲ-ਨਾਲ ਵਸੋਂ ਦੀ ਬਣਤਰ, ਉਮਰ ਗਰੁੱਪ, ਸਿਹਤ ਵਿਵਸਥਾ ਅਤੇ ਜਿਊਂਦੇ ਰਹਿਣ ਦੀ ਸਮਰੱਥਾ ਨਾਲ ਜੁੜੇ ਪੱਖਾਂ ਤੋਂ ਇਲਾਵਾ ਦੇਸ਼ ਵਿੱਚ ਮੌਜੂਦਾ ਸਮਾਜਿਕ-ਆਰਥਿਕ ਨਾ-ਬਰਾਬਰੀ, ਗਰੀਬੀ, ਸਾਖਰਤਾ ਦਰ, ਖੇਤਰਵਾਰ ਕੰਮ-ਕਾਜੀ ਵਸੋਂ ਦੀ ਦਰ (ਰੁਜ਼ਗਾਰ) ਦੇਸ਼ ਵਿਦੇਸ਼ ਵਿੱਚ ਪਰਵਾਸ ਆਦਿ ਬਾਰੇ ਵੀ ਜਾਣਕਾਰੀ ਮਿਲਦੀ ਹੈ। ਜੇ ਮਰਦਮਸ਼ੁਮਾਰੀ ਨਾਲ ਸਬੰਧਿਤ ਸਾਰਾ ਅਮਲ ਸਹੀ ਅਤੇ ਇਮਾਨਦਾਰੀ ਨਾਲ ਕੀਤਾ ਜਾਂਦਾ ਹੈ ਤਾਂ ਇਸ ਨੂੰ ਭਵਿੱਖ ਵਿੱਚ ਹੋਣ ਵਾਲੇ ਸਮੁੱਚੇ ਵਿਕਾਸ ਪ੍ਰਬੰਧ ਅਤੇ ਖ਼ੁਸ਼ਹਾਲੀ ਵਾਸਤੇ ਵਰਤਿਆ ਜਾ ਸਕਦਾ ਹੈ।

ਅਕਤੂਬਰ 2026 ਤੋਂ ਆਰੰਭ ਹੋਣ ਵਾਲੀ ਮਰਦਮਸ਼ੁਮਾਰੀ ਦਾ ਅਹਿਮ ਕਾਰਜ ਪਹਿਲੀਆਂ ਕੀਤੀਆਂ 15 ਮਰਦਮਸ਼ੁਮਾਰੀਆਂ ਤੋਂ ਕਿਵੇਂ ਭਿੰਨ ਹੈ ? ਇਸ ਵਿੱਚ ਕੀ ਕੁਝ ਨਵਾਂ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਹੈ ? ਕੇਂਦਰ ਦੇ ਇਸ ਕੰਮ ਬਾਰੇ ਵਿਰੋਧੀ ਧਿਰਾਂ ਕੁਝ ਨੁਕਤਿਆਂ ਸਬੰਧੀ ਸ਼ੱਕ ਕਿਉਂ ਜ਼ਾਹਿਰ ਕਰ ਰਹੀਆਂ ਹਨ ? ਅੱਜ ਦੇ ਅਤਿ ਆਧੁਨਿਕ ਤਕਨੀਕੀ ਯੁੱਗ ਵਿੱਚ ਵਿਅਕਤੀਗਤ ਤੌਰ 'ਤੇ ਘਰੋ-ਘਰੀ ਜਾ ਕੇ ਜਾਣਕਾਰੀ ਪ੍ਰਾਪਤ ਕਰਨ ਬਾਰੇ ਕੀ ਖ਼ਦਸ਼ੇ ਹਨ ?

ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਮਰਦਮਸ਼ੁਮਾਰੀ ਦਾ ਕੰਮ ਡਿਜੀਟਲ ਹੋਵੇਗਾ, ਜਿਸ ਵਿੱਚ ਮੋਬਾਈਲ ਐਪ ਦੀ ਵਰਤੋਂ ਹੋਵੇਗੀ। ਇਹ ਕੰਮ ਕਰਨ ਵਾਲੇ ਨੂੰ ਸਰਕਾਰੀ ਤੌਰ 'ਤੇ ਸਮਾਰਟ ਫੋਨ ਦਿੱਤੇ ਜਾਣਗੇ ਜਿਸ ਵਿੱਚ ਪਹਿਲਾਂ ਹੀ ਮਰਦਮਸ਼ੁਮਾਰੀ ਨਾਲ ਸਬੰਧਿਤ ਸੌਫਟਵੇਅਰ ਹੋਵੇਗਾ। ਵਿਆਖਿਆ ਵਾਲੇ ਪ੍ਰਸ਼ਨਾਂ ਲਈ ਕੋਡਿੰਗ ਦਾ ਤਰੀਕਾ ਵਰਤਿਆ ਜਾਵੇਗਾ। ਦੂਜਾ, ਇਸ ਵਿੱਚ ਸਵੈ-ਜਾਣਕਾਰੀ ਦਾ ਪ੍ਰਬੰਧ ਵੀ ਹੈ, ਜਿਸ ਵਾਸਤੇ ਵੱਖਰੇ ਤੌਰ 'ਤੇ ਪਛਾਣ ਪੱਤਰ ਦਿੱਤਾ ਜਾਵੇਗਾ। ਪਰਿਵਾਰ ਦੇ ਜੀਅ ਆਪੋ-ਆਪਣੀ ਜਾਣਕਾਰੀ ਵੱਖਰੇ ਪੋਰਟਲ 'ਤੇ ਭਰ ਕੇ ਜਮ੍ਹਾਂ ਕਰਵਾ ਸਕਣਗੇ। ਤੀਜਾ ਤੇ ਬਹੁਤ ਅਹਿਮ ਪੱਖ ਹੈ ਕਿ ਆਜ਼ਾਦ ਭਾਰਤ ਵਿੱਚ ਪਹਿਲੀ ਵਾਰ ਜਾਤੀ ਆਧਾਰਿਤ ਮਰਦਮਸ਼ੁਮਾਰੀ ਕੀਤੀ ਜਾਵੇਗੀ; ਭਾਵ, ਲੋਕਾਂ ਦੀ ਜਾਤ, ਜਨ-ਜਾਤ, ਗੋਤ ਆਦਿ ਬਾਰੇ ਵੀ ਨਿਸ਼ਚਿਤ ਤਰਤੀਬ ਅਨੁਸਾਰ ਅੰਕੜੇ ਇਕੱਠੇ ਕੀਤੇ ਜਾਣਗੇ। ਹੁਣ ਤੱਕ ਕੇਵਲ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਬਾਰੇ ਹੀ ਜਾਣਕਾਰੀ ਹੁੰਦੀ ਸੀ ਪਰ 1961 ਦੀ ਮਰਦਮਸ਼ੁਮਾਰੀ ਵੇਲੇ ਰਾਜਾਂ ਨੂੰ ਇਜਾਜ਼ਤ ਦੇ ਦਿੱਤੀ ਗਈ ਸੀ ਕਿ ਉਹ ਹੋਰ ਪਛੜੇ ਵਰਗਾਂ ਜਾਂ ਜਾਤਾਂ ਬਾਰੇ ਵੀ ਜਾਣਕਾਰੀ ਚਾਹੁਣ ਤਾਂ ਇਕੱਠੀ ਕਰ ਸਕਦੇ ਹਨ। ਚੌਥਾ, ਪ੍ਰਾਪਤ ਜਾਣਕਾਰੀ ਅਤੇ ਗਿਣਤੀ ਦੇ ਅਨੁਸਾਰ ਹੀ ਲੋਕ ਸਭਾ ਤੇ ਰਾਜ ਸਭਾ ਦੀਆਂ ਸੀਟਾਂ ਦੀ ਗਿਣਤੀ, ਰਾਜਾਂ ਦੀਆਂ ਮੁੜ ਉਲੀਕੀਆਂ ਪ੍ਰਬੰਧਕੀ ਸੀਮਾਵਾਂ ਤੈਅ ਹੋਣ ਤੋਂ ਬਾਅਦ ਨਵੇਂ ਹਾਲਾਤ ਅਨੁਸਾਰ ਕੀਤੀ ਜਾਵੇਗੀ। ਇਸੇ ਆਧਾਰ ਉੱਪਰ ਹਰ ਪ੍ਰਕਾਰ ਦੀ ਜਾਤੀ ਨਿਰਧਾਰਿਤ ਰਿਜ਼ਰਵੇਸ਼ਨ, ਔਰਤ ਰਾਖਵੇਂਕਰਨ ਬਿੱਲ ਲਾਗੂ ਕਰਨਾ ਤੇ ਹੋਰ ਕੋਟਾ ਨਿਰਧਾਰਿਤ ਕਰਨਾ ਨਿਰਭਰ ਕਰਦਾ ਹੈ। ਇਸ ਕਾਰਜ ਵਾਸਤੇ 13,000 ਕਰੋੜ ਰੁਪਏ ਦਾ ਬਜਟ ਹੈ ਅਤੇ 30 ਤੋਂ 34 ਲੱਖ ਲੋਕ ਇਹ ਕਾਰਜ ਤਿੰਨ ਸਾਲਾਂ ਵਿੱਚ ਮੁਕੰਮਲ ਕਰਨਗੇ।

ਮਰਦਮਸ਼ੁਮਾਰੀ ਵਾਸਤੇ ਮੁੱਖ ਰੂਪ ਵਿੱਚ ਸਕੂਲ ਅਧਿਆਪਕਾਂ ਅਤੇ ਕੁਝ ਹੋਰ ਸਰਕਾਰੀ ਦਫ਼ਤਰਾਂ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਜਾਵੇਗੀ। ਇਨ੍ਹਾਂ ਨੂੰ ਪਹਿਲਾਂ ਛੇ ਮਹੀਨੇ ਦੀ ਸਿਖਲਾਈ ਦਿੱਤੀ ਜਾਵੇਗੀ। ਮਰਦਮਸ਼ੁਮਾਰੀ ਕਰਨ ਵਾਲਿਆਂ ਦਾ ਪ੍ਰਬੰਧ ਅਤੇ ਉਨ੍ਹਾਂ ਨੂੰ ਸਿਖਲਾਈ ਦੇਣ ਦਾ ਕੰਮ ਰਾਜ ਸਰਕਾਰਾਂ ਦਾ ਹੋਵੇਗਾ। ਆਲਮੀ ਪੱਧਰ 'ਤੇ ਕੰਮ ਕਰਦੀ ਪਾਪੂਲੇਸ਼ਨ ਕੌਂਸਲ ਦੇ ਭਾਰਤ ਵਿੱਚ ਵੀ ਦਫ਼ਤਰ ਹਨ ਜਿਹੜੇ ਮਰਦਮਸ਼ੁਮਾਰੀ ਨਾਲ ਸਬੰਧਿਤ ਖੋਜ ਅਤੇ ਵਿਸ਼ਲੇਸ਼ਣ ਵਿੱਚ ਜੁਟੇ ਰਹਿੰਦੇ ਹਨ। ਭਾਰਤ ਦੇ 16 ਰਾਜਾਂ ਵਿੱਚ 18 ਵਸੋਂ ਖੋਜ ਕੇਂਦਰ ਹਨ ਜਿਹੜੇ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਹੇਠ ਵਸੋਂ ਨਾਲ ਸਬੰਧਿਤ ਹੋਰ ਜ਼ਰੂਰੀ ਜਾਣਕਾਰੀ ਇਕੱਠੀ ਕਰਦੇ ਰਹਿੰਦੇ ਹਨ। ਹੋਰ ਅਰਧ-ਸਰਕਾਰੀ ਅਤੇ ਖ਼ੁਦਮੁਖ਼ਤਾਰ ਸੰਸਥਾਵਾਂ ਵੀ ਹਨ ਜਿਹੜੀਆਂ ਜਨ ਸੰਖਿਆ ਨਾਲ ਸਬੰਧਿਤ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਸ਼ਲੇਸ਼ਣ ਕਰ ਰਹੀਆਂ ਹਨ। ਇਹ ਆਪਣੇ ਪੇਪਰਾਂ ਵਿੱਚ ਨੀਤੀਗਤ ਸੁਝਾਅ ਵੀ ਦਿੰਦੀਆਂ ਹਨ ਪਰ ਇਸ ਦੇ ਬਾਵਜੂਦ ਮਰਦਮਸ਼ੁਮਾਰੀ ਦੇ ਅਮਲ ਵਿੱਚ ਸਕੂਲ ਅਧਿਆਪਕਾਂ ਦੀ ਡਿਊਟੀ ਲਗਾਉਣਾ ਅਤੇ ਉਨ੍ਹਾਂ ਨੂੰ ਸਿਖਲਾਈ ਲਈ ਬੁਲਾਉਣਾ ਕਿਸੇ ਵੀ ਪੱਖ ਤੋਂ ਤਰਕ ਸੰਗਤ ਨਹੀਂ ਲੱਗਦਾ। ਮਰਦਮਸ਼ੁਮਾਰੀ ਦਾ ਕੰਮ ਨੇਪਰੇ ਚਾੜ੍ਹਨਾ ਅਤੇ ਵਿਦਿਆਰਥੀਆਂ ਦੀ ਪੜ੍ਹਾਈ, ਦੋਵੇਂ ਅਹਿਮ ਕੰਮ ਹਨ। ਦੋਵਾਂ ਵਿੱਚੋਂ ਕਿਸੇ ਇੱਕ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਪਰ ਜੇ ਅਧਿਆਪਕ ਨੂੰ ਇਸ ਕਾਰਜ ਵਿੱਚ ਲਗਾਇਆ ਜਾਂਦਾ ਹੈ ਤਾਂ ਨਿਸ਼ਚੇ ਹੀ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਵੇਗਾ। ਸਕੂਲ ਪਹਿਲਾਂ ਹੀ ਅਧਿਆਪਕ ਅਸਾਮੀਆਂ ਪੂਰੀਆਂ ਨਾ ਹੋਣ ਕਾਰਨ ਵਾਧੂ ਕੰਮ ਦਾ ਬੋਝ ਝੱਲ ਰਹੇ ਹਨ।

ਦੇਸ਼ ਵਿੱਚ ਇਸ ਵੇਲੇ 68% ਆਬਾਦੀ ਨੌਜਵਾਨਾਂ ਦੀ ਹੈ। ਇਸ ਵਿੱਚ 16 ਤੋਂ 20% ਨੌਜਵਾਨ ਬੇਰੁਜ਼ਗਾਰ ਹਨ। ਆਈਟੀ ਖੇਤਰ ਵਿੱਚ ਰੋਬੋਟ ਦਾ ਰੁਝਾਨ ਵਧਣ ਅਤੇ ਅੰਧਾਧੁੰਦ ਮਸ਼ੀਨੀਕਰਨ ਕਾਰਨ 2022-23 ਦੌਰਾਨ ਨੌਜਵਾਨਾਂ ਦੀ ਬੇਰੁਜ਼ਗਾਰੀ ਵਿੱਚ 18% ਵਾਧਾ ਹੋਇਆ ਹੈ। ਇਸ ਬੇਰੁਜ਼ਗਾਰ ਨੌਜਵਾਨੀ ਨੂੰ ਸਿਖਲਾਈ ਦੇ ਕੇ ਮਰਦਮਸ਼ੁਮਾਰੀ ਦੇ ਕੰਮ ਵਿੱਚ ਲਗਾਉਣਾ ਚਾਹੀਦਾ ਹੈ। ਦੂਜਾ, ਸ਼ੱਕ ਹੈ ਕਿ ਜਦੋਂ ਪੋਰਟਲ ਜ਼ਰੀਏ ਆਪ ਹੀ ਆਪਣੀ ਜਾਣਕਾਰੀ ਦਿੱਤੀ ਜਾਵੇਗੀ ਤਾਂ ਜ਼ਰੂਰੀ ਨਹੀਂ ਕਿ ਉਹ ਸਮਾਜਿਕ-ਆਰਥਿਕ ਪੱਖਾਂ ਨੂੰ ਬਿਆਨ ਕਰਦੀ ਸਹੀ ਰਿਪੋਰਟਿੰਗ ਹੋਵੇਗੀ। ਇਸ ਵਿੱਚ ਨਿੱਜੀ ਜਾਣਕਾਰੀ ਦੇ ਕੁਝ ਪੱਖਾਂ ਨੂੰ ਵਧਾ ਚੜ੍ਹਾ ਕੇ, ਬਾਕੀ ਨੂੰ ਜਾਣ ਬੁੱਝ ਕੇ ਘਟਾ ਕੇ ਪੇਸ਼ ਕਰਨ ਦੇ ਖ਼ਦਸ਼ੇ ਨੂੰ ਨਕਾਰਿਆ ਨਹੀਂ ਜਾ ਸਕਦਾ। ਤੀਜਾ, ਸਮਾਰਟ ਫੋਨ ਜ਼ਰੀਏ ਜਾਣਕਾਰੀ ਇਕੱਠੀ ਕਰਨ ਦੀਆਂ ਆਪਣੀਆਂ ਸੀਮਾਵਾਂ ਹਨ; ਜਿਵੇਂ ਇਹ ਜ਼ਰੂਰੀ ਨਹੀਂ ਕਿ ਦੂਰ ਦੁਰਾਡੇ ਇਲਾਕਿਆਂ ਵਿੱਚ ਇੰਟਰਨੈੱਟ ਦੀ ਲਗਾਤਾਰ ਸਹੂਲਤ ਹੋਵੇ। ਚੌਥਾ, ਸਾਈਬਰ ਅਪਰਾਧ ਦੇ ਵਧਦੇ ਰੁਝਾਨ ਕਾਰਨ ਬਹੁਤੇ ਨਾਗਰਿਕ ਮਰਦਮਸ਼ੁਮਾਰੀ ਵਾਲਿਆਂ ਨੂੰ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਦੇਣ ਤੋਂ ਗੁਰੇਜ਼ ਕਰਨਗੇ। ਵਟਸਐਪ 'ਤੇ ਦੂਜੇ ਤੀਜੇ ਦਿਨ ਵੀਡੀਓ ਜਾਰੀ ਹੁੰਦੀ ਹੈ ਕਿ ਕੋਈ ਤੁਹਾਡੇ ਕੋਲ ਡੇਟਾ ਇਕੱਠਾ ਕਰਨ ਬਹਾਨੇ ਆਵੇਗਾ, ਉਹ ਤੁਹਾਨੂੰ ਆਪਣਾ ਸ਼ਨਾਖ਼ਤੀ ਕਾਰਡ ਆਦਿ ਵੀ ਦਿਖਾਏਗਾ, ਸਬੰਧਿਤ ਦਫਤਰ ਵੱਲੋਂ ਡਿਊਟੀ ਨਿਭਾਉਣ ਲਈ ਆਇਆ ਦੱਸੇਗਾ ਪਰ ਹੋ ਸਕਦਾ ਹੈ, ਤੁਹਾਡੇ ਇਕ ਹੁੰਗਾਰੇ ਨਾਲ ਉਹ ਸਾਈਬਰ ਅਪਰਾਧ ਅੰਜਾਮ ਦੇ ਰਿਹਾ ਹੋਵੇ। ਇਸ ਲਈ ਕਿਸੇ ਵੀ ਅਜਨਬੀ ਨੂੰ ਹੁੰਗਾਰਾ ਨਹੀਂ ਦੇਣਾ। ਅਜਿਹੇ ਹਾਲਾਤ ਨਾਲ ਕਿਵੇਂ ਨਜਿੱਠਣਾ ਹੈ, ਇਸ ਬਾਰੇ ਨਿਸ਼ਚਿਤ ਨੀਤੀ ਬਣਾਉਣੀ ਪਵੇਗੀ। ਸੋਸ਼ਲ ਮੀਡੀਆ ਉੱਪਰ ਝੂਠ ਸੱਚ ਸਭ ਕੁਝ ਪਰੋਸਿਆ ਜਾ ਰਿਹਾ ਹੈ। ਪੰਜਵਾਂ, ਇਹ ਸਾਰਾ ਕੰਮ ਤਿੰਨ ਸਾਲਾਂ ਦੌਰਾਨ ਪੂਰਾ ਹੋਣਾ ਹੈ; ਭਾਵ, 2027 ਦਾ ਸ਼ੁਰੂ ਹੋਇਆ ਕੰਮ 2030 ਵਿੱਚ ਮੁਕੰਮਲ ਹੋਵੇਗਾ। ਇਸ ਦੌਰਾਨ ਹੋਣ ਵਾਲੀਆਂ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਣ ਲਈ ਕੋਈ ਬੇਸ ਪੀਰੀਅਡ ਜਾਂ ਨਿਸ਼ਚਿਤ ਤਰੀਕ ਤੈਅ ਕਰਨੀ ਪਵੇਗੀ। ਛੇਵਾਂ, ਮਰਦਮਸ਼ੁਮਾਰੀ ਦੌਰਾਨ ਵਸੋਂ ਸਬੰਧੀ ਕੇਵਲ ਅੰਕੜੇ ਹੀ ਨਹੀਂ ਇਕੱਠੇ ਕੀਤੇ ਜਾਂਦੇ ਸਗੋਂ ਇਨ੍ਹਾਂ ਦਾ ਪੂਰਨ ਵਿਸ਼ਲੇਸ਼ਣ ਕਰਨ ਵਾਸਤੇ ਅੰਕੜਿਆਂ ਨੂੰ ਕਈ ਪੜਾਵਾਂ ਵਿੱਚੋਂ ਲੰਘਾਇਆ ਜਾਂਦਾ ਹੈ।

# ਕਿਰਤੀ ਕਾਮਿਆਂ ਵਲੋਂ ਦੇਸ਼ ਭਰ ਕੀਤੀ ਗਈ ਹੜਤਾਲ ਵਿਚ ਆਪਣਾ ਯੋਗਦਾਨ ਖਰੜ ਵਿਚ ਹੋਈ ਰੈਲੀ ਵਿਚ ਲਿਆ ਭਾਗ



**ਖਰੜ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਖਰੜ ਦੇ ਕਿਰਤੀ ਕਾਮਿਆਂ ਨੇ ਦੇਸ਼ ਭਰ ਵਿੱਚ ਕੀਤੀ ਜਾ ਰਹੀ ਹੜਤਾਲ ਵਿੱਚ ਆਪਣਾ ਭਰਵਾਂ ਯੋਗਦਾਨ ਪਾਇਆ ਹੈ। ਸਾਥੀ ਸੁਖਵਿੰਦਰ ਸਿੰਘ ਦੁੱਮਣਾ, ਸੁਰਿੰਦਰ ਸਿੰਘ ਬਡਾਲਾ, ਭੁਪਿੰਦਰ ਮਦਨਹੇੜੀ, ਕਿਰਪਾਲ ਸਿੰਘ ਅਰਨੀਵਾਲਾ, ਬਲਵਿੰਦਰ ਸਿੰਘ ਰਡਿਆਲਾ ਅਤੇ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਕੀਤੀ ਗਈ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਆਗੂ ਰਾਮ ਕਿਸ਼ਨ ਧੁਨਕੀਆ, ਬਿਜਲੀ ਕਾਮਿਆਂ ਦੀ ਜਥੇਬੰਦੀ ਜੁਆਇੰਟ ਫ਼ੋਰਮ ਪੰਜਾਬ ਤੇ ਏਕਤਾ ਮੰਚ ਪੰਜਾਬ, ਦੇ ਆਗੂਆਂ ਸਾਥੀ ਸੁਖਜਿੰਦਰ ਸਿੰਘ, ਸਿਮਰਪਰੀਤ ਸਿੰਘ, ਸੁਖਵਿੰਦਰ ਸਿੰਘ ਦੁੱਮਣਾ, ਬਰਿੰਦਰ ਸਿੰਘ, ਭੁਪਿੰਦਰ ਸਿੰਘ, ਬਲਵਿੰਦਰ ਸਿੰਘ ਰਡਿਆਲਾ, ਗਦਰੀ ਬਾਬੇ ਵਿਚਾਰਧਾਰਕ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਅਰਨੀਵਾਲਾ ਅਤੇ ਮਜਦੂਰ ਆਗੂ ਤੇ ਸੀਟੂ ਮੋਹਾਲੀ ਦੇ ਮੀਤ ਪ੍ਰਧਾਨ ਹਰਨਾਮ ਸਿੰਘ ਡੱਲਾ ਨੇ ਸੰਬੋਧਨ ਕੀਤਾ। ਇਸ ਸਮੇਂ ਸੀ ਪੀ ਐਮ ਦੇ ਸਕੱਤਰ ਕਾਮਰੇਡ ਪਰਮਜੀਤ ਸਿੰਘ ਖਿਜਰਾਬਾਦ ਨੇ ਮਜ਼ਦੂਰਾਂ ਦੀ ਹੜਤਾਲ ਦੀ ਹਮਾਇਤ ਕੀਤੀ ।ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਕਿਸਾਨ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਭਾਰਤ ਸਰਕਾਰ ਕਿਰਤੀ ਲੋਕਾਂ ਦਾ ਧਿਆਨ ਰੱਖਣ ਦੀ ਬਜਾਏ ਪੂੰਜੀਪਤੀਆਂ ਅਤੇ ਕਾਰਪੋਰੇਟਾ ਦੀ ਸੇਵਾ ਵਿੱਚ ਪੇਸ਼ ਪੇਸ਼ ਹੈ। ਭਾਰਤੀ ਮਜ਼ਦੂਰਾਂ ਵੱਲੋਂ ਲੰਮੇ ਸਮੇਂ ਤੋਂ ਸੰਘਰਸ਼ ਕਰ ਕੇ ਪ੍ਰਾਪਤ ਕੀਤੇ ਹੱਕਾਂ ਨੂੰ ਚਾਰ ਕੋਡ ਬਿੱਲਾਂ ਦੀ ਭੇਟ ਚੜ੍ਹਾਉਣ ਲਈ ਕਾਨੂੰਨ ਪਾਸ ਕਰ ਚੁੱਕੀ ਹੈ। ਜਿਸ ਨੂੰ ਵਾਪਸ ਕਰਵਾਉਣ ਲਈ ਕਿਰਤੀ ਕਾਮੇ ਅੱਜ ਹੜਤਾਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਦੇ ਹਿੱਤ ਭੁੱਲ ਕੇ ਕੇਂਦਰ ਸਰਕਾਰ ਦਾ ਕਿਰਤ ਵਿਭਾਗ ਸੁੱਤਾ ਪਿਆ ਹੈ ਤੇ ਪਿਛਲੇ ਦਸਾਂ ਸਾਲਾਂ ਤੋਂ ਮਜ਼ਦੂਰਾਂ ਦੇ ਹੱਕ ਵਿੱਚ ਕਾਨੂੰਨ ਬਣਾਉਣ ਦੀ ਥਾਂ ਚਾਰ ਕੋਡ ਬਿੱਲ ਪਾਸ ਕਰ ਦਿੱਤੇ ਗਏ ਹਨ। ਜਿਸ ਨੂੰ ਵਾਪਸ ਕਰਵਾਉਣ ਲਈ ਅੱਜ ਦੀ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ। ਬੁਲਾਰਿਆਂ ਨੇ ਕੇਂਦਰੀ ਮਜ਼ਦੂਰ ਯੂਨੀਅਨਾਂ ਵੱਲੋਂ ਵਿੱਢੇ ਜਾਣ ਵਾਲੇ ਹੋਰ ਸੰਘਰਸ਼ਾਂ ਵਿੱਚ ਹਿੱਸਾ ਲੈਣ ਦਾ ਵੀ ਅਹਿਦ ਕੀਤਾ। ਮੰਚ ਸੰਚਾਲਨ ਸਾਥੀ ਸ਼ੇਰ ਸਿੰਘ ਵੱਲੋਂ ਕੀਤਾ ਗਿਆ।

# -ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ 12 ਜੁਲਾਈ ਨੂੰ ਮਛਲੀ ਖੁਰਦ ਅਤੇ ਮਛਲੀ ਕਲਾਂ ਵਿਖੇ ਲਗਾਇਆ ਜਾਵੇਗਾ ਕੈਂਪ

**ਖਰੜ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿਚ ਰੋਜ਼ਾਨਾ ਦੇ ਕੰਮਾਂ-ਕਾਰਾਂ ਦੌਰਾਨ ਪੇਸ਼ ਆ ਰਹੀਆਂ ਮੁਸ਼ਕਿਲਾਂ ਤੋਂ ਛੁਟਕਾਰਾ ਦਿਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ 'ਆਪ ਦੀ ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ/ਸ਼ਹਿਰਾਂ ਵਿਚ ਸਬ-ਡਵੀਜ਼ਨ ਪੱਧਰ 'ਤੇ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਵਿੱਚ 12 ਜੁਲਾਈ 2025 ਨੂੰ ਮਛਲੀ ਖੁਰਦ ਅਤੇ ਮਛਲੀ ਕਲਾਂ ਵਿਖੇ ਲਗਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਖਰੜ ਸਬ ਡਵੀਜ਼ਨ ਦੇ ਐਸ.ਡੀ.ਐਮ. ਦਿਵਿਆ ਪੀ ਨੇ ਦੱਸਿਆ ਕਿ 12 ਜੁਲਾਈ 2025 ਨੂੰ ਖਰੜ ਸਬ ਡਵੀਜ਼ਨ ਦੇ ਪਿੰਡ ਮਛਲੀ ਖੁਰਦ ਵਿਖੇ ਲਗਾਏ ਜਾਣ ਵਾਲੇ ਕੈਂਪ ਵਿਚ ਮਛਲੀ ਖੁਰਦ ਅਤੇ ਮਛਲੀ ਕਲਾਂ ਦੇ ਵਸਨੀਕ ਆਪਣੀਆਂ ਅਰਜ਼ੀਆਂ ਲੈ ਕੇ ਆ ਸਕਦੇ ਹਨ ।ਐਸ.ਡੀ.ਐਮ. ਖਰੜ, ਦਿਵਿਆ ਪੀ ਨੇ ਅੱਗੇ ਦੱਸਿਆ ਕਿ ਕੈਂਪ 'ਚ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਵੱਲੋਂ ਸੇਵਾਵਾਂ ਉਪਲਬਧ ਕਰਵਾਈਆਂ ਜਾਣਗੀਆਂ। ਇਸ ਕੈਂਪ ਦਾ ਸਮਾਂ ਸਵੇਰੇ 10.00 ਵਜੇ ਤੋਂ ਦੁਪਿਹਰ 1.00 ਵਜੇ ਤੱਕ ਦਾ ਹੋਵੇਗਾ। ਇਨ੍ਹਾਂ ਕੈਂਪਾਂ ਵਿੱਚ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪੱਛੜੀਆਂ ਸ਼ ?ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਿਆਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ ?ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫ਼ਰਦ ਬਣਾਉਣੀ, ਐੱਨ.ਆਰ. ਆਈ. ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਵਲੋਂ ਖਰੜ ਹਲਕੇ ਦੇ ਪਿੰਡ ਚੰਦੋਂਗੋਬਿੰਦਗੜ੍ਹ ਵਿਚ ਕੀਤੀ ਮੀਟਿੰਗ



**ਖਰੜ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਂਗਰਸ ਕਮੇਟੀ ਮੋਹਾਲੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਨੇ ਸ਼ੁਰੂ ਕੀਤੀ ਜਨ ਸੰਪਰਕ ਮੁਹਿੰਮ ਤਹਿਤ ਪਿੰਡ ਚੰਦੋ ਗੋਬਿੰਦਗੜ੍ਹ ਵਿਖੇ ਪਿੰਡ ਵਾਸੀਆਂ ਨਾਲ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਉਨ੍ਹਾਂ ਪੰਜਾਬ ਦੀ ਮੌਜੂਦਾ ਅਮਨ ਕਾਨੂੰਨ ਸਥਿਤੀ 'ਤੇ ਗੰਭੀਰ ਚਿੰਤਾ ਜਤਾਈ ।ਜੀਤੀ ਪਡਿਆਲਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੂਰੇ ਪੰਜਾਬ 'ਚ ਦਿਨੋਂ-ਦਿਨ ਵਧ ਰਹੇ ਅਪਰਾਧ, ਕਤਲਾਂ ਅਤੇ ਨਸ਼ਿਆਂ ਦੇ ਮਾਮਲਿਆਂ ਨੇ ਸੂਬੇ ਦੀ ਅਮਨ-ਸ਼ਾਂਤੀ ਨੂੰ ਝੰਝੋੜ ਕੇ ਰੱਖ ਦਿੱਤਾ ਹੈ ।ਉਨ੍ਹਾਂ ਕਿਹਾ ਕਿ ਸਰਕਾਰ ਅਮਨ ਕਾਨੂੰਨ ਬਰਕਰਾਰ ਰੱਖਣ ਵਿੱਚ ਬਿਲਕੁਲ ਨਾਕਾਮ ਸਾਬਤ ਹੋਈ ਹੈ :ਤੇ ਲੋਕ ਆਪਣੇ ਘਰਾਂ ਵਿੱਚ ਵੀ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਗੁੰਡਾਗਰਦੀ ਅਤੇ ਅਪਰਾਧੀਆਂ ਦਾ ਦੌਰ ਆਮ ਹੋ ਚੁੱਕਾ ਹੈ, ਜਿਸ ਨੂੰ ਰੋਕਣ ਦੀ ਸਰਕਾਰ ਕੋਲ ਨਾ ਰਣਨੀਤੀ ਨਹੀਂ ਹੈ। ਉਨ੍ਹਾਂ ਅੰਤ ਵਿੱਚ ਕਿਹਾ ਕਿ ਪੰਜਾਬ ਦੀ ਧਰਤੀ ਜੋ ਕਿਸਾਨੀ, ਕਲਾ, ਵਿਦਿਆ ਅਤੇ ਸ਼ਾਂਤੀ ਲਈ ਜਾਣੀ ਜਾਂਦੀ ਸੀ, ਅੱਜ ਉਹ ਆਮ ਲੋਕਾਂ ਦੀਆਂ ਹੱਤਿਆਵਾਂ ਅਤੇ ਨਸ਼ਿਆਂ ਲਈ ਮਸ਼ਹੂਰ ਹੋ ਰਹੀ ਹੈ — ਜੋ ਕਿ ਹਰ ਪੰਜਾਬੀ ਦੀ ਆਤਮਾ ਨੂੰ ਝੰਝੋੜਣ ਵਾਲੀ ਗੱਲ ਹੈ ।ਇਸ ਮੀਟਿੰਗ ਵਿੱਚ ਪਿੰਡ ਦੇ ਸਰਪੰਚ ਮਨਜੀਤ ਸਿੰਘ , ਸਾਬਕਾ ਸਰਪੰਚ ਸਿਕੰਦਰ ਸਿੰਘ, ਹਰਿੰਦਰ ਸਿੰਘ, ਸਰਬਜੀਤ ਸਿੰਘ, ਪ੍ਰੀਤਮ ਸਿੰਘ, ਜਰਨੈਲ ਸਿੰਘ, ਕਿਰਪਾਲ ਸਿੰਘ, ਜਸਵਿੰਦਰ ਸਿੰਘ, ਪਾਲ ਸਿੰਘ ਅਤੇ ਕੇਸਰ ਸਿੰਘ ਤੋਂ ਇਲਾਵਾ ਹੋਰ ਪਿੰਡ ਵਾਸੀ ਮੌਜੂਦ ਸਨ।

# ਸਰਕਾਰ ਵਲੋਂ 91,446 ਲਾਭਪਾਤਰੀਆਂ ਨੂੰ 13.71 ਕਰੋੜ ਰੁਪਏ ਪੈਨਸ਼ਨ ਵਜੋਂ ਜਾਰੀ: ਡਿਪਟੀ ਕਮਿਸ਼ਨਰ

**ਬਰਨਾਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਵਲੋਂ ਬਜ਼ੁਰਗਾਂ, ਵਿਧਵਾ ਔਰਤਾਂ, ਦਿਵਿਆਂਗਜਨਾਂ ਤੇ ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਵਜੋਂ ਪ੍ਰਤੀ ਮਹੀਨਾ 1500 ਰੁਪਏ ਰਾਸ਼ੀ ਸਿੱਧੀ ਬੈਂਕ ਖਾਤਿਆਂ 'ਚ ਪਾਉਣ ਦਾ ਪ੍ਰਬੰਧ ਹੈ, ਜਿਸ ਤਹਿਤ ਹਰ ਮਹੀਨੇ ਕਰੋੜਾਂ ਰੁਪਏ ਦੀ ਰਾਸ਼ੀ ਪੈਨਸ਼ਨਾਂ ਵਜੋਂ ਜਾਰੀ ਕੀਤੀ ਜਾ ਰਹੀ ਹੈ ਤਾਂ ਜੋ ਲੋੜਵੰਦਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਸਕੇ।



ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ.ਬੈਨਿਥ ਆਈਏਐੱਸ ਨੇ ਦੱਸਿਆ ਕਿ ਸਰਕਾਰ ਵਲੋਂ ਜੂਨ ਮਹੀਨੇ ਦੀ ਪੈਨਸ਼ਨ ਵਜੋਂ ਸਮਾਜਿਕ ਸੁਰੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ ਰਾਹੀਂ ਬੁਢਾਪਾ ਪੈਨਸ਼ਨ ਦੇ 63,307 ਲਾਭਪਾਤਰੀਆਂ ਨੂੰ 9,49,60,500 ਰੁਪਏ, ਵਿਧਵਾ ਪੈਨਸ਼ਨ ਦੇ 14,561 ਲਾਭਪਾਤਰੀਆਂ ਨੂੰ 2,18,41,500 ਰੁਪਏ, ਆਸ਼ਰਿਤ ਬੱਚਿਆਂ ਦੀ ਪੈਨਸ਼ਨ ਦੇ 5329 ਲਾਭਪਾਤਰੀਆਂ ਨੂੰ 79,93,500 ਰੁਪਏ ਅਤੇ 8249 ਦਿਵਿਆਂਗਜਨਾਂ ਨੂੰ ਪੈਨਸ਼ਨ ਵਜੋਂ 1,23,73,500 ਰੁਪਏ ਸਿੱਧੇ ਖਾਤਿਆਂ ਵਿੱਚ ਜਾਰੀ ਕੀਤੇ ਗਏ। ਜ਼ਿਲ੍ਹਾ ਬਰਨਾਲਾ ਵਿੱਚ ਪੈਨਸ਼ਨ ਵਜੋਂ ਕੁੱਲ 91,446 ਲਾਭਪਾਤਰੀਆਂ ਨੂੰ 13,71,69,000 ਰੁਪਏ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ, ਜਿਸ ਤਹਿਤ ਜਿੱਥੇ ਵੱਖ ਵੱਖ ਸਕੀਮਾਂ ਦਾ ਲਾਭ ਲੋੜਵੰਦਾਂ ਨੂੰ ਸਮਾਂਬੱਧ ਤਰੀਕੇ ਨਾਲ ਦਿੱਤਾ ਜਾ ਰਿਹਾ ਹੈ, ਉਥੇ ਵਿਕਾਸ ਕਾਰਜ ਵੀ ਵਿਆਪਕ ਪੱਧਰ 'ਤੇ ਕਰਾਏ ਜਾ ਰਹੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਦਿਵਿਆਂਗਜਨ ਪੈਨਸ਼ਨ ਤੇ ਆਸ਼ਰਿਤ ਬੱਚਿਆਂ ਨੂੰ ਪ੍ਰਤੀ ਮਹੀਨਾ 1500 ਰੁਪਏ ਪੈਨਸ਼ਨ ਵਜੋਂ ਜਾਰੀ ਕੀਤੇ ਜਾਂਦੇ ਹਨ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਬਰਨਾਲਾ ਡਾ. ਤੇਅਵਾਸਪ੍ਰੀਤ ਕੌਰ ਨੇ ਦੱਸਿਆ ਕਿ ਪੈਨਸ਼ਨ ਲਈ ਯੋਗ ਵਿਅਕਤੀ ਜ਼ਿਲ੍ਹੇ ਵਿੱਚ ਕਿਸੇ ਵੀ ਸੇਵਾ ਕੇਂਦਰ ਰਾਹੀਂ ਆਨਲਾਈਨ ਅਪਲਾਈ ਕਰ ਸਕਦੇ ਹਨ। ਕਿਸੇ ਤਰੀਕੇ ਦੀ ਦਿੱਕਤ ਪੇਸ਼ ਆਉਣ 'ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਤਹਿਸੀਲ ਕੰਪਲੈਕਸ ਵਿੱਚ ਸਥਿਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਬਰਨਾਲਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੀ ਹੋਈ ਮਹੀਨਾਵਾਰ ਮੀਟਿੰਗ



**ਬਠਿੰਡਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਦੀ ਅਵਾਜ ਬਣ ਆਪਣੀ ਨੈਤਿਕ ਜ਼ਿੰਮੇਵਾਰੀ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਨੂੰ ਆਪਣਾ ਫ਼ਰਜ਼ ਸਮਝਣ ਵਾਲ ?ਾ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਅੱਜ ਇਲਾਕੇ ਵਿੱਚ ਇੱਕ ਵਿਸ਼ੇਸ ਪਛਾਣ ਰਖਦਾ ਹੈ। ਵਾਤਾਵਰਣ ਨੂੰ ਸ਼ੁੱਧ ਬਣਾਉਣ ਦੇ ਮੰਤਵ ਨਾਲ ਇਸ ਕਲੱਬ ਦੇ ਮੈਂਬਰਾਂ ਵੱਲੋਂ ਹੁਣ ਤੱਕ ਸੈਂਕੜੇ ਛਾਂਦਾਰ ਬੂਟੇ ਨਾ ਸਿਰਫ ਲਗਾਏ ਹੀ ਗਏ ਹਨ ਬਲਕਿ ਉਹਨਾਂ ਨੂੰ ਲਗਾਤਰ ਪਾਲਿਆ ਵੀ ਜਾ ਰਿਹਾ ਹੈ। ਇਸਤੋਂ ਇਲਾਵਾ ਕਈ ਵਾਰ ਆਸ ਪਾਸ ਦੇ ਪਿੰਡਾਂ ਵਿੱਚ ਖ਼ੂਨਦਾਨ ਕੈਂਪ ਵੀ ਲਗਾ ਚੁੱਕਾ ਹੈ।

ਇਸੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਬੀਤੇ ਦਿਨੀਂ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਵੱਲੋਂ ਟੀਚਰਜ਼ ਹੋਮ ਬਠਿੰਡਾ ਵਿਖੇ ਪ੍ਰਧਾਨ ਗੁਰਜੀਤ ਚੌਹਾਨ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪ੍ਰੈੱਸ ਕਲੱਬ ਦੇ ਸਰਪ੍ਰਸਤ ਜਸਕਰਨ ਸਿੰਘ ਸਿਵੀਆਂ ਦੇ ਵੱਡੇ ਭਰਾ ਦੇ ਦੇਹਾਂਤ ਤੇ ਸ਼ੋਕ ਮਤਾ ਪਾਇਆ ਗਿਆ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਹਿਤ ਦੋ ਮਿੰਟ ਦਾ ਮੌਨ ਧਾਰਕੇ ਉਨਾਂ ਨੂੰ ਸ਼ਰਧਾਂਜਲੀ ਦਿੱਤੀ।

ਇਸ ਉਪਰੰਤ ਆਉਣ ਵਾਲ ?ੇ ਸਾਉਣ ਮਹੀਨੇ ਵਿੱਚ ਢੁਕਵੀਆਂ ਥਾਂਵਾਂ ਤੇ ਤ੍ਰਿਵੈਣੀ (ਨਿੰਮ, ਪਿੱਪਲ ਤੇ ਬੋਹੜ) ਲਗਾਈ ਜਾਵੇ ਇਸਤੇ ਵਿਚਾਰ ਕੀਤਾ ਗਿਆ ।ਇਸਤੋਂ ਬਿਨਾਂ ਅੱਗੇ ਆ ਰਹੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਖ਼ੂਨਦਾਨ ਕੈਂਪ ਅਤੇ ਮੈਡੀਕਲ ਕੈਂਪ ਲਗਾਉਣ ਦਾ ਵੀ ਮਤਾ ਪਾਇਆ ਗਿਆ।

ਇਸ ਮੌਕੇ ਬੋਲਦਿਆਂ ਪ੍ਰਧਾਨ ਨੇ ਕਿਹਾ ਕਿ ਪ੍ਰੈੱਸ ਦਾ ਕੰਮ ਹੁੰਦਾ ਹੈ ਦਬੇ ਕੁਚਲੇ ਲੋਕਾਂ ਦੀ ਅਵਾਜ ਬੁਲੰਦ ਕਰਨਾ ਅਤੇ ਹਰ ਤਰਾਂ ਦੇ ਅਨਿਆਂ ਖ਼ ?ਲਾਫ਼ ਡੱਟ ਕੇ ਬੋਲਣਾ ਅਤੇ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਪੂਰੇ ਤਨ ਮਨ ਨਾਲ ? ਇਸ ਕੰਮ ਤੇ ਡਟਿਆ ਹੋਇਆ ਹੈ ਅਤੇ ਅੱਗੇ ਵੀ ਸਮਾਜ ਦੀ ਪਹਿਰੇਦਾਰੀ ਕਰਦਾ ਰਹੇਗਾ।

ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰੈੱਸ ਦੇ ਕੋਲ ਸਮਾਜ ਪ੍ਰਤੀ ਇੱਕ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਅਤੇ ਸਾਡੀ ਇਹ ਕੋਸ਼ਿਸ ਹੈ ਕਿ ਸਾਡੇ ਕਲੱਬ ਦਾ ਹਰੇਕ ਮੈਂਬਰ ਪੂਰੀ ਲਗਨ, ਨਿੱਡਰਤਾ ਅਤੇ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਾ ਰਹੇ।ਜੇਕਰ ਕਿਸੇ ਵੀ ਵਿਅਕਤੀ ਨਾਲ ਕੋਈ ਧੱਕੇਸ਼ਾਹੀ, ਵਧੀਕੀ ਹੋ ਰਹੀ ਹੈ ਜਾਂ ਉਸਦੀ ਜਾਇਜ ਗੱਲ ਵੀ ਪ੍ਰਸਾਸ਼ਨ ਨਹੀਂ ਸੁਣ ਰਿਹਾ ਤਾਂ ਕੋਈ ਵੀ ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਦੇ ਕਾਰਜਕਾਰੀ ਦਫ਼ਤਰ ਤਹਿਸੀਲ ਕੰਪਲੈਕਸ ਬੂਥ ਨੰਬਰ 1 ਵਿਖੇ ਕਲੱਬ ਦੇ ਸਲਾਹਕਾਰ ਰਾਜ ਕੁਮਾਰ ਨੂੰ ਮਿਲਕੇ ਕਲੱਬ ਦੇ ਨਾਮ ਆਪਣੀ ਦਰਖ਼ਾਸਤ ਭੇਜ ਸਕਦਾ ਹੈ ਜਾਂ ਪ੍ਰੈੱਸ ਕਲੱਬ ਦੇ ਕਿਸੇ ਵੀ ਅਹੁਦੇਦਾਰ ਜਾਂ ਮੈਂਬਰ ਸਹਿਬਾਨ ਨਾਲ ਸਪੰਰਕ ਕਰ ਸਕਦਾ ਹੈ।

ਇਸ ਮੀਟਿੰਗ ਵਿੱਚ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਖਾਲਸਾ, ਸਲਾਹਕਾਰ ਰਾਜ ਕੁਮਾਰ, ਨਸੀਬ ਚੰਦ ਸ਼ਰਮਾ, ਜਸਵੀਰ ਸਿੰਘ, ਗੁਰਸੇਵਕ ਸਿੰਘ ਚੁੱਘੇ ਅਤੇ ਭੀਮ ਅਗਰਵਾਲ ਆਦਿ ਪੱਤਰਕਾਰ ਹਾਜ਼ਰ ਸਨ।

# ਮਾਲਕਾਂ ਨੂੰ ਖਾਲੀ ਪਏ ਪਲਾਟਾਂ ਵਿੱਚ ਸਾ.ਫ-ਸ.ਫ਼ਾਈ ਕਰਵਾਉਣ ਦੇ ਹੁਕਮ ਜਾਰੀ

**ਬਰਨਾਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਵਲੋਂ ਜ਼ਿਲ੍ਹੇ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਖਾਲੀ ਪਲਾਟਾਂ ਦੇ ਮਾਲਕਾਂ/ ਕਾਬਜ਼ਧਾਰਕਾਂ ਨੂੰ ਆਪਣੇ ਖਾਲੀ ਪਲਾਟਾਂ ਵਿਚ ਕੂੜੇ-ਕਰਕਟ ਦੇ ਢੇਰ, ਗੰਦਗੀ ਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ 'ਤੇ ਕਰਵਾਉਣ ਅਤੇ ਆਪਣੀ ਮਾਲਕੀ/ ਕਬਜ਼ੇ ਵਾਲੇ ਪਲਾਟ ਤੇ ਆਲੇ ਦੁਆਲੇ ਪੱਕੀ ਚਾਰ-ਦੀਵਾਰੀ ਕਰਵਾਉਣ ਜਾਂ ਆਪਣੇ ਪਲਾਟਾਂ ਵਿਚ ਸਾਫ਼- ਸਫ਼ਾਈ ਰੱਖਣ ਦੇ ਹੁਕਮ ਜਾਰੀ ਕੀਤੇ ਹਨ।

ਜ਼ਿਲ੍ਹਾ ਮੈਜਿਸਟਰੇਟ ਬਰਨਾਲਾ ਸ੍ਰੀ ਟੀ ਬੈਨਿਥ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਘਤਾ, 2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਸ਼ਹਿਰਾਂ ਅਤੇ ਪਿੰਡਾਂ ਵਿਚ ਖਾਲੀ ਪਲਾਟਾਂ ਦੇ ਮਾਲਕ/ ਕਾਬਜ਼ ਆਪਣੇ ਖਾਲੀ ਪਏ ਪਲਾਟਾਂ ਵਿਚ ਲੱਗੇ ਕੂੜੇ-ਕਰਕਟ ਦੇ ਢੇਰ, ਗੰਦਗੀ ਅਤੇ ਮੀਂਹ ਦੇ ਰੁਕੇ ਹੋਏ ਗੰਦੇ ਪਾਣੀ ਦੀ ਤੁਰੰਤ ਸਾਫ-ਸਫਾਈ ਆਪਣੇ ਪੱਧਰ 'ਤੇ ਕਰਵਾਉਣ ਅਤੇ ਆਪਣੀ ਮਾਲਕੀ/ਕਬਜ਼ੇ ਵਾਲੇ ਪਲਾਟ ਦੇ ਆਲੇ ਦੁਆਲੇ ਪੱਕੀ ਚਾਰ-ਦੀਵਾਰੀ ਕਰਵਾਉਣ ਜਾਂ ਆਪਣੇ ਪਲਾਟਾਂ ਵਿਚ ਸਾਫ-ਸਫਾਈ ਰੱਖਣ ।ਉਨ੍ਹਾਂ ਕਿਹਾ ਕਿ ਵੱਖ ਵੱਖ ਵਿਅਕਤੀਆਂ ਦੀ ਮਾਲਕੀ/ਕਬਜ਼ੇ ਅਧੀਨ ਖਾਲੀ ਪਏ ਪਲਾਟਾਂ ਵਿਚ ਕੂੜਾ-ਕਰਕਟ, ਗੰਦਗੀ ਅਤੇ ਗੰਦਾ ਪਾਣੀ ਇਕੱਠਾ ਹੋਣ ਕਾਰਣ ਕਈ ਤਰ੍ਹਾਂ ਦੇ ਨੁਕਸਾਨਦਾਇਕ ਜੀਵ-ਜੰਤੂ ਪੈਦਾ ਹੁੰਦੇ ਹਨ, ਜਿਸ ਕਾਰਨ ਵੱਖ-ਵੱਖ ਬਿਮਾਰੀਆਂ ਜਿਵੇਂ ਡੇਂਗੂ, ਮਲੇਰੀਆਂ, ਚਿਕਨਗੁਨੀਆ ਆਦਿ ਆਮ ਨਾਗਰਿਕਾਂ ਦੀ ਸਿਹਤ ਲਈ ਇੱਕ ਗੰਭੀਰ ਅਤੇ ਜਾਨਲੇਵਾ ਖਤਰਾ ਹਨ, ਜਿਸ ਕਾਰਨ ਉਪਰੋਕਤ ਹੁਕਮ ਜਾਰੀ ਕੀਤੇ ਗਏ ਹਨ ।ਹੁਕਮਾਂ ਵਿਚ ਕਿਹਾ ਗਿਆ ਕਿ ਜੇਕਰ ਪਲਾਟ ਦੀ ਸਾਫ਼-ਸਫ਼ਾਈ ਦਾ ਕੰਮ ਨਗਰ ਕੌਂਸਲ/ ਨਗਰ ਪੰਚਾਇਤ/ਗ੍ਰਾਮ ਪੰਚਾਇਤ ਵਲੋਂ ਕਰਵਾਇਆ ਜਾਂਦਾ ਹੈ ਤਾਂ ਸਾਫ਼ - ਸਫ਼ਾਈ 'ਤੇ ਹੋਣ ਵਾਲੇ ਖਰਚ ਦੀ ਰਿਕਵਰੀ ਪਲਾਟ ਦੇ ਕਾਬਜ਼/ ਮਾਲਕ ਪਾਸੋਂ ਕੀਤੀ ਜਾਵੇ ।ਇਹ ਹੁਕਮ 3 ਸਤੰਬਰ 2025 ਤੱਕ ਲਾਗੂ ਰਹਿਣਗੇ।

# ਨੈਸ਼ਨਲ ਬਲਾਇੰਡਨੈਸ ਕੰਟਰੋਲ ਪ੍ਰੋਗਰਾਮ ਤਹਿਤ ਸਕੂਲ ਟੀਚਰਾਂ ਦੀ ਟਰੇਨਿੰਗ ਕਰਵਾਈ ਗਈ



**ਅੰਮ੍ਰਿਤਸਰ 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਨੈਸ਼ਨਲ ਬਲਾਇੰਡਨੈਸ ਕੰਟਰੋਲ ਪ੍ਰੋਗਰਾਮ ਤਹਿਤ ਸਕੂਲ ਟੀਚਰਾਂ ਦੀ ਜਿਲਾ ਪੱਧਰੀ ਇੱਕ ਰੋਜ਼ਾ ਟ ?ਰੇਨਿੰਗ ਦਫਤਰ ਸਿਵਿਲ ਸਰਜਨ ਅੰਮ੍ਰਿਤਸਰ ਵਿਖੇ ਕਰਵਾਈ ਗਈ।

ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਮਕਸਦ ਸਕੂਲਾਂ ਦੇ ਬੱਚਿਆਂ ਵਿੱਚ ਅੱਖਾਂ ਦੀਆਂ ਬਿਮਾਰੀਆਂ ਅਤੇ ਘੱਟ ਨਿਗਾਹ ਵਾਲੇ ਬੱਚਿਆਂ ਦੀ ਸਕਰੀਨਿੰਗ ਕਰਕੇ, ਉਹਨਾਂ ਦਾ ਜਲਦ ਇਲਾਜ ਕਰਵਾਉਣਾ ਹੈ।ਉਹਨਾਂ ਆਖਿਆ ਕਿ ਸਿਹਤ ਵਿਭਾਗ ਦੀਆਂ ਸਕੂਲ ਹੈਲਥ ਦੀਆਂ ਟੀਮਾਂ ਪਹਿਲਾਂ ਤੋਂ ਹੀ ਸਕੂਲਾਂ ਦੇ ਬੱਚਿਆਂ ਦੀ ਆਈ ਸਕ੍ਰੀਨਿੰਗ ਕਰ ਰਹੀਆਂ ਹਨ।ਪਰ ਹੁਣ ਸਕੂਲ ਟੀਚਰ ਨੂੰ ਵੀ ਇਸ ਸਬੰਧੀ ਟਰੇਨਿੰਗ ਦਿੱਤੀ ਜਾ ਰਹੀ ਹੈ ਤਾਂ ਜੋ ਘੱਟ ਨਿਗਾਹ ਵਾਲੇ ਬੱਚਿਆਂ ਦੀ ਭਾਲ ਕਰਕੇ, ਸਮੇਂ ਸਿਰ ਉਹਨਾਂ ਦਾ ਇਲਾਜ ਕੀਤਾ ਜਾ ਸਕੇ ਅਤੇ ਲੋੜਵੰਦ ਬੱਚਿਆਂ ਨੂੰ ਮੁਫਤ ਐਨਕਾਂ ਦਿੱਤੀਆਂ ਜਾ ਸਕਣ।

ਇਸ ਅਵਸਰ ਤੇ ਸਹਾਇਕ ਸਿਵਲ ਸਰਜਨ ਡਾਕਟਰ ਰਜਿੰਦਰ ਪਾਲ ਕੌਰ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਕੋਆਰਡੀਨੇਟਰ ਸੰਦੀਪ ਕੁਮਾਰ ਜਿਆਣੀ, ਸਮੂਹ ਅਪਥੈਲਮਿਕ ਅਫਸਰ ਅਤੇ ਮਾਸਟਰ ਟ ?ਰੇਨਰ ਟੀਚਰ ਹਾਜਰ ਸਨ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਬੀ.ਐੱਲ.ਓਜ਼ ਨੂੰ ਦਿੱਤੀ ਜਾ ਰਹੀ ਹੈ ਟਰੇਨਿੰਗ - ਜ਼ਿਲ੍ਹਾ ਚੋਣ ਅਫਸਰ



**ਤਰਨ ਤਾਰਨ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਚੋਣ ਅਫਸਰ ਕਮ- ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ. ਏ. ਐਸ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜਿਲ੍ਹਾ ਤਰਨ ਤਾਰਨ ਵਿੱਚ ਪੈਂਦੇ ਚਾਰ ਵਿਧਾਨ ਸਭਾ ਹਲਕੇ 021-ਤਰਨ ਤਾਰਨ, 022-ਖੇਮਕਰਨ, 023-ਪੱਟੀ ਅਤੇ 024-ਖਡੂਰ ਸਾਹਿਬ ਵਿਖੇ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਵੱਲੋਂ ਬੀ.ਐਲ.ਉਜ਼ ਨੂੰ ਟਰੇਨਿੰਗ ਦਿੱਤੀ ਜਾ ਰਹੀ ਹੈ ।ਉਹਨਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਬੀ.ਐਲ.ਉਜ਼ ਨੂੰ ਦਿੱਤੀ ਜਾਣ ਵਾਲੀ ਟਰੇਨਿੰਗ ਸਬੰਧੀ ਪ੍ਰੋਗਰਾਮ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ 50 ਤੋਂ ਘੱਟ ਗਿਣਤੀ ਦੇ ਬੈਚਾਂ ਵਿੱਚ ਮਿਤੀ 03 ਜੁਲਾਈ ਤੋਂ 17 ਜੁਲਾਈ 2025 ਤੱਕ ਟਰੇਨਿੰਗ ਦਿੱਤੀ ਜਾਣੀ ਹੈ ।ਉਹਨਾਂ ਦੱਸਿਆ ਕਿ ਟਰੇਨਿੰਗ ਦੌਰਾਨ ਬੀ. ਐਲ. ਓਜ਼ ਨੂੰ ਵੋਟਰ ਐਨਰੋਲਮੈਂਟ ਦੀ ਕਾਨੂੰਨੀ ਵਿਵਸਥਾ, ਬੀ. ਐਲ. ਓਜ਼ ਦੇ ਫਰਜ਼ ਅਤੇ ਜ਼ਿੰਮੇਵਾਰੀਆਂ, ਫਾਰਮ ਨੰਬਰ 6, 7 ਅਤੇ 8 ਜੋ ਕਿ ਨਵੀਂ ਵੋਟ ਬਣਾਉਣ, ਵੋਟ ਕਟਵਾਉਣ ਅਤੇ ਸੋਧ ਕਰਵਾਉਣ ਲਈ ਹੈ, ਉਨ੍ਹਾਂ ਦੀ ਜਾਣਕਾਰੀ, ਬੀ. ਐਲ. ਓਜ਼ ਐਪ, ਵੋਟਰ ਹੈਲਪ ਲਾਈਨ ਐਪ ਜਾਣਕਾਰੀ ਅਤੇ ਟਰੇਨਿੰਗ ਦਿੱਤੀ ਜਾਵੇਗੀ ਉਹਨਾਂ ਨੇ ਦੱਸਿਆ ਕਿ ਬੀ. ਐਲ. ਓਜ਼ ਕੋਲੋਂ ਰੋਲ ਪਲੇਅ ਰਾਹੀਂ ਵੋਟਰਾਂ ਨੂੰ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਕੰਮ ਦੌਰਾਨ ਚੋਣ ਕਮਿਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲੇ ਬਾਰੇ ਜਾਗਰੂਕ ਕੀਤਾ ਜਾਵੇਗਾ। ਕੇਸ ਸਟੱਡੀਜ਼ ਦੀ ਮੱਦਦ ਨਾਲ ਬੀ. ਐਲ. ਓਜ਼ ਨੂੰ ਆਪਣੇ ਬੂਥ ਅਧੀਨ ਪੈਂਦੇ ਵੋਟਰਾਂ ਨਾਲ ਨਿਮਰਤਾ ਪੂਰਵਕ ਵਿਵਹਾਰ ਕਰਨ ਅਤੇ ਜ਼ਿੰਮੇਵਾਰ ਪੂਰਨ ਵਤੀਰਾ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ।

# ਬਾਲ ਵਿਵਾਹ ਨੂੰ ਖਤਮ ਕਰਨ ਲਈ ਚੱਲ ਰਹੀ ਆਸ਼ਾ ਯੂਨਿਟ ਸਕੀਮ ਹੇਠ ਮਹੀਨਾਵਾਰ ਮੀਟਿੰਗ ਦਾ ਆਯੋਜਨ

**ਫਾਜ਼ਿਲਕਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਕਮ-ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਅਗਵਾਈ ਹੇਠ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,



ਫਾਜ਼ਿਲਕਾ ਵੱਲੋਂ ਮਹੀਨਾਵਾਰ ਮੀਟਿੰਗ ਆਯੋਜਿਤ ਕੀਤੀ ਗਈ

ਬਾਲ ਵਿਵਾਹ ਦੀ ਸਮੱਸਿਆ ਨੂੰ ਖਤਮ ਕਰਨ ਅਤੇ ਇਸ ਪ੍ਰਤੀ ਲੋਕ ਜਾਗਰੂਕਤਾ ਫੈਲਾਉਣ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਵੱਲੋਂ ÷ਆਸ਼ਾ ਯੂਨਿਟ÷ ਸਕੀਮ ਅਧੀਨ ਮਾਸਿਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਆਸ਼ਾ ਵਰਕਰਾਂ, ਪੈਰਾ ਲੀਗਲ ਵੌਲੰਟੀਅਰਾਂ (ਪੀਐਲਵੀਜ), ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ। ਮੀਟਿੰਗ ਵਿੱਚ ਬਾਲ ਵਿਵਾਹ ਦੇ ਕਾਰਨਾਂ, ਪ੍ਰਭਾਵਾਂ ਅਤੇ ਕਾਨੂੰਨੀ ਨਿਯਮਾਂ 'ਤੇ ਵਿਚਾਰ-ਚਰਚਾ ਕੀਤੀ ਗਈ।

ਮੈਡਮ ਰੂਚੀ ਸਵਪਨ ਸ਼ਰਮਾ ਨੇ ਆਗਾਹ ਕੀਤਾ ਕਿ ਬਾਲ ਵਿਵਾਹ ਖ਼ ?ਲਾਫ਼ ਜ਼ਮੀਨੀ ਪੱਧਰ 'ਤੇ ਲੜਾਈ ਲੜਣੀ ਬਹੁਤ ਜ਼ਰੂਰੀ ਹੈ। ਇਸ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਉਨ੍ਹਾਂ ਵੱਲੋਂ ਹਰ ਪਿੰਡ ਵਿੱਚ ਵਿਸ਼ੇਸ਼ ਸੈਮੀਨਾਰ ਅਤੇ ਜਾਗਰੂਕਤਾ ਮੁਹਿੰਮਾਂ ਚਲਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

# ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਤਖ਼ਤ ਜਥੇਦਾਰ ਗੜਗੱਜ ਨਾਲ ਕੀਤੀ ਮੁਲਾਕਾਤ

## ਪੁਲਿਸ ਮੁਕਾਬਲਿਆਂ, ਬੇਅਦਬੀਆਂ ਸਬੰਧੀ ਕਾਨੂੰਨ, ਚਮਕੌਰ ਸਾਹਿਬ ਨਜ਼ਦੀਕ ਗੱਤਾ ਫੈਕਟਰੀ, ਧਰਮ ਪਰਿਵਰਤਨ ਸਮੇਤ ਪੰਜਾਬ ਦੇ ਵੱਡੇ ਮੁੱਦੇ ਰਾਜਪਾਲ ਨਾਲ ਵਿਚਾਰੇ: ਜਥੇਦਾਰ; 'ਸ਼ਹੀਦੀ ਸ਼ਤਾਬਦੀਆਂ ਮਨਾਉਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਸ਼੍ਰੋਮਣੀ ਕਮੇਟੀ ਨਾਲ ਸਲਾਹ ਕਰਨ'

**ਸ੍ਰੀ ਆਨੰਦਪੁਰ ਸਾਹਿਬ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਅੱਜ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਮੁਲਾਕਾਤ ਕੀਤੀ ਗਈ। ਇਹਜਾਣਕਾਰੀ ਇਥੇ ਜਥੇਦਾਰ ਗੜਗੱਜ ਨੇ ਦਿੱਤੀ।



ਜਥੇਦਾਰ ਗੜਗੱਜ ਨੇ ਕਿਹਾ ਕਿ ਮੁਲਾਕਾਤ ਦੌਰਾਨ ਰਾਜਪਾਲ ਨਾਲ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਕਾਨੂੰਨ ਆਦਿ ਬਾਰੇ ਚਰਚਾ ਹੋਈ। ਇਸੇ ਤਰ੍ਹਾਂ ਚਮਕੌਰ ਸਾਹਿਬ ਦੇ ਨੇੜੇ ਪੇਪਰ ਫੈਕਟਰੀ ਅਤੇ ਮੱਤੇਵਾੜਾ ਜੰਗਲ ਨੇੜੇ ਵੱਸਦੇ ਗ਼ਰੀਬ ਪਰਿਵਾਰਾਂ ਦੇ ਉਜਾੜੇ, ਪੰਜਾਬ ਅੰਦਰ ਪੁਲੀਸ ਮੁਕਾਬਲੇ, ਧਰਮ ਪਰਿਵਰਤਨ ਆਦਿ ਜਿਹੇ ਅਹਿਮ ਮਾਮਲਿਆਂ ਉੱਤੇ ਵੀ ਵਿਚਾਰਾਂ ਹੋਈਆਂ।

ਮੀਡੀਆ ਨਾਲ ਗੱਲਬਾਦ ਕਰਦਿਆਂ ਜਥੇਦਾਰ ਗਿਆਨੀ ਗੜਗੱਜ ਨੇ ਕਿਹਾ ਕਿ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਬਹੁਤ ਸੁਖਾਵੇਂ ਮਾਹੌਲ ਵਿੱਚ ਪੂਰੀ ਗੱਲਬਾਤ ਹੋਈ, ਜਿਸ ਦੌਰਾਨ ਉਨ੍ਹਾਂ ਵੱਲੋਂ ਉਠਾਏ ਗਏ ਮਾਮਲਿਆਂ ਨੂੰ ਰਾਜਪਾਲ ਨੇ ਗੌਰ ਨਾਲ ਸੁਣਿਆ ਅਤੇ ਲੋੜੀਂਦੀ ਕਾਰਵਾਈ ਕਰਨ ਦੀ ਗੱਲ ਆਖੀ।

ਜਥੇਦਾਰ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਪੂਰੇ ਦੇਸ਼ ਅਤੇ ਵਿਸ਼ਵ ਵਿੱਚ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਜ਼ਾਦੀ ਦੇ ਸਿਧਾਂਤ ਨੂੰ ਦਰਸਾਉਂਦਿਆਂ ਚੰਗੇ ਤਰੀਕੇ ਨਾਲ ਮਨਾਈ ਜਾਣੀ ਚਾਹੀਦੀ ਹੈ। ਰਾਜਪਾਲ ਸ੍ਰੀ ਕਟਾਰੀਆ ਨੂੰ ਇਹ ਸੁਝਾਅ ਦਿੱਤਾ ਗਿਆ ਹੈ ਕਿ ਸ਼ਹੀਦੀ ਸ਼ਤਾਬਦੀ ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਅਤੇ ਸਲਾਹ ਨਾਲ ਮਨਾਈ ਜਾਵੇ, ਕਿਉਂਕਿ ਇਹ ਸਿੱਖਾਂ ਦੀ ਨੁਮਾਇੰਦਾ ਕੇਂਦਰੀ ਧਾਰਮਿਕ ਸੰਸਥਾ ਹੈ।

ਜਥੇਦਾਰ ਗੜਗੱਜ ਨੇ ਦੱਸਿਆ ਕਿ ਉਨ੍ਹਾਂ ਰਾਜਪਾਲ ਕੋਲ ਸ੍ਰੀ ਚਮਕੌਰ ਸਾਹਿਬ ਦੇ ਨੇੜੇ ਲੱਗ ਰਹੀ ਪੇਪਰ ਫੈਕਟਰੀ ਦਾ ਮਾਮਲਾ ਵੀ ਉਠਾਇਆ, ਜਿਸ ਦਾ ਇਲਾਕੇ ਦੇ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਨਾਲ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਦੇ ਨੇੜੇ ਪ੍ਰਦੂਸ਼ਣ ਫੈਲੇਗਾ ਜੋ ਕਿ ਲੋਕਾਂ ਦੀ ਸਿਹਤ ਤੇ ਪੰਜਾਬ ਦੇ ਵਾਤਾਵਰਨ, ਹਵਾ ਤੇ ਪਾਣੀ ਲਈ ਠੀਕ ਨਹੀਂ ਹੈ।

ਜਥੇਦਾਰ ਗੜਗੱਜ ਨੇ ਮੱਤੇਵਾੜਾ ਜੰਗਲ ਦੇ ਨੇੜੇ ਵੱਸਦੇ ਗ਼ਰੀਬ ਪਰਿਵਾਰਾਂ ਦੇ ਸਰਕਾਰ ਵੱਲੋਂ ਕੀਤੇ ਜਾ ਰਹੇ ਉਜਾੜੇ ਦਾ ਮਾਮਲਾ ਵੀ ਰਾਜਪਾਲ ਪੰਜਾਬ ਦੇ ਕੋਲ ਉਠਾਇਆ, ਕਿਉਂਕਿ ਇਹ ਪਰਿਵਾਰ ਲੰਮੇ ਸਮੇਂ ਤੋਂ ਉੱਥੇ ਵੱਸੇ ਹੋਏ ਹਨ, ਜਿਸ ਕਾਰਨ ਉਨ੍ਹਾਂ ਨੂੰ ਉਜਾੜਨਾ ਵਾਜਬ ਨਹੀਂ।

ਬੇਅਦਬੀਆਂ ਸਬੰਧੀ ਕਾਨੂੰਨ ਵਿੱਚ ਕੀਤੀਆਂ ਜਾ ਰਹੀਆਂ ਸੋਧਾਂ ਬਾਰੇ ਸਵਾਲ ਦੇ ਜਵਾਬ ਵਿੱਚ ਜਥੇਦਾਰ ਗੜਗੱਜ ਨੇ ਕਿਹਾ ਕਿ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਾਗਤ ਜੋਤ ਗੁਰੂ ਮੰਨਦੇ ਹਨ ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਬੰਧੀ ਵਿਸ਼ੇਸ਼ ਕਾਨੂੰਨ ਬਣਨਾ ਚਾਹੀਦਾ ਹੈ, ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ।

ਜਥੇਦਾਰ ਗੜਗੱਜ ਨੇ ਰਾਜਪਾਲ ਕੋਲ ਪਿਛਲੇ ਸੱਤ ਮਹੀਨਿਆਂ ਅੰਦਰ ਪੰਜਾਬ ਪੁਲੀਸ ਵੱਲੋਂ ਕੀਤੇ ਗਏ ਮੁਕਾਬਲਿਆਂ ਦਾ ਮਾਮਲਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਸੂਬੇ ਅੰਦਰ ਲੋਕਾਂ ਨੂੰ ਨਿਆਂ ਦੇਣ ਲਈ ਅਦਾਲਤਾਂ ਹਨ ਤਾਂ ਫਿਰ ਸਜ਼ਾ ਵੀ ਅਦਾਲਤ ਨੂੰ ਹੀ ਦੇਣੀ ਚਾਹੀਦੀ ਹੈ ਅਤੇ ਮੁਕਾਬਲਿਆਂ ਵਿੱਚ ਕਿਸੇ ਨੂੰ ਸਜ਼ਾ ਦੇਣਾ ਗਲਤ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਅਬੋਹਰ ਅੰਦਰ ਹੋਇਆ ਵਪਾਰੀ ਦਾ ਕਤਲ ਬੇਹੱਦ ਮੰਦਭਾਗਾ ਹੈ ਤੇ ਅਮਨ ਕਾਨੂੰਨ ਨੂੰ ਦੇਖਣਾ ਸਰਕਾਰ ਦਾ ਕੰਮ ਹੈ।

ਉਨ੍ਹਾਂ ਕਿਹਾ ਕਿ ਅਬੋਹਰ ਮਾਮਲੇ ਨਾਲ ਸਬੰਧਤ ਮਾਰੇ ਗਏ ਦੋ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਪੁਲੀਸ ਮੁਕਾਬਲਿਆਂ ਨੂੰ ਝੂਠਾ ਕਿਹਾ ਜਾ ਰਿਹਾ ਹੈ ਅਤੇ ਉਹ ਇਨਸਾਫ਼ ਲਈ ਅਵਾਜ਼ ਉਠਾ ਰਹੇ ਹਨ। ਇਸ ਦਾ ਸੱਚ ਅਤੇ ਝੂਠ ਤਾਂ ਸਮੇਂ ਨਾਲ ਸਾਹਮਣੇ ਆਵੇਗਾ ਪਰ ਅਜਿਹੇ ਵਰਤਾਰੇ ਨੂੰ ਠੱਲ੍ਹ ਪੈਣੀ ਚਾਹੀਦੀ ਹੈ। ਜਥੇਦਾਰ ਨੇ ਕਿਹਾ ਕਿ ਪੰਜਾਬ ਪੁਲੀਸ ਰਾਜ ਬਣਨ ਵੱਲ ਨਹੀਂ ਵਧਣਾ ਚਾਹੀਦਾ ਹੈ।

# ਬੀਬੀਐੱਮਬੀ ਦੇ ਡੈਮਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਖਿਲਾਫ਼ ਮਤਾ ਤੇ ਬੈਲ ਗੱਡੀਆਂ ਦੀਆਂ ਦੌੜਾਂ ਬਾਰੇ ਬਿਲ ਪਾਸ

## ਜਲ ਮੰਤਰੀ ਬਰਿੰਦਰ ਗੋਇਲ ਨੇ ਮਤਾ ਸਦਨ 'ਚ ਰੱਖਿਆ; ਪੰਜਾਬ ਪੁਲੀਸ ਨੂੰ ਡੈਮ ਦੀ ਸੁਰੱਖਿਆ ਦੇ ਸਮਰੱਥ ਦੱਸਿਆ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਇਜਲਾਸ ਦੇ ਦੂਜੇ ਦਿਨ ਬੀਬੀਐੱਮਬੀ ਦੇ ਡੈਮਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਖਿਲਾਫ਼ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਮਤੇ 'ਤੇ ਸਹਿਮਤੀ ਦਿੱਤੀ। ਮੁੱਖ ਮੰਤਰੀ ਦੀ ਹਾਜ਼ਰੀ 'ਚ ਮਤਾ ਪਾਸ ਹੋਇਆ। ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਸਬੰਧਤ ਮਤਾ ਸਦਨ ਵਿਚ ਪੇਸ਼ ਕੀਤਾ। ਸਦਨ ਨੇ ਪੰਜਾਬ ਸਰਕਾਰ ਨੂੰ ਇਹ ਮਾਮਲਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਕਿਹਾ ਹੈ। ਮਤੇ ਵਿਚ ਕਿਹਾ ਗਿਆ ਕਿ ਪੰਜਾਬ ਪੁਲੀਸ ਡੈਮ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਸਮਰੱਥ ਹੈ। ਇਸ ਦੌਰਾਨ ਪੰਜਾਬ ਵਿਧਾਨ ਸਭਾ 'ਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅਸੈਂਬਲੀ ਨੂੰ ਸਟੇਜ ਦੀ ਤਰ੍ਹਾਂ ਵਰਤਣ ਦਾ ਇਲਜ਼ਾਮ ਹਾਕਮ ਧਿਰ 'ਤੇ ਲਾਇਆ। ਮੰਤਰੀ ਅਮਨ ਅਰੋੜਾ ਨੇ ਇਹ ਕਹਿੰਦਿਆਂ ਇਸ ਦਾ ਵਿਰੋਧ ਕੀਤਾ ਕਿ ਬਾਜਵਾ ਨੇ ਸਦਨ ਦੀ ਤੌਹੀਨ ਕੀਤੀ ਹੈ। ਉਨ੍ਹਾਂ ਇਸ ਮੁੱਦੇ ਉਤੇ ਬਾਜਵਾ ਖਿਲਾਫ਼ ਮਰਿਆਦਾ ਮਤਾ ਲਿਆਉਣ ਲਈ ਕਿਹਾ।

**ਬੈਲ ਗੱਡੀਆਂ ਦੀਆਂ ਦੌੜਾਂ ਦਾ ਰਾਹ ਪੱਧਰਾ ਕਰਨ ਵਾਲਾ ਬਿਲ ਪਾਸ**

ਪੰਜਾਬ ਵਿਧਾਨ ਸਭਾ ਨੇ ਅੱਜ ਪੰਜਾਬ 'ਚ ਬੈਲ ਗੱਡੀਆਂ ਦੀਆਂ ਖੇਡਾਂ ਨਾਲ ਸਬੰਧਤ ਬਿੱਲ ਪਾਸ ਕਰ ਦਿੱਤਾ ਹੈ। ਪਸ਼ੂ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ 'ਪਸ਼ੂਆਂ 'ਤੇ ਜ਼ੁਲਮ ਰੋਕੂ ਪੰਜਾਬ ਸੋਧਨਾ ਬਿੱਲ 2025' ਪੇਸ਼ ਕੀਤਾ। ਮਤੇ 'ਤੇ ਲੰਮੀ ਬਹਿਸ ਹੋਈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮਤੇ ਦੀ ਹਮਾਇਤ ਕੀਤੀ। ਬਹਿਸ ਪਿੱਛੋਂ ਸਦਨ ਨੇ ਬਿਲ ਪਾਸ ਕਰ ਦਿੱਤਾ।

# ਬਾਜਵਾ ਦੀ ਵੀਡੀਓ ਤੋੜ ਮਰੋੜ ਕੇ ਪੇਸ਼ ਕਰਨ ਦੇ ਮਾਮਲੇ 'ਚ ਐੱਫਆਈਆਰ ਦਰਜ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਬਾਜਵਾ ਨੇ ਚੰਡੀਗੜ੍ਹ ਪੁਲੀਸ ਕੋਲ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਵਿਰੁੱਧ ਰਸਮੀ ਸ਼ਿਕਾਇਤ ਦਰਜ ਕਰਵਾਈ ਹੈ। ਇਸ ਵਿੱਚ ਉਨ੍ਹਾਂ ਦੀ ਰਾਜਨੀਤਿਕ ਅਕਸ ਨੂੰ ਖਰਾਬ ਕਰਨ ਦੇ ਇਰਾਦੇ ਨਾਲ ਤੋੜ ਮਰੋੜ ਕੇ ਵੀਡੀਓਜ਼ ਪੇਸ਼ ਕਰਨ ਦਾ ਦੋਸ਼ ਲਾਇਆ ਹੈ।

ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਚੰਡੀਗੜ੍ਹ ਪੁਲੀਸ ਨੇ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ ਘਰ ਦੀ ਤਲਾਸ਼ੀ ਦੌਰਾਨ ਵਿਧਾਇਕ ਗਨੀਵ ਮਜੀਠੀਆ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਕਥਿਤ ਦੁਰਵਿਹਾਰ ਦੀ ਆਲੋਚਨਾ ਕੀਤੇ ਜਾਣ ਦੀ ਵੀਡੀਓ ਪੋਸਟ ਕਰਨ ਲਈ ਆਮ ਆਦਮੀ ਪਾਰਟੀ ਦੇ ਇੱਕ ਅਣਪਛਾਤੇ ਮੀਡੀਆ ਹੈਂਡਲਰ ਵਿਰੁੱਧ ਐੱਫਆਈਆਰ ਦਰਜ ਕੀਤੀ ਹੈ।

ਹਾਲਾਕਿ ਬਾਜਵਾ ਵੱਲੋਂ ਦਿੱਤੀ ਸ਼ਿਕਾਇਤ ਮੁਤਾਬਿਕ ਪੁਲੀਸ ਨੇ ਐੱਫਆਈਆਰ ਵਿੱਚ 'ਆਪ' ਮੁਖੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਨਾਮ ਦਰਜ ਨਹੀਂ ਕੀਤਾ ਹੈ। ਬਾਜਵਾ ਨੇ ਸੈਕਟਰ 3 ਪੁਲੀਸ ਸਟੇਸ਼ਨ ਦੇ ਐੱਸਐੱਚਓ ਨੂੰ ਆਪਣੀ ਲਿਖਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਇੱਕ ਵੀਡੀਓ ਜੋ ਅਸਲ ਵਿੱਚ 25 ਜੂਨ 2025 ਨੂੰ ਉਨ੍ਹਾਂ ਵੱਲੋਂ ਪੋਸਟ ਕੀਤੀ ਗਈ ਸੀ, ਜਿਸ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਦੇ ਵਿਧਾਇਕ ਗਨੀਵ ਕੌਰ ਅਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਰੁੱਧ ਕਥਿਤ ਦੁਰਵਿਹਾਰ ਦੀ ਆਲੋਚਨਾ ਕੀਤੀ ਗਈ ਸੀ, ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਸੀ। ਕਥਿਤ ਤੌਰ 'ਤੇ ਬਦਲੇ ਹੋਏ ਸੰਸਕਰਣ ਵਿੱਚ ਇਹ ਪ੍ਰਤੀਤ ਹੁੰਦਾ ਸੀ ਕਿ ਬਾਜਵਾ ਵੱਲੋਂ ਬਿਕਰਮ ਸਿੰਘ ਮਜੀਠੀਆ ਦਾ ਸਮਰਥਨ ਕੀਤਾ ਜਾ ਰਿਹਾ ਸੀ। ਬਾਜਵਾ ਨੇ ਕਿਹਾ ਕਿ ਛੇੜਛਾੜ ਵਾਲੀ ਵੀਡੀਓ ਨੂੰ 'ਆਪ' ਨੇਤਾਵਾਂ ਦੁਆਰਾ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲਾਂ ਤੋਂ ਵੱਡੇ ਪੱਧਰ 'ਤੇ ਸਾਂਝਾ ਕੀਤਾ ਗਿਆ ਸੀ ਤਾਂ ਜੋ ਜਨਤਾ ਨੂੰ ਗੁੰਮਰਾਹ ਕੀਤਾ ਜਾ ਸਕੇ ਅਤੇ ਕਾਂਗਰਸ ਪਾਰਟੀ ਸਮੇਤ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ।

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਦੋ ਦਿਨਾਂ ਲਈ ਵਧਾਇਆ; ਕਾਂਗਰਸੀ ਵਿਧਾਇਕਾਂ ਵੱਲੋਂ ਸਦਨ 'ਚੋਂ ਵਾਕ ਆਊਟ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਦੋ ਦਿਨਾਂ ਲਈ ਵਧਾ ਦਿੱਤਾ ਗਿਆ ਹੈ। ਦੋ ਰੋਜ਼ਾ ਵਿਸ਼ੇਸ਼ ਇਜਲਾਸ ਪਹਿਲਾਂ ਅੱਜ ਖ਼ਤਮ ਹੋਣਾ ਸੀ। ਇਜਲਾਸ ਦੇ ਦੂਜੇ ਦਿਨ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਰਿਪੋਰਟ ਪੇਸ਼ ਕਰਦਿਆਂ ਵਿਧਾਨ ਸਭਾ ਸੈਸ਼ਨ ਨੂੰ ਦੋ ਦਿਨਾਂ ਲਈ ਵਧਾ ਦਿੱਤਾ ਹੈ। ਹੁਣ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ 14 ਤੇ 15 ਜੁਲਾਈ ਨੂੰ ਵੀ ਚੱਲੇਗਾ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਬਾਜਵਾ ਤੇ ਹੋਰ ਕਾਂਗਰਸੀ ਵਿਧਾਇਕ ਨਾਅਰੇਬਾਜ਼ੀ ਕਰਦੇ ਹੋਏ। ਫੋਟੋ: ਰਵੀ

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਸ਼ੇਸ਼ ਸੈਸ਼ਨ ਦੌਰਾਨ ਸਿਫ਼ਰ ਕਾਲ ਨਾ ਸੱਦੇ ਜਾਣ ਦਾ ਵਿਰੋਧ ਕੀਤਾ। ਕਾਂਗਰਸੀ ਵਿਧਾਇਕਾਂ ਨੇ ਸਦਨ ਦੇ ਐਨ ਵਿਚਾਲੇ ਪਹੁੰਚ ਕੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਤੇ ਕਾਨੂੰਨ ਨੂੰ ਲੈ ਕੇ ਵਧੇਰੇ ਮਾਮਲੇ ਚੱਲ ਰਹੇ ਹਨ, ਜਿਸ 'ਤੇ ਸਿਫ਼ਰ ਕਾਲ ਵਿੱਚ ਗੱਲ ਰੱਖਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।



ਪੰਜਾਬ ਅਸੈਂਬਲੀ 'ਚੋਂ ਵਾਕਆਊਟ ਮਗਰੋਂ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਕਾਂਗਰਸੀ ਵਿਧਾਇਕ। ਫੋਟੋ: ਰਵੀ

ਸੈਸ਼ਨ ਦੇ ਦੂਜੇ ਦਿਨ ਕਾਂਗਰਸੀ ਵਿਧਾਇਕ ਵਿਧਾਨ ਸਭਾ ਵਿੱਚੋਂ ਵਾਕ ਆਊਟ ਕਰ ਗਏ। ਵਿਧਾਨ ਸਭਾ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਪਰ ਸੂਬਾ ਸਰਕਾਰ ਇਸ ਨੂੰ ਨੱਥ ਪਾਉਣ ਵਿੱਚ ਨਾਕਾਮ ਰਹੀ ਹੈ। ਕਾਂਗਰਸੀ ਵਿਧਾਇਕਾਂ ਨੂੰ ਵਿਧਾਨ ਸਭਾ ਵਿੱਚ ਗੱਲ ਰੱਖਣ ਤੋਂ ਰੋਕਿਆ ਜਾ ਰਿਹਾ ਹੈ।

# ਹਿਮਾਚਲ 'ਚ ਬਿਲਾਸਪੁਰ ਵਿੱਚ ਬੱਸ ਹਾਦਸੇ ਵਿੱਚ ਪੰਜਾਬ ਦੇ 32 ਸ਼ਰਧਾਲੂ ਜ਼ਖਮੀ

## ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਨੇ ਬਿਲਾਸਪੁਰ ਵਿੱਚ ਏਮਜ਼ ਦਾ ਦੌਰਾ ਕਰਦਿਆਂ ਜ਼ਖਮੀਆ ਦਾ ਹਾਲ ਜਾਣਿਆ

**ਸ਼ਿਮਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨੂਰਮਹਿਲ ਤੋਂ ਹਿਮਾਚਲ ਪ੍ਰਦੇਸ਼ ਦੇ ਦਰਲਾਘਾਟ ਰਹੀ ਸ਼ਰਧਾਲੂਆਂ ਨਾਲ ਭਰੀ ਇੱਕ ਨਿੱਜੀ ਬੱਸ ਸ਼ੁੱਕਰਵਾਰ ਤੜਕੇ ਨਮਹੋਲ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ 32 ਯਾਤਰੀ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਬਿਲਾਸਪੁਰ ਦੇ ਏਮਜ਼ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦੋਂ ਕਿ ਬੱਸ ਡਰਾਈਵਰ ਮਾਰਕੰਡਾ ਦੇ ਸਿਵਲ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ।



ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਜ਼ਖਮੀਆਂ ਦਾ ਹਾਲ ਜਾਨਣ ਲਈ ਅੱਜ ਏਮਜ਼ ਦਾ ਦੌਰਾ ਕੀਤਾ। ਉਨ੍ਹਾਂ ਨੇ ਪੀੜਤਾਂ ਨਾਲ ਮੁਲਾਕਾਤ ਕਰਦਿਆਂ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਅਤੇ ਰਾਜ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

ਮੁੱਖ ਮੰਤਰੀ ਨੇ ਹਸਪਤਾਲ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਕਿ ਜ਼ਖਮੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਅਤੇ ਉੱਤਮ ਡਾਕਟਰੀ ਦੇਖਭਾਲ ਯਕੀਨੀ ਬਣਾਈ ਜਾਵੇ।

ਇਸ ਮੌਕੇ ਮੁੱਖ ਮੰਤਰੀ ਦੇ ਨਾਲ ਤਕਨੀਕੀ ਸਿੱਖਿਆ ਮੰਤਰੀ ਰਾਜੇਸ਼ ਧਰਮਾਣੀ, ਡਿਪਟੀ ਕਮਿਸ਼ਨਰ ਰਾਹੁਲ ਕੁਮਾਰ, ਪੁਲਿਸ ਸੁਪਰਡੈਂਟ ਸੰਦੀਪ ਧਵਲ ਅਤੇ ਹੋਰ ਪਤਵੰਤੇ ਮੌਜੂਦ ਸਨ।

# 'ਡੰਕੀ ਰੂਟ' ਮਾਮਲੇ ਵਿੱਚ ਈਡੀ ਵੱਲੋਂ ਪੰਜਾਬ ਅਤੇ ਹਰਿਆਣਾ ਵਿੱਚ ਨਵੇਂ ਸਿਰਿਓਂ ਜਾਂਚ ਸ਼ੁਰੂ

**ਜਲੰਧਰ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸ਼ੁੱਕਰਵਾਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ ਡੰਕੀ ਰੂਟ ਮਾਮਲੇ ਵਿੱਚ ਮਨੀ ਲਾਂਡਰਿੰਗ ਦੀ ਜਾਂਚ ਦੇ ਹਿੱਸੇ ਵਜੋਂ ਨਵੇਂ ਸਿਰੇ ਤੋਂ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਇਹ ਮਾਮਲਾ ਅਮਰੀਕਾ ਵੱਲੋਂ ਇਸ ਸਾਲ ਦੇਸ਼ ਨਿਕਾਲਾ ਦਿੱਤੇ ਗਏ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨਾਲ ਸਬੰਧਤ ਹੈ। ਅਧਿਕਾਰਤ ਸੂਤਰਾਂ ਅਨੁਸਾਰ ਮਾਨਸਾ (ਪੰਜਾਬ) ਅਤੇ ਕੁਰੂਕਸ਼ੇਤਰ ਤੇ ਕਰਨਾਲ (ਹਰਿਆਣਾ) ਵਿੱਚ ਪਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ (♦$⋆1) ਤਹਿਤ ਸੱਤ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਇਹ ਨਵੀਂ ਜਾਂਚ 9 ਜੁਲਾਈ ਨੂੰ ਦੋਵਾਂ ਰਾਜਾਂ ਵਿੱਚ 11 ਥਾਵਾਂ 'ਤੇ ਕੀਤੀ ਗਈ ਪਹਿਲੀ ਤਲਾਸ਼ੀ ਦੌਰਾਨ ਇਕੱਠੇ ਕੀਤੇ ਭਰੋਸੇਯੋਗ ਇਨਪੁਟਸ 'ਤੇ ਆਧਾਰਿਤ ਹੈ।

9 ਜੁਲਾਈ ਦੀਆਂ ਤਲਾਸ਼ੀਆਂ ਤੋਂ ਬਾਅਦ ਕੇਂਦਰੀ ਜਾਂਚ ਏਜੰਸੀ ਨੇ ਵੀਰਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਉਸ ਨੇ 30 ਅਸਲੀ ਪਾਸਪੋਰਟ ਬਰਾਮਦ ਕੀਤੇ ਹਨ ਅਤੇ ਵੱਖ-ਵੱਖ ਏਜੰਟਾਂ ਅਤੇ ਇਮੀਗ੍ਰੇਸ਼ਨ ਏਜੰਸੀਆਂ ਦੇ ਨਾਮ ਪ੍ਰਾਪਤ ਕੀਤੇ ਹਨ, ਜੋ ਵੱਡੇ ਪੱਧਰ 'ਤੇ ਭਾਰਤੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜਣ ਦਾ "ਡੰਕੀ ਰੂਟ" ਕਾਰੋਬਾਰ ਚਲਾ ਰਹੇ ਸਨ। ਇਕੱਠੇ ਕੀਤੇ ਗਏ ਇਨਪੁਟਸ ਤੋਂ ਪਤਾ ਚੱਲਦਾ ਹੈ ਕਿ ਮਨੁੱਖੀ ਤਸਕਰਾਂ ਵੱਲੋਂ ਡੰਕਰਾਂ (ਮਨੁੱਖੀ ਤਸਕਰੀ ਕਰਨ ਵਾਲੇ) ਨਾਲ ਮਿਲੀਭੁਗਤ ਕਰਕੇ ਭਾਰਤ ਤੋਂ ਬਾਹਰ ਗੈਰ-ਕਾਨੂੰਨੀ ਰੂਟ ਦੇ ਸਰੋਤਾਂ ਦਾ ਪ੍ਰਬੰਧ ਕੀਤਾ ਜਾਂਦਾ ਸੀ। ਈਡੀ ਨੇ ਕਿਹਾ ਸੀ ਕਿ ਇਹ ਪਾਇਆ ਗਿਆ ਕਿ ਅਮਰੀਕਾ ਜਾਣ ਦੇ ਚਾਹਵਾਨ ਲੋਕਾਂ ਨੂੰ ਟਰੈਵਲ ਏਜੰਟਾਂ ਅਤੇ ਵਿਚੋਲਿਆਂ ਦੁਆਰਾ ਕਾਨੂੰਨੀ ਚੈਨਲਾਂ ਰਾਹੀਂ ਭੇਜਣ ਦੇ ਝੂਠੇ ਵਾਅਦੇ ਕਰਕੇ ਧੋਖਾ ਦਿੱਤਾ ਗਿਆ ਸੀ।

# ਕਰੋੜਾਂ ਦੀਆਂ ਧੋਖਾਧੜੀਆਂ ਸਬੰਧੀ ਪਰਲਜ਼ ਦੇ ਸੰਚਾਲਕ ਸਣੇ ਦੋ ਜਣੇ ਯੂਪੀ EOW ਵੱਲੋਂ ਗ੍ਰਿਫ਼ਤਾਰ

## ਪਰਲਜ਼ ਐਗਰੋਟੈਕ ਕਾਰਪੋਰੇਸ਼ਨ ਲਿਮਟਿਡ ਦੇ ਸੰਚਾਲਕ ਗੁਰਨਾਮ ਸਿੰਘ ਨੂੰ ਰੋਪੜ ਜ਼ਿਲ੍ਹੇ 'ਚੋਂ ਗ੍ਰਿਫ਼ਤਾਰ ਕਰ ਕੇ ਲੈ ਗਈ ਯੂਪੀ ਪੁਲਿਸ

**ਲਖਨਊ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ ਨੇ ਕਿਹਾ ਕਿ ਉਸ ਨੇ ਦੋ ਵੱਡੇ ਵਿੱਤੀ ਧੋਖਾਧੜੀ ਮਾਮਲਿਆਂ ਵਿੱਚ ਸ਼ਾਮਲ ਮੁੱਖ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਨੇ ਨਿਵੇਸ਼ਕਾਂ ਨਾਲ ਸਮੂਹਿਕ ਤੌਰ 'ਤੇ ਹਜ਼ਾਰਾਂ ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਟੀਮ ਨੇ ਪੰਜਾਬ ਦੇ ਰੋਪੜ ਜ਼ਿਲ੍ਹੇ ਤੋਂ ਪਰਲਜ਼ ਐਗਰੋਟੈਕ ਕਾਰਪੋਰੇਸ਼ਨ ਲਿਮਟਿਡ ਦੇ ਇੱਕ ਸੰਚਾਲਕ ਗੁਰਨਾਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

PACL, ਜੋ ਪਹਿਲਾਂ ਗੁਰਵੰਤ ਐਗਰੋਟੈਕ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ, ਰਾਜਸਥਾਨ ਦੇ ਜੈਪੁਰ ਵਿੱਚ ਰਜਿਸਟਰਡ ਸੀ ਅਤੇ ਬਾਅਦ ਵਿੱਚ ਇਸਦਾ ਨਾਮ ਬਦਲ ਦਿੱਤਾ ਗਿਆ। ਕੰਪਨੀ ਨੇ ਕਥਿਤ ਤੌਰ 'ਤੇ ਉੱਤਰ ਪ੍ਰਦੇਸ਼ ਸਮੇਤ 10 ਰਾਜਾਂ ਵਿੱਚ ਸ਼ਾਖਾਵਾਂ ਖੋਲ੍ਹੀਆਂ ਅਤੇ RBI ਐਕਟ, 1934 ਦੇ ਤਹਿਤ ਗੈਰ-ਬੈਂਕਿੰਗ ਵਿੱਤੀ ਕੰਪਨੀ (©263) ਤਹਿਤ ਰਜਿਸਟ ?ਰੇਸ਼ਨ ਪ੍ਰਾਪਤ ਕੀਤੇ ਬਿਨਾਂ ਬੈਂਕਿੰਗ ਕਾਰਜ ਸ਼ੁਰੂ ਕੀਤੇ।

EOW ਦੀ ਡਾਇਰੈਕਟਰ ਜਨਰਲ (47) ਨੀਰਾ ਰਾਵਤ ਨੇ ਕਿਹਾ, "ਕੰਪਨੀ 'ਤੇ ਆਰਡੀ (ਆਵਰਤੀ ਜਮ ?ਹਾਂ ਰਕਮ) ਅਤੇ ਐਫਡੀ (ਮਿਆਦੀ ਜਮ ?ਹਾਂ ਰਕਮ) ਦੇ ਬਦਲੇ ਆਕਰਸ਼ਕ ਯੋਜਨਾਵਾਂ ਨੂੰ ਉਤਸ਼ਾਹਿਤ ਕਰਕੇ ਅਤੇ ਜ਼ਮੀਨ ਦੇ ਪਲਾਟਾਂ ਦਾ ਵਾਅਦਾ ਕਰਕੇ, ਉੱਤਰ ਪ੍ਰਦੇਸ਼ ਦੇ ਮਹੋਬਾ, ਸੁਲਤਾਨਪੁਰ, ਫਰੂਖਾਬਾਦ ਅਤੇ ਜਲੌਨ ਸਮੇਤ ਇਨ੍ਹਾਂ ਰਾਜਾਂ ਦੇ ਨਿਵੇਸ਼ਕਾਂ ਤੋਂ ਲਗਭਗ 49,000 ਕਰੋੜ ਰੁਪਏ ਇਕੱਠੇ ਕਰਨ ਦਾ ਦੋਸ਼ ਹੈ।

ਹਾਲਾਂਕਿ, ਕੰਪਨੀ ਨੇ ਬਾਅਦ ਵਿੱਚ ਨਾ ਤਾਂ ਪਲਾਟ ਪ੍ਰਦਾਨ ਕੀਤੇ ਅਤੇ ਨਾ ਹੀ ਜਮ ?ਹਾ ਕੀਤੇ ਫੰਡ ਵਾਪਸ ਕੀਤੇ, ਇਸਦੇ ਸੰਚਾਲਕ ਦਫਤਰ ਬੰਦ ਕਰਨ ਤੋਂ ਬਾਅਦ ਫਰਾਰ ਹੋ ਗਏ," ਰਾਵਤ ਨੇ ਅੱਗੇ ਕਿਹਾ। ਉੱਤਰ ਪ੍ਰਦੇਸ਼ ਸਰਕਾਰ ਨੇ ਜਲੌਨ ਜ਼ਿਲ੍ਹੇ ਵਿੱਚ PACL ਕੰਪਨੀ ਦੀ ਸ਼ਾਖਾ ਦੀ ਜਾਂਚ 5®➡ ਨੂੰ ਸੌਂਪੀ ਸੀ।

ਗੁਰਨਾਮ ਸਿੰਘ, ਜੋ ਇਸ ਮਾਮਲੇ ਵਿੱਚ ਨਾਮਜ਼ਦ 10 ਮੁਲਜ਼ਮਾਂ ਵਿੱਚੋਂ ਇੱਕ ਸੀ, ਨੂੰ EOW ਟੀਮ ਨੇ 9 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਸੀ। ਚਾਰ ਹੋਰ ਮੁਲਜ਼ਮ, ਜੋ 329 ਮਾਮਲਿਆਂ ਵਿੱਚ ਵੀ ਲੋੜੀਂਦੇ ਸਨ, ਪਹਿਲਾਂ ਹੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਅਤੇ ਇਸ ਵੇਲੇ ਤਿਹਾੜ ਜੇਲ੍ਹ ਵਿੱਚ ਬੰਦ ਹਨ।

ਇੱਕ ਹੋਰ ਮਹੱਤਵਪੂਰਨ ਘਟਨਾਕ੍ਰਮ ਵਿੱਚ, EOW ਨੇ ਇੱਕ ਭਗੌੜੇ ਮੁਲਜ਼ਮ, ਪ੍ਰੇਮ ਪ੍ਰਕਾਸ਼ ਸਿੰਘ ਨੂੰ V-Care Multitrade Pvt. Ltd. ਦੁਆਰਾ ਕੀਤੀ ਗਈ 250 ਕਰੋੜ ਰੁਪਏ ਦੀ ਧੋਖਾਧੜੀ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਹੈ।

# ਸੌਂਦ ਵੱਲੋਂ ਟਰਾਂਸਪੋਰਟ ਵਿਭਾਗ ਨਾਲ ਤਾਲਮੇਲ ਕਰਕੇ ਤਲਵਾੜਾ ਬੱਸ ਅੱਡੇ ਦੀ ਨੁਹਾਰ ਬਦਲਣ ਦਾ ਭਰੋਸਾ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਵਿਧਾਨ ਸਭਾ ਵਿੱਚ ਇੱਕ ਧਿਆਨ ਦਵਾਊ ਮਤੇ ਦੇ ਜਵਾਬ ਵਿੱਚ ਦੱਸਿਆ ਕਿ ਤਲਵਾੜਾ ਦੇ ਬੱਸ ਅੱਡੇ ਦੀ ਇਮਾਰਤ ਦੀ ਟਰਾਂਸਪੋਰਟ ਵਿਭਾਗ ਦੇ ਤਾਲਮੇਲ ਨਾਲ ਨੁਹਾਰ ਬਦਲੀ ਜਾਵੇਗੀ।



ਦਸੂਹਾ ਦੇ ਵਿਧਾਇਕ ਵੱਲੋਂ ਬਲਾਕ ਤਲਵਾੜਾ ਦੇ ਬੱਸ ਸਟੈਂਡ ਦੀ ਬਿਲਡਿੰਗ ਦੀ ਖਸਤਾ ਹਾਲਤ ਵੱਲ ਧਿਆਨ ਦਵਾਉਣ ਦੇ ਜਵਾਬ ਵਿੱਚ ਸੌਂਦ ਨੇ ਕਿਹਾ ਕਿ ਹਾਲ ਦੀ ਘੜੀ ਪੰਚਾਇਤ ਸੰਮਤੀ ਕੋਲ ਬੱਸ ਸਟੈਂਡ ਦੀ ਨਵੀ ਉਸਾਰੀ ਲਈ ਉਪਯੁਕਤ ਫੰਡਜ਼ ਉਪਲੱਬਧ ਨਹੀਂ ਹਨ। ਜਦੋਂ ਤੱਕ ਬੱਸ ਸਟੈਂਡ ਦੀ ਨਵੀਂ ਬਿਲਡਿੰਗ ਦੀ ਉਸਾਰੀ ਨਹੀਂ ਹੁੰਦੀ,

ਉਸ ਸਮੇਂ ਤੱਕ ਇਸ ਨੂੰ ਚੱਲਦੀ ਹਾਲਤ ਵਿਚ ਰੱਖਣ ਲਈ ਸੰਮਤੀ ਫੰਡ/15ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਵਿਚੋਂ ਰਿਪੇਅਰ ਕਰਨ ਦੇ ਉਪਰਾਲੇ ਕੀਤੇ ਜਾਣਗੇ।

ਉਨ੍ਹਾਂ ਅੱਗੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਵੱਲੋਂ ਸਾਲ 2021 ਦੌਰਾਨ ਬੱਸ ਸਟੈਂਡ ਤਲਵਾੜਾ ਦੀ ਨਵੀਂ ਉਸਾਰੀ ਲਈ 262 ਲੱਖ ਰੁਪਏ ਦੀ ਪ੍ਰਬੰਧਕੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ ਪ੍ਰੰਤੂ ਫੰਡ ਪ੍ਰਾਪਤ ਨਾ ਹੋਣ ਕਾਰਨ ਉਸਾਰੀ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ ਸੀ। ਹੁਣ ਦੋਬਾਰਾ ਟਰਾਂਸਪੋਰਟ ਵਿਭਾਗ ਨਾਲ ਰਾਬਤਾ ਕਰਕੇ ਬੱਸ ਅੱਡੇ ਦੀ ਦਸ਼ਾ ਬਦਲੀ ਜਾਵੇਗੀ।

# ਪਟਿਆਲਾ ਲੋਕੋਮੋਟਿਵ ਵਰਕਸ 'ਚ ਰੋਜ਼ਗਾਰ ਮੇਲਾ

**ਪਟਿਆਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਅਤੇ ਨਾਗਰਿਕ ਭਲਾਈ ਨੂੰ ਮਜ਼ਬੂਤ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ, ਮਾਣਯੋਗ ਪ੍ਰਧਾਨ ਮੰਤਰੀ ਸ਼ ?ਰੀ ਨਰੇਂਦਰ ਮੋਦੀ ਵਲੋਂ 12 ਜੁਲਾਈ 2025 ਨੂੰ ਸਵੇਰੇ 10:30 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਰੋਜ਼ਗਾਰ ਮੇਲੇ ਦੀ ਰਾਸ਼ਟਰੀ ਪੱਧਰ 'ਤੇ ਸ਼ੁਰੂਆਤ ਕੀਤੀ ਜਾਵੇਗੀ। ਇਹ ਵੱਡਾ ਭਰਤੀ ਸਮਾਰੋਹ ਦੇਸ਼ ਦੇ 47 ਕੇਂਦਰਾਂ 'ਚ ਇਕੋ ਸਮੇਂ ਹੋਵੇਗਾ, ਜਿਸ ਵਿੱਚ ਪਟਿਆਲਾ ਲੋਕੋਮੋਟਿਵ ਵਰਕਸ ,ਪਟਿਆਲਾ ਵੀ ਸ਼ਾਮਲ ਹੈ।

ਇਸ ਸਮਾਗਮ ਦੌਰਾਨ ਕੇਂਦਰੀ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ ਚੁਣੇ 51,000 ਨਵੇਂ ਭਰਤੀ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣਗੇ। ਮਾਣਯੋਗ ਪ੍ਰਧਾਨ ਮੰਤਰੀ ਵੀਡੀਓ ਰਾਹੀਂ ਨਵੇਂ ਨਿਯੁਕਤਾਂ ਨੂੰ ਸੰਬੋਧਨ ਕਰਨਗੇ ਅਤੇ ਉਨ੍ਹਾਂ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰਨਗੇ।

ਪਟਿਆਲਾ ਲੋਕੋਮੋਟਿਵ ਵਰਕਸ, ਪਟਿਆਲਾ ਵਿਚ, ਮਾਣਯੋਗ ਸ਼ ?ਰੀ ਰਵਨੀਤ ਸਿੰਘ ਜੀ, ਰੇਲਵੇ ਰਾਜ ਮੰਤਰੀ ਅਤੇ ਖਾਦ ਸੰਸਕਾਰੀ ਉਦਯੋਗ ਰਾਜ ਮੰਤਰੀ, ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਅਤੇ ਕੇਂਦਰੀ ਸਰਕਾਰ ਦੇ ਵੱਖ ਵੱਖ ਵਿਭਾਗਾਂ ਤੋਂ ਚੁਣੇ 216 ਉਮੀਦਵਾਰਾਂ ਨੂੰ ਪਟਿਆਲਾ ਲੋਕੋਮੋਟਿਵ ਵਰਕਸ ਆਡੀਟੋਰੀਅਮ ਵਿਚ ਨਿਯੁਕਤੀ ਪੱਤਰ ਵੰਡਣਗੇ।

ਇਹ ਪਹਿਲ ਕਦਮ ਪ੍ਰਧਾਨ ਮੰਤਰੀ ਜੀ ਦੀ ਭਰਤੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀ ਲਗਾਤਾਰ ਕਮਿਟਮੈਂਟ ਨੂੰ ਦਰਸਾਉਂਦੀ ਹੈ। ਸਰਕਾਰ ਦੇ ਸਾਰੇ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਉਹ ਮਿਸ਼ਨ ਮੋਡ ਵਿਚ ਖਾਲੀ ਅਸਾਮੀਆਂ ਨੂੰ ਭਰਨ ਲਈ ਭਰਤੀ ਦੀ ਪ੍ਰਕਿਰਿਆ ਨੂੰ ਤੇਜ਼ ਕਰਨ।

# ਅਲੀਪੁਰ ਅਰਾਈਆਂ 'ਚ ਦੋ ਦਿਨ ਪਹਿਲਾਂ ਲਏ ਪਾਣੀ ਦੇ ਸੈਂਪਲ ਠੀਕ ਆਏ, ਘਰ-ਘਰ ਸਰਵੇ ਦੌਰਾਨ ਨਵੇਂ ਮਰੀਜਾਂ 'ਚ ਵੀ ਹਲਕੇ ਲੱਛਣ : ਡਾ. ਪ੍ਰੀਤੀ ਯਾਦਵ

**ਪਟਿਆਲਾ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਅਲੀਪੁਰ ਅਰਾਈਆਂ 'ਚ ਉਲਟੀਆਂ ਤੇ ਦਸਤ ਰੋਗ ਦੀ ਸਥਿਤੀ ਹੁਣ ਸੁਧਰ ਗਈ ਹੈ ਅਤੇ ਪਾਣੀ ਦੇ ਦੋ ਦਿਨ ਪਹਿਲਾਂ ਲਏ ਗਏ ਸੈਂਪਲਾਂ ਦੀ ਰਿਪੋਰਟ ਠੀਕ ਆਈ ਹੈ। ਉਹ ਸਥਿਤੀ ਦਾ ਮੁਲੰਕਣ ਕਰਨ ਲਈ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ, ਏ.ਡੀ.ਸੀ ਨਵਰੀਤ ਕੌਰ ਸੇਖੋਂ ਤੇ ਅਮਰਿੰਦਰ ਸਿੰਘ ਟਿਵਾਣਾ, ਐਸ.ਡੀ.ਐਮ ਤੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨਾਲ ਬੈਠਕ ਰਹੇ ਸਨ।





ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅਲੀਪੁਰ ਅਰਾਈਆਂ ਇਲਾਕੇ ਵਿੱਚ ਸਿਹਤ ਟੀਮਾਂ ਵੱਲੋਂ ਘਰ-ਘਰ ਸਰਵੇ ਦੌਰਾਨ ਪਿਛਲੇ 24 ਘੰਟਿਆਂ 'ਚ ਹਲਕੇ ਲੱਛਣਾਂ ਵਾਲੇ ਕੇਵਲ 6 ਨਵੇਂ ਮਰੀਜ ਆਏ ਹਨ, ਜਿਨ੍ਹਾਂ ਨੂੰ ਵੀ ਦਾਖਲ ਕਰਨ ਦੀ ਲੋੜ ਨਹੀਂ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੁਲ 137 ਕੇਸ ਅਲੀਪੁਰ ਅਰਾਈਆਂ ਵਿਖੇ ਆਏ ਸਨ, ਜਿਨ੍ਹਾਂ 'ਚੋਂ 16 ਨੂੰ ਦਾਖਲ ਕਰਨ ਦੀ ਲੋੜ ਪਈ ਸੀ ਅਤੇ ਹੁਣ ਕੇਵਲ ਦੋ ਮਰੀਜ ਹੀ ਦਾਖਲ ਹਨ, ਜਿਨ੍ਹਾਂ ਦੀ ਸਥਿਤੀ ਬਿਲਕੁਲ ਠੀਕ ਹੈ ਜਦਕਿ ਬਾਕੀਆਂ ਨੂੰ ਛੁੱਟੀ ਕਰ ਦਿੱਤੀ ਗਈ ਹੈ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ ਅਤੇ ਬਰਸਾਤ ਦੇ ਮੌਸਮ ਦੇ ਮੱਦੇਨਜ਼ਰ ਜ਼ਿਲ੍ਹੇ ਭਰ 'ਚ ਅਤੇ ਖਾਸ ਕਰਕੇ ਪਿਛਲੇ ਸਾਲਾਂ ਦੌਰਾਨ ਹੌਟ ਸਪੌਟ ਰਹੇ ਇਲਾਕਿਆਂ ਵਿੱਚ ਪਾਣੀ ਦੀ ਸੈਂਪਲਿੰਗ ਕਰਵਾਈ ਗਈ ਹੈ ਅਤੇ ਕਲੋਰੀਨੇਸ਼ਨ ਦੀ ਮਾਤਰਾ ਵੀ ਵਧਾਈ ਗਈ ਹੈ। ਉਨ੍ਹਾਂ ਕਿਹਾ ਕਿ ਅਲੀਪੁਰ ਵਿਖੇ 3 ਥਾਵਾਂ 'ਤੇ ਪਾਣੀ 'ਚ ਖਰਾਬੀ ਆਈ ਸੀ, ਜਿਸ ਨੂੰ ਤੁਰੰਤ ਠੀਕ ਕਰ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਏ.ਡੀ.ਸੀ. ਦਿਹਾਤੀ ਵਿਕਾਸ ਤੇ ਸ਼ਹਿਰੀ ਵਿਕਾਸ ਸਮੇਤ ਐਸ.ਡੀ.ਐਮਜ ਜ਼ਿਲ੍ਹੇ ਭਰ 'ਚ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ ਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਲੋਕਾਂ ਨੂੰ ਪੀਣ ਵਾਲਾ ਪਾਣੀ ਸਾਫ-ਸੁਥਰਾ ਸਪਲਾਈ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ। ਜਦਕਿ ਸ਼ਿਕਾਇਤ ਮਿਲਣ 'ਤੇ ਪੀਡੀਏ ਵੱਲੋਂ ਓਮੈਕਸ ਸਿਟੀ ਵਿਖੇ ਵੀ ਪਾਣੀ ਦੀ ਸੈਂਪਲਿੰਗ ਕਰਵਾਈ ਗਈ ਹੈ ਤੇ ਪਾਣੀ ਦੀ ਮੇਨ ਲਾਈਨ ਦੀ ਸਕਾਵਰਿੰਗ ਕਰਕੇ ਕਲੋਰੀਨੇਸ਼ਨ ਕਰਵਾ ਦਿੱਤੀ ਗਈ ਹੈ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਨਗਰ ਨਿਗਮ ਦੀਆਂ ਟੀਮਾਂ ਵੱਲੋਂ ਕਮਿਸ਼ਨਰ ਪਰਮਵੀਰ ਸਿੰਘ ਦੀ ਦੇਖ-ਰੇਖ ਹੇਠ ਰਾਤ ਨੂੰ 1 ਤੋਂ 3 ਵਜੇ ਤੱਕ ਅਲੀਪੁਰ ਦੇ ਸਾਰੀ ਸੀਵਰੇਜ ਲਾਈਨ ਦੇ ਮੈਨਹੋਲਾਂ ਦਾ ਨਿਰੀਖਣ ਕਰਕੇ ਪਾਣੀ ਦੀ ਪਾਈਪ ਲਾਈਨ ਦੀ ਚੈਕਿੰਗ ਕਰਕੇ ਨੁਕਸ ਲੱਭਕੇ ਉਨ੍ਹਾਂ ਨੂੰ ਠੀਕ ਕਰਨ ਦੀ ਪ੍ਰਕ੍ਰਿਆ ਕੀਤੀ ਗਈ ਹੈ। ਜਦੋਂਕਿ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠਲੀਆਂ ਸਿਹਤ ਵਿਭਾਗ ਦੀਆਂ ਟੀਮਾਂ 24 ਘੰਟੇ ਲੋਕਾਂ ਨੂੰ ਬਿਹਤਰ ਮੈਡੀਕਲ ਸਹਾਇਤਾ ਦੇਣ ਲਈ ਉਪਲਬੱਧ ਹਨ।

ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤਰ੍ਹਾਂ ਦਾ ਦੂਸ਼ਿਤ ਪਾਣੀ ਪੀਣ ਤੋਂ ਬਚਣ ਲਈ ਕਲੋਰੀਨ ਦੀਆਂ ਗੋਲੀਆਂ ਵਾਲਾ ਅਤੇ ਉਬਲਿਆ ਪਾਣੀ ਵਰਤਣ ਪਰੰਤੂ ਜੇਕਰ ਕਿਸੇ ਨੂੰ ਉਲਟੀਆਂ ਜਾਂ ਦਸਤ ਦੇ ਕੋਈ ਲੱਛਣ ਆਉਂਦੇ ਹਨ ਤਾਂ ਉਹ ਘਰੇਲੂ ਉਪਾਅ ਕਰਨ ਦੀ ਬਜਾਇ ਤੁਰੰਤ ਨੇੜਲੇ ਸਿਹਤ ਕੇਂਦਰ ਜਾਂ ਹਸਪਤਾਲ ਤੋਂ ਮੈਡੀਕਲ ਸਹਾਇਤਾ ਲੈਣ।

# ਪੰਜਾਬ ਵਿਧਾਨ ਸਭਾ ਵੱਲੋਂ ਪੰਜ ਮਹੱਤਵਪੂਰਨ ਬਿੱਲ ਸਰਬਸੰਮਤੀ ਨਾਲ ਪਾਸ

**ਚੰਡੀਗੜ੍ਹ, 11 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

16ਵੀਂ ਪੰਜਾਬ ਵਿਧਾਨ ਸਭਾ ਦੇ 9ਵੇਂ ਸ਼ੈਸ਼ਨ ਦੌਰਾਨ ਅੱਜ ਸਦਨ ਨੇ 5 ਮਹੱਤਵਪੂਰਨ ਬਿੱਲ ਹਾਜ਼ਰ ਮੈਂਬਰਾਂ ਦੀ ਸਰਬਸੰਮਤੀ ਨਾਲ ਪਾਸ ਕੀਤੇ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਅੱਜ ਦੇ ਸ਼ੈਸ਼ਨ ਦੌਰਾਨ ਉਚੇਰੀ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਬਿਲ, 2025 ਅਤੇ ਸੀ.ਜੀ.ਸੀ. ਯੂਨੀਵਰਸਿਟੀ, ਮੋਹਾਲੀ ਬਿਲ, 2025 ਪੇਸ਼ ਕੀਤਾ, ਜਿਸ ਨੂੰ ਸਦਨ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਬੁਲਾਰੇ ਅਨੁਸਾਰ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸ਼ੌਪਜ਼ ਐਂਡ ਕਮਰਸ਼ੀਅਲ ਐਸਟੈਬਲਿਸਮੈਂਟ (ਸੋਧਨਾ) ਬਿਲ, 2025 ਅਤੇ ਪੰਜਾਬ ਲੇਬਰ ਵੈਲਫੇਅਰ ਫੰਡ (ਸੋਧਨਾ) ਬਿਲ, 2025 ਪੇਸ਼ ਕੀਤਾ, ਜਿਸਨੂੰ ਵਿਧਾਨ ਸਭਾ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਇਸੇ ਤਰ੍ਹਾਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ÷ਦੀ ਪ੍ਰੀਵੈਨਸ਼ੰਨ ਆਫ ਕਰੁਏਲਟੀ ਟੂ ਐਨੀਮਲਜ਼ (ਪੰਜਾਬ ਸੋਧਨਾ) ਬਿਲ, 2025÷ ਪੇਸ਼ ਕੀਤਾ, ਜਿਸ ਨੂੰ ਹਾਜ਼ਰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

# ਰਾਧਿਕਾ ਯਾਦਵ ਦੇ ਪਿਤਾ ਦਾ ਇਕ-ਰੋਜ਼ਾ ਪੁਲੀਸ ਰਿਮਾਂਡ; ਮਾਂ ਦੀ ਭੂਮਿਕਾ ਦੀ ਜਾਂਚ ਜਾਰੀ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਗ੍ਰਾਮ ਦੀ ਇੱਕ ਸਥਾਨਕ ਅਦਾਲਤ ਨੇ ਸ਼ੁੱਕਰਵਾਰ ਨੂੰ 49 ਸਾਲਾ ਦੀਪਕ ਯਾਦਵ ਨੂੰ ਇੱਕ ਦਿਨ ਦੇ ਪੁਲੀਸ ਰਿਮਾਂਡ ਉਤੇ ਭੇਜ ਦਿੱਤਾ। ਦੀਪਕ ਨੇ ਬੀਤੇ ਦਿਨ ਆਪਣੀ 25 ਸਾਲਾ ਧੀ ਰਾਧਿਕਾ ਯਾਦਵ, ਜੋ ਕੌਮੀ ਪੱਧਰ ਦੀ ਟੈਨਿਸ ਖਿਡਾਰਨ ਸੀ, ਨੂੰ ਕਥਿਤ ਤੌਰ 'ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਅਦਾਲਤ ਨੇ ਮਾਮਲੇ ਨੂੰ "ਗੰਭੀਰ ਮਾਮਲਾ" ਕਰਾਰ ਦਿੱਤਾ ਅਤੇ ਕਿਹਾ ਕਿ ਇਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ। ਐਸਐਚਓ ਵਿਨੋਦ ਕੁਮਾਰ ਨੇ ਕਿਹਾ: "ਅਸੀਂ ਤੁਹਾਨੂੰ ਪਹਿਲਾਂ ਹੀ ਇਸ ਦੇ ਉਦੇਸ਼ ਬਾਰੇ ਦੱਸ ਚੁੱਕੇ ਹਾਂ ਉਹ (ਦੀਪਕ ਯਾਦਵ) ਟੈਨਿਸ ਅਕੈਡਮੀ (ਆਪਣੀ ਧੀ ਰਾਧਿਕਾ ਯਾਦਵ ਵੱਲੋਂ ਚਲਾਈ ਜਾ ਰਹੀ) ਤੋਂ ਗੁੱਸੇ ਸੀ।" ਜਦੋਂ ਉਸ ਨੂੰ ਪੁੱਛਿਆ ਗਿਆ ਕੀ ਕੀ ਇਹ 'ਅਣਖ਼ ਲਈ ਕਤਲ' ਦਾ ਮਾਮਲਾ ਹੈ, ਤਾਂ ਐਸਐਚਓ ਨੇ ਕਿਹਾ, "ਨਹੀਂ ਅਜਿਹਾ ਕੁਝ ਨਹੀਂ ਹੈ। ਅਸੀਂ ਦੋ ਦਿਨ ਦਾ ਰਿਮਾਂਡ ਮੰਗਿਆ ਸੀ।

ਇਹ ਘਟਨਾ ਵੀਰਵਾਰ ਸਵੇਰੇ ਲਗਭਗ 10:30 ਵਜੇ ਸੁਸ਼ਾਂਤ ਲੋਕ ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਘਰ ਵਿੱਚ ਵਾਪਰੀ। ਜਿੱਥੇ ਦੀਪਕ ਨੇ ਕਥਿਤ ਤੌਰ 'ਤੇ ਆਪਣੀ ਧੀ 'ਤੇ ਪੰਜ ਗੋਲੀਆਂ ਚਲਾਈਆਂ। ਰਾਧਿਕਾ ਉਸ ਵੇਲੇ ਰਸੋਈ ਵਿਚ ਨਾਸ਼ਤਾ ਬਣਾ ਰਹੀ ਸੀ। ਤਿੰਨ ਗੋਲੀਆਂ ਉਸਦੀ ਪਿੱਠ ਵਿੱਚ ਲੱਗੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੁਰੂਗ੍ਰਾਮ ਪੁਲੀਸ ਦੇ ਪੀਆਰਓ ਸੰਦੀਪ ਕੁਮਾਰ ਦੇ ਅਨੁਸਾਰ, ਰਾਧਿਕਾ ਸੈਕਟਰ 57 ਵਿੱਚ ਇੱਕ ਟੈਨਿਸ ਅਕੈਡਮੀ ਚਲਾ ਰਹੀ ਸੀ, ਜੋ ਕਥਿਤ ਤੌਰ 'ਤੇ ਉਸਦੇ ਅਤੇ ਉਸਦੇ ਪਿਤਾ ਵਿਚਕਾਰ ਝਗੜੇ ਦਾ ਵਿਸ਼ਾ ਬਣ ਗਈ ਸੀ। ਉਨ੍ਹਾਂ ਕਿਹਾ, "ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦੀਪਕ ਨੇ ਰਾਧਿਕਾ ਵੱਲੋਂ ਅਕੈਡਮੀ ਚਲਾਏ ਜਾਣ ਉਤੇ ਇਤਰਾਜ਼ ਕੀਤਾ ਸੀ ਅਤੇ ਉਸਨੂੰ ਕਈ ਵਾਰ ਇਸਨੂੰ ਬੰਦ ਕਰਨ ਲਈ ਕਿਹਾ ਸੀ। ਪੁਲੀਸ ਪੁੱਛਗਿੱਛ ਦੌਰਾਨ ਦੀਪਕ ਯਾਦਵ ਨੇ ਕਤਲ ਦੀ ਗੱਲ ਕਬੂਲ ਕਰ ਲਈ। ਉਸ ਨੇ ਕਥਿਤ ਤੌਰ 'ਤੇ ਕਿਹਾ ਕਿ ਉਹ ਆਪਣੀ ਧੀ ਨਾਲ ਚੱਲ ਰਹੇ ਝਗੜਿਆਂ ਤੋਂ ਨਿਰਾਸ਼ ਸੀ। ਉਸ ਦੀ ਅਕੈਡਮੀ ਵਧੀਆ ਚੱਲ ਰਹੀ ਸੀ ਪਰ ਇਸ ਕਾਰਨ ਲੋਕ ਉਸ ਨੂੰ ਮਿਹਣੇ ਮਾਰਦੇ ਸਨ ਕਿ ਉਹ 'ਆਪਣੀ ਧੀ ਦੀ ਕਮਾਈ ਉਤੇ ਮੌਜਾਂ ਕਰ ਰਿਹਾ' ਸੀ। ਉਸ ਨੇ ਇਸੇ ਤੋਂ ਖ਼ਫ਼ਾ ਹੋ ਕੇ ਇਹ ਕਦਮ ਚੁੱਕਿਆ।

ਪੁਲੀਸ ਸਾਰੇ ਮਾਮਲੇ ਵਿਚ ਰਾਧਿਕਾ ਦਾ ਮਾਂ ਮੰਜੂ ਯਾਦਵ ਦੀ ਭੂਮਿਕਾ ਅਤੇ ਹੋਰ ਮਾਮਲਿਆਂ ਦੀ ਵੀ ਜਾਂਚ ਕਰ ਰਹੀ ਹੈ। ਜਾਂਚਕਰਤਾਵਾਂ ਨੇ ਦੀਪਕ ਯਾਦਵ ਦੀ ਵਿੱਤੀ ਸਥਿਤੀ ਬਾਰੇ ਮਹੱਤਵਪੂਰਨ ਵੇਰਵੇ ਸਾਹਮਣੇ ਲਿਆਂਦੇ ਹਨ।

ਦੱਸਿਆ ਜਾਂਦਾ ਹੈ ਕਿ ਉਹ ਗੁਰੂਗ੍ਰਾਮ ਵਿੱਚ ਕਈ ਕਿਰਾਏ ਦੀਆਂ ਜਾਇਦਾਦਾਂ ਤੋਂ ਮਾਸਕ 15 ਤੋਂ 17 ਲੱਖ ਰੁਪਏ ਕਮਾਉਂਦਾ ਹੈ ਅਤੇ ਇੱਕ ਆਲੀਸ਼ਾਨ ਫਾਰਮ ਹਾਊਸ ਦਾ ਮਾਲਕ ਹੈ। ਐਨਡੀਟੀਵੀ ਦੀ ਰਿਪੋਰਟ ਅਨੁਸਾਰ, ਉਸਦੇ ਜੱਦੀ ਪਿੰਡ ਵਜ਼ੀਰਾਬਾਦ ਦੇ ਉਸ ਦੇ ਗਰਾਈਂ ਅਨੁਸਾਰ, ਦੀਪਕ ਇਲਾਕੇ ਵਿਚ ਇੱਕ ਅਮੀਰ ਜ਼ਿਮੀਂਦਾਰ ਵਜੋਂ ਜਾਣਿਆ ਜਾਂਦਾ ਹੈ।

# 1160 ਪ੍ਰਾਰਥੀਆਂ ਨੂੰ ਵੱਖ-ਵੱਖ ਸਕੀਮਾਂ ਅਧੀਨ ਕਰਵਾਈ ਸਕਿੱਲ ਟਰੇਨਿੰਗ : ਡਿਪਟੀ ਕਮਿਸ਼ਨਰ

**ਬਠਿੰਡਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜਗਾਰ ਅਤੇ ਸਵੈ-ਰੋਜ਼ਗਾਰ ਦੇ ਕਾਬਿਲ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ, ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਡੀ.ਬੀ.ਈ.ਈ.ਸ਼ ?ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਬਠਿੰਡਾ ਵੱਲੋਂ ਜਨਵਰੀ 2025 ਤੋਂ ਜੂਨ 2025 ਤੱਕ ਕੁੱਲ 23 ਪਲੇਸਮੈਂਟ ਕੈਂਪਾਂ ਦਾ ਆਯੋਜਨ ਕਰਵਾਇਆ ਗਿਆ।

ਹੋਰ ਜਾਣਕਾਰੀ ਦਿੰਦਿਆਂ



ਡਿਪਟੀ ਕਮਿਸ਼ਨਰ ਸ਼ ?ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਕੁੱਲ 128 ਨਿਯੋਜਕਾਂ ਵੱਲੋਂ ਸ਼ਿਰਕਤ ਕਰਨ ਉਪਰੰਤ ਕੁੱਲ 2335 ਪ੍ਰਾਰਥੀਆਂ ਨੂੰ ਵੱਖ-ਵੱਖ ਅਸਾਮੀਆਂ ਲਈ ਸ਼ਾਰਟਲਿਸਟ ਕੀਤਾ ਗਿਆ। ਇਸ ਤੋਂ ਇਲਾਵਾ ਸਕਿੱਲ ਟ ?ਰੇਨਿੰਗ ਤਹਿਤ ਕੁੱਲ 47 ਕੈਂਪਾਂ ਰਾਹੀਂ 1160 ਪ੍ਰਾਰਥੀਆਂ ਨੂੰ ਵੱਖ-ਵੱਖ ਸਕੀਮਾਂ ਅਧੀਨ ਸਕਿੱਲ ਟ ?ਰੇਨਿੰਗ ਮੁਹੱਈਆ ਕਰਵਾਈ ਗਈ।

ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਜਨਵਰੀ 2025 ਤੋਂ ਜੂਨ 2025 ਦੌਰਾਨ ਕੁੱਲ 677 ਪ੍ਰਾਰਥੀਆਂ ਦੀ ਮੈਨੁਅਲ ਰਜਿਸਟ ?ਰੇਸ਼ਨ ਅਤੇ 2477 ਪ੍ਰਾਰਥੀਆਂ ਦੀ ਆਨਲਾਈਨ ਪੋਰਟਲ ਤੇ ਰਜਿਸਟ ?ਰੇਸ਼ਨ ਕਰਨ ਉਪਰੰਤ ਵੱਖ-ਵੱਖ ਸਕੀਮਾਂ ਲਈ ਜਾਗਰੂਕ ਕੀਤਾ ਗਿਆ।

# ਚੋਣ ਕਮਸ਼ਿਨ ਦੀਆਂ ਹਦਾਇਤਾਂ ਅਨੁਸਾਰ ਬੀ. ਐਲ. ਓਜ਼ ਦੇ ਪੰਜ ਬੈਚਾਂ ਨੂੰ ਕਰਵਾਈ ਟਰੇਨਿੰਗ-ਉਪ ਮੰਡਲ ਮਜਿਸਟਰੇਟ ਖਡੂਰ ਸਾਹਿਬ

**ਖਡੂਰ ਸਾਹਿਬ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ, ਤਰਨ ਤਾਰਨ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਅਰਵਿੰਦਰਪਾਲ ਸਿੰਘ ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟ ?ਰੇਸ਼ਨ ਅਫਸਰ, 024-ਖਡੂਰ ਸਾਹਿਬ ਵਿਧਾਨ ਸਭਾ ਚੋਣ ਹਲਕਾ ਦੀ ਅਗਵਾਈ ਵਿੱਚ ਹਲਕੇ ਦੇ 229 ਬੂਥਾਂ ਦੇ ਬੀ. ਐਲ. ਓਜ਼ ਦੇ 5 ਬੈਚਾਂ ਦੀ ਅੱਜ ਸਿਖਲਾਈ ਪ੍ਰੋਗਰਾਮ ਸਮਾਪਤ ਹੋ ਗਿਆ।

ਇਹ ਟਰੇਨਿੰਗ ਸ੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਕਾਨਫਰਸ ਹਾਲ ਵਿਖੇ ਕਰਵਾਈ ਗਈ



ਵਿਖੇ ਕਰਵਾਇਆ ਗਿਆ। ਇਹ ਪ੍ਰੋਗਰਾਮ ਵੋਟਰ ਸੂਚੀਆਂ ਨੂੰ ਅੱਪਡੇਟ ਕਰਨ, ਖੇਤਰੀ ਦੌਰੇ ਕਰਨ ਅਤੇ ਵੋਟਰ ਜਾਣਕਾਰੀ ਦੀ ਪੁਸ਼ਟੀ ਕਰਨ ਵਿੱਚ ਬੀ.ਐਲ.ਓ. ਦੀਆਂ ਜ਼ਿੰਮੇਵਾਰੀਆਂ ਨੂੰ ਕਵਰ ਕਰਦਾ ਹੈ।ਇਸ ਪ੍ਰੋਗਰਾਮ ਦੌਰਾਨ ਮਾਸਟਰ ਟਰੇਨਰ ਨਵਤੇਜ ਸਿੰਘ , ਯਾਦਵਿੰਦਰ ਸਿੰਘ ਮਾਸਟਰ ਟ ?ਰੇਨਰ ਸਵੀਪ ਕਮ ਏ ਐਲ ਐਮ ਟੀ, ਮਲਕੀਤ ਸਿੰਘ, ਸਵਿੰਦਰ ਸਿੰਘ, ਮਨਵਿੰਦਰ ਕੌਰ ਅਤੇ ਸਿਮਰਨਜੀਤ ਸਿੰਘ ਏ ਐਲ ਐਮ ਟੀ ਵਲੋ ਬੀ. ਐਲ. ਓ. ਦੇ ਆਮ ਕਰਤੱਵਾਂ ਅਤੇ ਸ਼ਿਸ਼ਟਾਚਾਰ ਜਿਵੇਂ ਕਿ ਘਰ-ਘਰ ਸਰਵੇਖਣ ਕਰਨਾ, ਮ੍ਰਿਤਕ, ਸ਼ਿਫਟ ਕੀਤੇ ਗਏ, ਜਾਂ ਡੁਪਲੀਕੇਟ ਵੋਟਰਾਂ ਦੀ ਪਛਾਣ ਕਰਨਾ, ਅਤੇ ਰਾਜਨੀਤਿਕ ਪਾਰਟੀ ਦੇ ਨੁਮਾਇੰਦਿਆਂ ਨਾਲ ਤਾਲਮੇਲ ਕਰਨਾ ਆਦਿ ਬਾਰੇ ਦੱਸਿਆ । ਸਿਖਲਾਈ ਦੇ ਦੌਰਾਨ ਵੋਟਰ ਜਾਣਕਾਰੀ ਨੂੰ ਸ਼ਾਮਲ ਕਰਨ, ਮਿਟਾਉਣ ਅਤੇ ਸੁਧਾਰ ਲਈ ਵੱਖ-ਵੱਖ ਫਾਰਮਾਂ ਨੂੰ ਸਮਝਣਾ ਅਤੇ ਵਰਤਣਾ ਬਾਰੇ ਦੱਸਿਆ।

ਇਸ ਸਿਖਲਾਈ ਪ੍ਰੋਗਰਾਮ ਦੌਰਾਨ ਪੁਰਾਣੇ ਅਤੇ ਨਵ-ਨਿਯੁਕਤ ਬੀ.ਐਲ.ਓਜ਼. ਨੂੰ ਟਰੇਨਿੰਗ ਮੁਹੱਈਆ ਕਰਵਾਈ । ਪੁਰਾਣੇ ਬੀ. ਐਲ. ਓਜ਼. ਦੀ ਕਾਰਗੁਜਾਰੀ ਨੂੰ ਹੋਰ ਬਿਹਤਰ ਕਰਨ ਦੇ ਮੰਤਵ ਨਾਲ ਅਤੇ ਨਵੇ ਨਿਯੁਕਤ ਬੀ. ਐਲ. ਓਜ਼. ਨੂੰ ਉਨ੍ਹਾਂ ਵੱਲੋਂ ਨਿਭਾਈ ਜਾਣ ਵਾਲੀ ਡਿਊਟੀ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਟ ?ਰੇਨਿੰਗ ਦੌਰਾਨ ਸ਼੍ਰੀ ਅਯੂਬ ਭੱਟੀ ਦਾ ਅਹਿਮ ਯੋਗਦਾਨ ਰਿਹਾ।

ਇਸ ਮੌਕੇ ਸਤਨਾਮ ਸਿੰਘ ,ਜਗਦੀਸ਼ ਸਿੰਘ ਆਦਿ ਸਮੇਤ ਉਪ ਮੰਡਲ ਮੈਜਿਸਟਰੇਟ, ਖਡੂਰ ਸਾਹਿਬ ਦਾ ਇਲੈਕਸ਼ਨ ਸਟਾਫ ਵੀ ਮੌਜੂਦ ਸੀ।

# ਸੇਵਾ ਕੇਂਦਰਾਂ ਵਿੱਚ ਮਿਲ ਰਹੀਆਂ ਸਹੂਲਤਾਂ ਨਾਲ ਆਮ ਲੋਕਾਂ ਨੂੰ ਮਿਲੀ ਵੱਡੀ ਰਾਹਤ



**ਸ੍ਰੀ ਆਨੰਦਪੁਰ ਸਾਹਿਬ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ 450 ਸਰਕਾਰੀ ਸੇਵਾਵਾਂ ਸੌਖੇ ਢੰਗ ਨਾਲ ਸਮੇਂ ਸਿਰ ਉਪਲੱਬਧ ਕਰਵਾਉਣ ਲਈ ਜਿਕਰਯੋਗ ਉਪਰਾਲੇ ਕੀਤੇ ਗਏ ਹਨ। 1076 ਸੇਵਾ ਨਾਲ ਲੋਕ ਘਰ ਬੈਠੇ 449 ਸੇਵਾਵਾਂ ਦਾ ਲਾਭ ਹਾਸਲ ਕਰ ਰਹੇ ਹਨ, ਜਦੋਂ ਕਿ ਸੇਵਾ ਕੇਂਦਰਾਂ ਵਿਚ 450 ਸੇਵਾਵਾ ਉਪਲੱਬਧ ਹਨ।

ਸੇਵਾਂ ਕੇਂਦਰਾਂ ਦੀ ਕਾਰਗੁਜਾਰੀ ਦੀ ਸਮੀਖਿਆ ਕਰਨ ਉਪਰੰਤ ਹਲਕਾ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸ.ਹਰਜੋਤ ਬੈਂਸ ਨੇ ਹਦਾਇਤ ਕੀਤੀ ਹੈ ਕਿ ਪ੍ਰਸਾਸ਼ਨਿਕ ਅਧਿਕਾਰੀ ਖ਼ੁੱਦ ਸੇਵਾ ਕੇਂਦਰਾਂ ਵਿਚ ਜਾ ਕੇ ਉਪਲੱਬਧ ਸੇਵਾਵਾਂ ਅਤੇ ਹਾਜ਼ਰ ਲੋਕਾਂ ਤੋਂ ਜਾਣਕਾਰੀ ਹਾਸਲ ਕਰਨ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਬਿਨਾ ਖੱਜਲ ਖੁਆਰੀ ਤੋਂ ਲੋਕਾਂ ਨੂੰ ਜਰੂਰੀ ਸੇਵਾਵਾ ਉਪਲੱਬਧ ਕਰਵਾ ਰਹੀ ਹੈ। ਇਸ ਦੇ ਲਈ ਵਿਆਪਕ ਉਪਰਾਲੇ ਕੀਤੇ ਹੋਏ ਹਨ।

ਇਨ੍ਹਾਂ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਕਰਦੇ ਹੋਏ ਉਪ ਮੰਡਲ ਮੈਜਿਸਟ ?ਰੇਟ ਜਸਪ੍ਰੀਤ ਸਿੰਘ ਪੀ.ਸੀ.ਐਸ ਨੇ ਸੇਵਾ ਕੇਂਦਰ ਸ੍ਰੀ ਅਨੰਦਪੁਰ ਸਾਹਿਬ ਵਿੱਚ ਆਮ ਲੋਕਾਂ ਨੂੰ ਮਿਲ ਰਹੀਆਂ ਸੇਵਾਵਾਂ ਦਾ ਜਾਇਜ਼ਾ ਲੈਣ ਅਤੇ ਉਥੇ ਪਹੁੰਚੇ ਲੋਕਾਂ ਤੋਂ ਜ਼ਮੀਨੀ ਹਕੀਕਤ ਬਾਰੇ ਜਾਣਕਾਰੀ ਲੈਣ ਮੌਕੇ ਦੱਸਿਆ ਕਿ ਪ੍ਰਸ਼ਾਸ਼ਨ ਦੀ ਇਹ ਜਿੰਮੇਵਾਰੀ ਹੈ ਕਿ ਲੋਕਾਂ ਨੂੰ ਸਮੇਂ ਸਿਰ ਬਿਨਾ ਬੇਲੋੜੀ ਖੱਜਲ ਖੁਆਰੀ ਸੇਵਾਵਾਂ ਉਪਲੱਬਧ ਕਰਵਾਈਆਂ ਜਾਣ।

ਉਨ੍ਹਾਂ ਨੇ ਦੱਸਿਆ ਕਿ ਨਵੇਂ ਡਿਜੀਟਲ ਯੁੱਗ ਵਿੱਚ ਕੰਮਕਾਜ ਨੂੰ ਵਧੇਰੇ ਪਾਰਦਰਸ਼ੀ ਅਤੇ ਕਾਰਗਰ ਬਣਾਉਣ ਲਈ ਕੰਮ ਕਰਨ ਦੇ ਢੰਗ ਵਿੱਚ ਆਏ ਬਦਲਾਅ ਦੀ ਮਹੱਤਤਾ ਨੂੰ ਪੰਜਾਬ ਸਰਕਾਰ ਨੇ ਸਮਝਿਆ ਹੈ। ਪੰਜਾਬ ਸਰਕਾਰ ਸ਼ਾਸਨ ਵਿੱਚ ਹੋਰ ਵੱਧ ਪਾਰਦਰਸ਼ਤਾ ਅਤੇ ਕਾਰਜ-ਕੁਸ਼ਲਤਾ ਲਿਆਉਣ ਲਈ ਵਚਨਬੱਧ ਹੈ, ਜਿਸ ਦੇ ਤਹਿਤ ਅਗਲੇ ਸੇਵਾ ਕੇਂਦਰਾਂ ਵਿਖੇ ਸੇਵਾਵਾਂ ਦੀ ਕੁੱਲ ਗਿਣਤੀ 450 ਤੱਕ ਪਹੁੰਚ ਗਈ ਹੈ।

ਜਿਕਰਯੋਗ ਹੈ ਕਿ ਹਰ ਤਰਾਂ ਦੀਆਂ ਸੇਵਾਵਾਂ ਸੇਵਾ ਕੇਂਦਰਾਂ ਵਿੱਚ ਮਿਲਣ ਵਾਲੀਆਂ ਨਾਗਰਿਕ ਸੇਵਾਵਾਂ ਦੀ ਗਿਣਤੀ 450 ਹੋ ਗਈ ਹੈ ਅਤੇ ਰੋਜ਼ਾਨਾ 150 ਲੋਕ ਸੇਵਾਵਾਂ ਹਾਸਲ ਕਰਨ ਲਈ ਇਨ੍ਹਾਂ ਕੇਂਦਰਾਂ ਵਿਚ ਆਉਂਦੇ ਹਨ। ਪੰਜਾਬ ਦੇ ਲੋਕ ਇਕ ਛੱਤ ਥੱਲੇ ਸਾਰੀਆਂ ਸੇਵਾਵਾਂ ਹਾਸਲ ਕਰਨ ਦੇ ਯੋਗ ਹੋਏ ਹਨ। ਸੂਬੇ ਵਿੱਚ ਸੇਵਾ ਕੇਂਦਰਾਂ ਵਿੱਚ 6 ਨਵੀਆਂ ਸੇਵਾਵਾਂ ਸ਼ਾਮਲ ਕੀਤੀਆਂ ਗਈਆਂ। ਇਹਨਾਂ ਵਿੱਚ ਡਿਜਿਟਲ ਫ਼ਰਦ , ਫ਼ਰਦ ਬਦਰ , ਇੰਤਕਾਲ , ਰਪਟ ਅਤੇ ਸਬਸਕ੍ਰਿਪਸ਼ਨ ਸੁਰੂ ਹੋਈਆਂ ਹਨ। ਇਸ ਨਾਲ ਦੂਰ ਦਰਾਂਡੇ ਪਿੰਡਾ ਵਿੱਚ ਰਹਿ ਰਹੇ ਲੋਕਾਂ ਨੂੰ ਜਿਲ੍ਹਾਂ ਅਤੇ ਉਪ ਮੰਡਲ ਦਫਤਰਾਂ ਵਿੱਚ ਜਾਉਣ ਆਉਣ ਨਾਲ ਸਮੇਂ ਅਤੇ ਪੈਸੇ ਦੇ ਖਰਚ ਤੋਂ ਕਾਫੀ ਰਾਹਤ ਮਿਲੀ ਹੈ।

ਉਪ ਮੰਡਲ ਮੈਜਿਸਟਰੇਟ ਨੇ ਦੱਸਿਆ ਕਿ ਅੱਜ ਜਦੋਂ ਸੇਵਾ ਕੇਂਦਰ ਦਾ ਦੌਰਾ ਕੀਤਾ ਗਿਆ ਤਾਂ ਚਾਰ ਵਿਚ 3 ਕਾਊਟਰ ਕਾਰਜਸ਼ੀਲ ਸਨ, ਇੱਕ ਕਾਊਟਰ ਦਾ ਕੰਪਿਊਟਰ ਖਰਾਬ ਪਾਇਆ ਗਿਆ , ਜਿਸ ਲਈ ਲੋੜੀਦੀ ਕਾਰਵਾਈ ਕਰਨ ਬਾਰੇ ਡਿਪਟੀ ਕਮਿਸ਼ਨਰ ਰੂਪਨਗਰ ਨੂੰ ਲਿਖ ਦਿੱਤਾ ਹੈ।

ਇਸ ਤੋ ਇਲਾਵਾ ਫਰਨੀਚਰ ਦੀ ਘਾਟ ਕਾਰਨ ਸੁਵਿਧਾ ਲੈਣ ਲਈ ਪਹੁੰਚੇ ਲੋਕਾਂ ਦੇ ਬੈਠਣ ਲਈ ਹੋਰ ਢੁਕਵੇ ਪ੍ਰਬੰਧ ਕਰਨ ਲਈ ਵੀ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਐਸ.ਡੀ.ਐਮ ਨੇ ਕਿਹਾ ਕਿ ਸਬੰਧਿਤ ਏਜੰਸੀ ਨੂੰ ਹਦਾਇਤ ਕੀਤੀ ਗਈ ਹੈ ਕਿ ਆਮ ਲੋਕਾਂ ਨੂੰ ਕਿਸੇ ਤਰਾਂ ਦੀ ਖੱਜਲ ਖੁਆਰੀ ਨਾ ਹੋਵੇ, ਜੇਕਰ ਅਜਿਹੀ ਸ਼ਿਕਾਇਤ ਮਿਲਦੀ ਹੈ ਤਾਂ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।ਐਸਡੀਐਮ ਨੇ ਦੱਸਿਆ ਕਿ ਸੇਵਾਵਾਂ ਲੈਣ ਲਈ ਪਹੁੰਚੇ ਲੋਕਾਂ ਨੇ ਸਰਕਾਰ ਦੇ ਉਪਰਾਲਿਆ ਦੀ ਸ਼ਲਾਘਾ ਕੀਤੀ ਹੈ।

## ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਰੂਪਾ ਵਿਖੇ ਮੈਟਰਨ ਦੇ ਅਹੁਦੇ ਲਈ 17 ਜੁਲਾਈ 2025 ਨੂੰ ਹੋਵੇਗੀ ਇੰਟਰਵਿਊ

**ਫਾਜ਼ਿਲਕਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਰੂਪਾ ਜਿਲ੍ਹਾ ਫਾਜਿ ?ਲਕਾ ਦੇ ਪ੍ਰਿੰਸੀਪਲ ਸ੍ਰੀ ਅਸ਼ੋ ?ਕ ਵਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਲਿਆ ਵਿੱਚ ਮੈਟਰਨ ਦੇ ਅਹੁਦੇ ਲਈ 17 ਜੁਲਾਈ 2025 ਨੂੰ ਇੰਟਰਵਿਊ ਹੋਵੇਗੀੁਉਨ੍ਹਾਂ ਦੱਸਿਆ ਕਿ ਇੰਟਰਵਿਊ ਸਵੇਰੇ 11 ਵਜੇ ਹੋਵੇਗੀ। ਉਮੀਦਵਾਰ ਦੀ ਘੱਟੋ-ਘੱਟ ਸਿੱਖਿਆ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ, ਉਮਰ 35 ਸਾਲ ਤੋਂ 55 ਸਾਲ (17.07.2025 ਤੱਕ) ਦੇ ਵਿਚਕਾਰ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਆਹੁਤਾ ਔਰਤ ਜਿਸ ਵਿੱਚ ਵਿਧਵਾਵਾਂ ਜਾਂ ਤਲਾਕਸ਼ੁਦਾ ਔਰਤਾਂ ਸ਼ਾਮਲ ਹਨ, ਇਸ ਅਹੁਦੇ ਲਈ ਯੋਗ ਹਨ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਉਜਰਤ ਬਿਲਡਿੰਗ ਓਪਰੇਸ਼ਨ ਸੈਕਟਰ (ਐਮਟੀਐਸ ਅਣ ਸਕਿਲਡ) ਵਿੱਚ ਕੰਮ ਕਰਨ ਵਾਲੇ ਉਦਯੋਗਿਕ ਕਾਮਿਆਂ ਵਾਂਗ ਹੀ ਅਦਾ ਕੀਤੀ ਜਾਵੇਗੀਉਨ੍ਹਾਂ ਕਿਹਾ ਕਿ ਇੰਟਰਵਿਊ ਵਿਚ ਚੁਣੇ ਗਏ ਉਮੀਦਵਾਰ ਨੂੰ ਵਿਦਿਆਰਥਣਾਂ (ਗਰਲ ਹੋਸਟਲ) ਨਾਲ ਰਹਿਣਾ ਪਵੇਗਾ। ਨੌਕਰੀ ਦੀ ਮਿਆਦ ਦਾ ਸਮਾਂ 31 ਮਾਰਚ 2026 ਤੱਕ ਹੋਵੇਗਾ, ਲੋੜ ਪੈਣ ਤੇ ਇਸਨੂੰ ਗਰਮੀਆਂ ਦੀਆਂ ਛੁੱਟੀਆਂ ਤੱਕ ਵਧਾਇਆ ਜਾ ਸਕਦਾ ਹੈ। ਇੰਟਰਵਿਊ ਵਿੱਚ ਸ਼ਾਮਲ ਹੋਣ ਲਈ ਕੋਈ ਟੀਏ/ਡੀਏ ਨਹੀਂ ਦਿੱਤਾ ਜਾਵੇਗਾ।

## ਐਨਡੀਆਰਐਫ ਵੱਲੋਂ ਹੜ੍ਹਾਂ ਨਾਲ ਨਜਿੱਠਣ ਲਈ ਕਰਵਾਈ ਜਾਵੇਗੀ ਮੌਕ ਡਰਿੱਲ



**ਫਾਜ਼ਿਲਕਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਆਫਤ ਪ੍ਰਬੰਧ ਫੋਰਸ ਵੱਲੋਂ ਫਾਜ਼ਿਲਕਾ ਜ਼ਿਲ੍ਹੇ ਵਿਚ ਆਉਣ ਵਾਲੇ ਦਿਨਾਂ ਦੌਰਾਨ ਇਕ ਦਿਨਾਂ ਮੌਕ ਡਰਿੱਲ ਕਰਵਾਈ ਜਾਵੇਗੀ। ਇਸ ਸਬੰਧੀ ਤਿਆਰੀਆਂ ਲਈ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਦੀ ਪ੍ਰਧਾਨਗੀ ਹੇਠ ਬੈਠਕ ਹੋਈ।

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਸਾਰੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਇਸ ਮੌਕ ਡਰਿੱਲ ਵਿਚ ਭਾਗ ਲਿਆ ਜਾਵੇ ਅਤੇ ਆਪਣੀ ਕਾਰਜਕੁਸ਼ਲਤਾ ਵਿਚ ਵਾਧਾ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਰੇ ਵਿਭਾਗ ਇਸ ਮਾਨਸੂਨ ਰੁੱਤ ਦੌਰਾਨ ਸੰਭਾਵੀ ਹੜ੍ਹਾਂ ਦੇ ਮੱਦੇਨਜਰ ਸਾਰੇ ਅਗੇਤੇ ਪ੍ਰਬੰਧ ਕੀਤੇ ਜਾਣੇ ਯਕੀਨੀ ਬਣਾਉਣ। ਉਨ੍ਹਾਂ ਨੇ ਕਿਹਾ ਕਿ ਮੌਕ ਡਰਿੱਲ ਸਾਨੂੰ ਆਪਣੇ ਉਪਲਬੱਧ ਸੰਸਧਾਨਾਂ ਦੀ ਸਹੀ ਵਰਤੋਂ ਅਤੇ ਆਪਣੀ ਕਾਰਜਕੁਸ਼ਲਤਾ ਵਿਚ ਵਾਧਾ ਕਰਨਾ ਦਾ ਮੌਕਾ ਦਿੰਦੀ ਹੈ।

ਬੈਠਕ ਵਿਚ ਐਨ ਡੀ ਆਰ ਐਫ ਦੀ ਟੀਮ ਤੋਂ ਸੰਦੀਪ ਕੁਮਾਰ ਨੇ ਕੁਦਰ ?ਤੀ ਆਫਤਾਂ ਨਾਲ ਨਜਿੱਠਣ ਸਬੰਧੀ ਯੋਜਨਾਬੰਦੀ ਸਾਰੇ ਵਿਭਾਗਾਂ ਨਾਲ ਸਾਂਝੀ ਕੀਤੀ।

ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੁਭਾਸ਼ ਚੰਦਰ, ਐਸਡੀਐਮ ਸ੍ਰੀ ਕ੍ਰਿਸ਼ਨਾ ਪਾਲ ਰਾਜਪੂਤ, ਸ੍ਰੀ ਕੰਵਰਜੀਤ ਸਿੰਘ ਮਾਨ ਅਤੇ ਵੀਰਪਾਲ ਕੌਰ, ਡੀਐਸਪੀ ਅਬਿਨਾਸ ਚੰਦਰ ਵੀ ਹਾਜਰ ਸਨ।

# ਟੀ.ਬੀ ਮਰੀਜਾਂ ਨੂੰ ਦਵਾਈ ਦੇ ਨਾਲ ਪੋਸ਼ਟਿਕ ਆਹਾਰ ਦੇਣ ਦੇ ਮੰਤਵ ਨਾਲ ਰਾਸ਼ਨ ਕਿੱਟਾਂ ਵੰਡੀਆ ਗਈਆਂ

**ਰੂਪਨਗਰ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਸਿਵਲ ਸਰਜਨ ਡਾ. ਬੌਬੀ ਗੁਲਾਟੀ, ਡਾ. ਨਵਰੂਪ ਕੌਰ ਅਤੇ ਜ਼ਿਲ੍ਹਾ ਤਪਦਿਕ ਅਫਸਰ ਡਾ. ਡੌਰੀਆ ਬੱਗਾ ਤੇ ਸਮੂਹ ਸਟਾਫ ਦੀ ਮੌਜੂਦਗੀ ਵਿੱਚ ਅੱਜ 22 ਲੋੜਵੰਦ ਟੀ.ਬੀ ਮਰੀਜ਼ਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਤਾਂ ਜੋ ਮਰੀਜ਼ਾਂ ਨੂੰ ਦਵਾਈ ਦੇ ਨਾਲ-ਨਾਲ ਪੋਸ਼ਟਿਕ ਆਹਾਰ ਵੀ ਦਿੱਤਾ ਜਾ ਸਕੇ।

ਇਸ ਦੇ ਨਾਲ ਹੀ ਸਿਵਲ ਹਸਪਤਾਲ ਰੂਪਨਗਰ ਵਿਖੇ ਅੱਜ ਰਾਸ਼ਟਰੀ ਤਪਦਿਕ ਇਲੈਮੀਨੇਸ਼ਨ ਪ੍ਰੋਗਰਾਮ ਅਧੀਨ ਪ੍ਰਧਾਨ ਮੰਤਰੀ ਟੀ. ਬੀ. ਮੁਕਤ ਭਾਰਤ ਅਭਿਆਨ ਤਹਿਤ ਮੁਹਿੰਮ ਸ਼ੁਰੂ ਕੀਤੀ ਗਈ।

ਇਸ ਮੌਕੇ ਸਹਾਇਕ ਸਿਵਲ ਸਰਜਨ ਰੂਪਨਗਰ ਡਾ. ਬੌਬੀ ਗੁਲਾਟੀ ਨੇ ਕਿਹਾ ਕਿ ਜ਼ਿਲ੍ਹਾ ਰੂਪਨਗਰ ਵਿਖੇ ਟੀ. ਬੀ. ਮੁਕਤ ਅਭਿਆਨ ਤਹਿਤ ਟੀ.ਬੀ ਦੀ ਬਿਮਾਰੀ ਦੀ ਜਲਦੀ ਪਛਾਣ ਕਰਕੇ ਭਾਰਤ ਦੇਸ਼ ਨੂੰ ਟੀ.ਬੀ ਮੁਕਤ ਦੇਸ਼ ਬਣਾਉਣਾ ਉਨ੍ਹਾਂ ਸਿਹਤ ਕਰਮੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਟੀ. ਬੀ. ਮੁਕਤ ਅਭਿਆਨ ਦੌਰਾਨ ਤਨਦੇਹੀ ਨਾਲ ਆਪਣੀਆਂ ਸੇਵਾਵਾ ਨਿਭਾਉਣ।



ਇਸ ਮੁਹਿੰਮ ਦੌਰਾਨ ਬਜੁਰਗਾਂ, ਸ਼ੂਗਰ ਦੇ ਮਰੀਜ, ਸਲੱਮ ਏਰੀਆ, ਭੱਠੇ, ਬਿਰਧ ਆਸ਼ਰਮ, ਐਚ.ਆਈ.ਵੀ ਮਰੀਜਾਂ, 05 ਸਾਲ ਪਹਿਲਾਂ ਟੀ.ਬੀ ਦੀ ਬਿਮਾਰੀ ਤੋਂ ਮੁਕਤ ਹੋਏ ਅਤੇ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲਿਆਂ ਦੀ ਟੀ.ਬੀ. ਸਕਰਿਨਿੰਗ ਕੀਤੀ ਜਾਵੇਗੀ।

ਇਸ ਕੰਮ ਲਈ ਆਯੂਸ਼ਮਾਨ ਅਰੋਗਿਆ ਕੇਂਦਰ ਦੀਆਂ ਟੀਮਾਂ ਵੱਲੋਂ ਸਰਵੇ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਕੂਲਾਂ, ਕਾਲਜਾਂ ਵਿੱਚ ਟੀ.ਬੀ. ਦੀ ਬਿਮਾਰੀ ਸੰਬੰਧੀ ਜਾਗਰੂਕਤਾ ਕੈਂਪ ਵੀ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਜੇਲ੍ਹ ਕੈਂਪਾਂ ਦੌਰਾਨ ਸ਼ੱਕੀ ਮਰੀਜਾਂ ਦੇ ਸੈਂਪਲ ਵੀ ਲਏ ਗਏ। ਟੀ. ਬੀ. ਦੀ ਜਾਂਚ ਸਿਹਤ ਸੰਸਥਾਵਾ ਵਿੱਚ ਆਧੁਨਿਕ ਮਸ਼ੀਨਾਂ ਦੁਆਰਾ ਬਿਲਕੁਲ ਮੁਫਤ ਕੀਤੀ ਜਾਂਦੀ ਹੈ, ਜਿਸ ਨਾਲ ਟੀ.ਬੀ ਮੁਕਤ ਭਾਰਤ ਅਭਿਆਨ ਨੂੰ ਸਫਲ ਬਣਾਇਆ ਜਾ ਸਕਦਾ ਹੈ।

ਇਸ ਮੌਕੇ ਤੇ ਜ਼ਿਲ੍ਹਾ ਤਪਦਿਕ ਅਫਸਰ ਰੂਪਨਗਰ ਡਾ. ਡੌਰੀਆ ਬੱਗਾ ਨੇ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਭਾਰਤ ਨੂੰ ਟੀ. ਬੀ. ਮੁਕਤ ਕਰਨਾ ਹੈ ਅਤੇ ਟੀ.ਬੀ ਦੀ ਬਿਮਾਰੀ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਜਾਗਰੂਕ ਕਰਨਗੀਆਂ। ਇਸ ਮੌਕੇ ਉੱਚ ਅਧਿਕਾਰੀਆ ਵੱਲੋਂ ਜ਼ਿਲ੍ਹਾ ਰੂਪਨਗਰ ਦੇ ਲੋਕਾਂ ਨੂੰ ਵੱਧ ਤੋ ਵੱਧ ਨਿਕਸ਼ੈ ਮਿੱਤਰਤਾ ਬਣਨ ਦੀ ਅਪੀਲ ਕੀਤੀ ਗਈ, ਜਿਸ ਨਾਲ ਵੱਧ ਤੋਂ ਵੱਧ ਲੋੜਵੰਦ ਟੀ.ਬੀ. ਮਰੀਜ਼ਾਂ ਦੀ ਮਦਦ ਕੀਤੀ ਜਾ ਸਕੇ।

# ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿਖੇ ਹੋਈ ਬੂਥ ਲੈਵਲ ਅਫਸਰਾਂ ਦੀ ਟਰੇਨਿੰਗ

**ਚਮਕੌਰ ਸਾਹਿਬ 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉਪ ਮੰਡਲ ਮੈਜਿਸਟਰੇਟ ਸ੍ਰੀ ਚਮਕੌਰ ਸਾਹਿਬ ਸ. ਅਮਰੀਕ ਸਿੰਘ ਸਿੱਧੂ ਦੀ ਅਗਵਾਈ ਹੇਠ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਬੀਐਲਓਜ਼ ਨੂੰ ਨੈਸ਼ਨਲ ਟ ?ਰੇਨਿੰਗ ਪ੍ਰੋਗਰਾਮ ਅਧੀਨ ਇਕ ਰੋਜ਼ਾ ਟ ?ਰੇਨਿੰਗ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿੱਚ ਦਿੱਤੀ ਗਈ।

ਇਸ ਟ ?ਰੇਨਿੰਗ ਨੂੰ ਸੰਬੋਧਨ ਕਰਦਿਆਂ ਉਪ ਮੰਡਲ ਮੈਜਿਸਟ ?ਰੇਟ ਸ. ਅਮਰੀਕ ਸਿੰਘ ਸਿੱਧੂ ਨੇ ਕਿਹਾ ਕਿ ਇਹ ਟ ?ਰੇਨਿੰਗ ਪੂਰੇ ਦੇਸ਼ ਵਿੱਚ ਭਾਰਤ ਚੋਣ ਕਮਿਸ਼ਨ ਵੱਲੋਂ ਕਰਵਾਈ ਜਾ ਰਹੀ ਹੈ ਤਾਂ ਜੋ ਰਹਿੰਦੀਆਂ ਕਮੀਆਂ ਪੇਸ਼ੀਆਂ ਨੂੰ ਦੂਰ ਕੀਤਾ ਜਾ ਸਕੇ।

ਇਸ ਟਰੇਨਿੰਗ ਸਬੰਧੀ ਜਾਣਕਾਰੀ ਦਿੰਦਿਆਂ ਕਾਨੂੰਗੋ ਸ਼੍ਰੀ ਰਜੇਸ਼ ਕੁਮਾਰ ਨੇ ਦੱਸਿਆ ਕਿ ਸਟੇਟ ਰਿਸੋਰਸ ਪਰਸਨ ਸ੍ਰੀ ਦਿਨੇਸ਼ ਸੈਣੀ ਨੇ ਵੋਟਾਂ



ਬਣਾਉਣ ਦੀ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਮਾਸਟਰ ਟਰੇਨਰ ਅਤੇ ਸਵੀਪ ਨੋਡਲ ਅਫਸਰ ਸ. ਰਾਬਿੰਦਰ ਸਿੰਘ ਰੱਬੀ ਨੇ ਸੰਵਿਧਾਨਿਕ ਪ੍ਰਕਿਰਿਆ ਅਤੇ ਬੀਐਲਓ ਦੇ ਅਧਿਕਾਰ ਅਤੇ ਕਰਤੱਵਾਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਤਕਨੀਕੀ ਪੱਖ ਤੋਂ ਕਮਲਜੀਤ ਸਿੰਘ ਬਰਸਾਲਪੁਰ, ਸਰਬਜੀਤ ਸਿੰਘ ਬਸੀ ਗੁੱਜਰਾਂ, ਮਨਦੀਪ ਕੁਮਾਰ ਸ੍ਰੀ ਚਮਕੌਰ ਸਾਹਿਬ, ਗੁਰਜੀਤ ਸਿੰਘ ਮਕੜੌਨਾ ਕਲਾਂ, ਦਵਿੰਦਰ ਪਾਲ ਸਿੰਘ ਲੁਠੇੜੀ ਅਤੇ ਪਰਮਿੰਦਰ ਸਿੰਘ ਸੰਧੂਆਂ ਨੇ ਵੀ ਬੀਐਲਓ ਐਪ ਤੇ ਵੋਟਰ ਹੈਲਪ ਐਪ ਬਾਰੇ ਜਾਣਕਾਰੀ ਪ੍ਰਦਾਨ ਕੀਤੀ।

ਇਸ ਟਰੇਨਿੰਗ ਨੂੰ ਬਾਖੂਬੀ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਨਾਇਬ ਤਹਿਸੀਲਦਾਰ ਸ੍ਰੀ ਰਮਨ, ਮੈਡਮ ਜਸਪ੍ਰੀਤ ਕੌਰ ਅਤੇ ਰੁਪਿੰਦਰ ਸਿੰਘ ਸੋਨੂ ਨੇ ਵਿਸ਼ੇਸ਼ ਯੋਗਦਾਨ ਪਾਇਆ। ਅੰਤ ਵਿੱਚ ਭਾਗੀਦਾਰਾਂ ਦਾ ਇੱਕ ਟੈਸਟ ਵੀ ਹੋਇਆ ਅਤੇ ਸਰਟੀਫਿਕੇਟ ਵੀ ਵੰਡੇ ਗਏ।

## ਐਨਸੀਆਰ ਤੇ ਹਰਿਆਣਾ ਵਿਚ ਭੂਚਾਲ ਦੇ ਝਟਕੇ

**ਨਵੀਂ ਦਿੱਲੀ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਐਨਸੀਆਰ ਨਾਲ ਲੱਗਦੇ ਹਰਿਆਣਾ ਦੇ ਕਈ ਇਲਾਕਿਆਂ ਵਿਚ ਅੱਜ ਸਵੇਰੇ 9:04 ਵਜੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਰਿਕਟਰ ਸਕੇਲ ’ਤੇ ਭੂਚਾਲ ਦੀ ਤੀਬਰਤਾ 4.4 ਮਾਪੀ ਗਈ ਹੈ। ਇਸ ਦੌਰਾਨ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਬਾਰੇ ਹਾਲ ਦੀ ਘੜੀ ਕੋਈ ਰਿਪੋਰਟ ਨਹੀਂ ਹੈ ਭੂਚਾਲ ਦੇ ਝਟਕੇ ਹਰਿਆਣਾ ਦੇ ਰੋਹਤਕ, ਜੀਂਦ, ਗੁਰੂਗ੍ਰਾਮ, ਝੱਜਰ, ਨੋਇਡਾ, ਨਾਰਾਇਣਾ ਵਿਚ ਮਹਿਸੂਸ ਕੀਤੇ ਗਏ।

## ਪੀੜਤ ਪਾਇਲਟਾਂ ’ਚੋਂ ਇਕ ਹਰਿਆਣਾ ਦੇ ਰੋਹਤਕ ਤੇ ਦੂਜਾ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਤੋਂ

**ਚੰਡੀਗੜ੍ਹ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਚੁਰੂ ਵਿਚ ਬੁੱਧਵਾਰ ਨੂੰ ਜੈਗੁਆਰ ਲੜਾਕੂ ਜਹਾਜ਼ ਹਾਦਸੇ ਵਿੱਚ ਮਾਰੇ ਗਏ ਭਾਰਤੀ ਹਵਾਈ ਸੈਨਾ ਦੇ ਦੋ ਪਾਇਲਟਾਂ ਦੀ ਪਛਾਣ ਹਰਿਆਣਾ ਦੇ ਰੋਹਤਕ ਤੋਂ ਸਕੁਐਡਰਨ ਲੀਡਰ ਲੋਕੇਂਦਰ ਸਿੰਘ ਸਿੰਧੂ ਅਤੇ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਦੇ ਸੁਮੇਰਪੁਰ ਤੋਂ ਫਲਾਈਟ ਲੈਫਟੀਨੈਂਟ ਰਿਸ਼ੀਰਾਜ ਸਿੰਘ ਦੇਵੜਾ ਵਜੋਂ ਹੋਈ ਹੈ।

ਦੋਵੇਂ ਪਾਇਲਟ ਅੰਬਾਲਾ ਏਅਰਬੇਸ ‘ਤੇ ਪੰਜ ਨੰਬਰ ਸਕੁਐਡਰਨ ਵਿੱਚ ਪੋਸਟਡ ਸਨ ਅਤੇ ਨਿਯਮਤ ਸਿਖਲਾਈ ਅਭਿਆਸ ਲਈ ਰਾਜਸਥਾਨ ਦੇ ਬਾੜਮੇਰ ਏਅਰਬੇਸ ‘ਤੇ ਤਾਇਨਾਤ ਸਨ। ਉਨ੍ਹਾਂ ਦੇ ਅੰਤਿਮ ਸੰਸਕਾਰ ਅੱਜ ਕੀਤੇ ਜਾਣ ਦੀ ਉਮੀਦ ਹੈ।

ਸਿੰਧੂ (44) ਨੂੰ ਦਸੰਬਰ 2014 ਵਿੱਚ ਆਈਏਐਫ ਦੀ ਫਲਾਇੰਗ ਬ੍ਰਾਂਚ ਵਿੱਚ ਕਮਿਸ਼ਨ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ 2020 ਵਿੱਚ ਉਸਨੂੰ ਸਕੁਐਡਰਨ ਲੀਡਰ ਵਜੋਂ ਤਰੱਕੀ ਦਿੱਤੀ ਗਈ ਸੀ। ਉਸ ਦੇ ਪਿਤਾ ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ ਤੋਂ ਸੁਪਰਡੈਂਟ ਵਜੋਂ ਸੇਵਾਮੁਕਤ ਹੋਏ ਸਨ, ਜਦੋਂ ਕਿ ਉਸਦੀ ਪਤਨੀ ਸੁਰਭੀ ਡਾਕਟਰ ਹੈ। ਉਧਰ ਦੇਵੜਾ (23) ਰਾਸ਼ਟਰੀ ਰੱਖਿਆ ਅਕੈਡਮੀ ਦਾ ਸਾਬਕਾ ਵਿਦਿਆਰਥੀ ਹੈ। ਉਸ ਦੇ ਪਿਤਾ ਰਾਜਸਥਾਨ ਵਿੱਚ ਇੱਕ ਹੋਟਲ ਕਾਰੋਬਾਰ ਚਲਾਉਂਦੇ ਹਨ।

ਨੰਬਰ 5 ਸਕੁਐਡਰਨ, ਜਿਸ ਨਾਲ ਇਹ ਦੋਵੇਂ ਪਾਇਲਟ ਸਬੰਧਤ ਸੀ, ਆਈਏਐਫ ਦੁਆਰਾ ਖੜ੍ਹਾ ਕੀਤਾ ਜਾਣ ਵਾਲਾ ਪਹਿਲਾ ਬੰਬਾਰ ਯੂਨਿਟ ਹੈ ਅਤੇ ਲੜਾਈ ਵਿੱਚ ਜੈੱਟ ਜਹਾਜ਼ਾਂ ਦੀ ਵਰਤੋਂ ਕਰਨ ਵਾਲਾ ਪਹਿਲਾ ਆਈਏਐਫ ਯੂਨਿਟ ਵੀ ਹੈ। ਐਂਗਲੋ-ਫਰੈਂਚ ਮੂਲ ਦਾ ਜੈਗੁਆਰ, ਜਿਸ ਨਾਲ ਇਹ ਵਰਤਮਾਨ ਵਿੱਚ ਲੈਸ ਹੈ, ਇੱਕ ਡੂੰਘੀ ਸੱਟ ਮਾਰਨ ਵਾਲਾ ਏਅਰਕ੍ਰਾਫਟ ਹੈ, ਜੋ 1979 ਤੋਂ ਆਈਏਐਫ ਦੀ ਸੇਵਾ ਕਰ ਰਿਹਾ ਹੈ।

ਸਕੁਐਡਰਨ ਦੀ ਸਥਾਪਨਾ ਤਤਕਾਲੀਨ ਰੌਇਲ ਇੰਡੀਅਨ ਏਅਰ ਫੋਰਸ ਦੇ ਇਕ ਹਿੱਸੇ ਵਜੋਂ ਨਵੰਬਰ 1948 ਵਿਚ ਕਾਨਪੁਰ ਦੇ ਵਿੰਗ ਕਮਾਂਡਰ ਜੇਆਰਐੱਸ ਡੈਨੀ ਦਾਂਤਰਾ ਦੀ ਕਮਾਨ ਵਿਚ ਬੀ24 ਲਿਬਰੇਟਰ ਪ੍ਰੋਪੈੱਲਰ ਸੰਚਾਲਿਤ ਭਾਰੀ ਬੰਬਾਰਾਂ ’ਤੇ ਕੀਤੀ ਗਈ ਸੀ।

# ਸਹਿਕਾਰਤਾ ਮੰਤਰਾਲਾ ਦੇਸ਼ ਦੇ ਗ਼ਰੀਬਾਂ, ਕਿਸਾਨਾਂ ਅਤੇ ਗ੍ਰਾਮੀਣਾਂ ਦੇ ਜੀਵਨ ਵਿੱਚ ਲਿਆ ਰਿਹਾ ਬਦਲਾਅ

**ਨਵੀਂ ਦਿੱਲੀ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ, ਅਮਿਤ ਸ਼ਾਹ ਨੇ ਅੰਤਰਰਾਸ਼ਟਰੀ ਸਹਿਕਾਰਤਾ ਵਰ੍ਹੇ ਦੇ ਤਹਿਤ ਆਯੋਜਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਦੇ ਤਹਿਤ ਗੁਜਰਾਤ ਦੇ ਅਹਿਮਦਾਬਾਦ ਵਿੱਚ ਗੁਜਰਾਤ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਸਹਿਕਾਰਤਾ ਖੇਤਰ ਨਾਲ ਜੁੜੀਆਂ ਮਹਿਲਾਵਾਂ ਅਤੇ ਹੋਰ ਪ੍ਰੋਗਰਾਮਾਂ ਦੇ ਨਾਲ ‘ਸਹਿਕਾਰ ਸੰਵਾਦ’ ਕੀਤਾ।

‘ਸਹਿਕਾਰ ਸੰਵਾਦ’ ਨੂੰ ਸੰਬੋਧਨ ਕਰਦੇ ਹੋਏ, ਕੇਂਦਰੀ ਸਹਿਕਾਰਤਾ ਮੰਤਰੀ ਸ਼ ?ਰੀ ਅਮਿਤ ਸ਼ਾਹ ਨੇ ਕਿਹਾ ਕਿ ਤ੍ਰਿਭੁਵਨਦਾਸ ਪਟੇਲ ਦੇ ਨਾਂ ‘ਤੇ ਆਨੰਦ ਜ਼ਿਲ੍ਹੇ ਵਿੱਚ ਤ੍ਰਿਭੁਵਨ ਸਹਿਕਾਰਤਾ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਹੈ। ਉਨ੍ਹਾਂ ਨੇ ਕਿਹਾ ਕਿ ਸਹਿਕਾਰਤਾ ਖੇਤਰ ਵਿੱਚ ਯੁਵਾ ਪੇਸ਼ੇਵਰ ਤਿਆਰ ਕਰਨ ਦਾ ਮੂਲ ਵਿਚਾਰ ਤ੍ਰਿਭੁਵਨਦਾਸ ਜੀ ਦਾ ਸੀ ਅਤੇ ਇਸੇ ਉਦੇਸ਼ ਨਾਲ ਇਸ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਜਾ ਰਹੀ ਹੈ। ਤ੍ਰਿਭੁਵਨਦਾਸ ਜੀ ਨੇ ਹੀ ਸਹੀ ਮਾਇਨੇ ਵਿੱਚ ਕੋਆਪ੍ਰੇਟਿਵ ਦੀ ਨੀਂਹ ਰੱਖੀ ਸੀ, ਜਿਸ ਦੇ ਕਾਰਨ ਅੱਜ ਗੁਜਰਾਤ ਦੀ ਡੇਅਰੀ ਖੇਤਰ ਨਾਲ ਜੁੜੀਆਂ 36 ਲੱਖ ਮਹਿਲਾਵਾਂ 80 ਹਜ਼ਾਰ ਕਰੋੜ ਰੁਪਏ ਦਾ ਵਪਾਰ ਕਰ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਜਦੋਂ ਸਹਿਕਾਰੀ ਯੂਨੀਵਰਸਿਟੀ ਦਾ ਨਾਂ ਤ੍ਰਿਭੁਵਨਦਾਸ ਜੀ ਦੇ ਨਾਂ ‘ਤੇ ਰੱਖਣ ਦਾ ਐਲਾਨ ਸੰਸਦ ਵਿੱਚ ਕੀਤਾ ਗਿਆ ਤਾਂ ਸਵਾਲ ਉੱਠਿਆ ਕਿ ਇਹ ਵਿਅਕਤੀ ਕੌਣ ਹੈ। ਇੱਕ ਮਾਇਨੇ ਵਿੱਚ ਇਹ ਸਵਾਲ ਠੀਕ ਨਹੀਂ ਸੀ। ਪਰ ਉਸ ਵਿਅਕਤੀ ਦੇ ਲਈ ਬਹੁਤ ਵੱਡੀ ਗੱਲ ਹੈ ਕਿ ਵੱਡਾ ਕੰਮ ਕਰਨ ਦੇ ਬਾਅਦ ਵੀ ਉਨ੍ਹਾਂ ਨੇ ਆਪਣਾ ਕੋਈ ਪ੍ਰਚਾਰ ਨਹੀਂ ਕੀਤਾ ਅਤੇ ਕੇਵਲ ਕੰਮ ਕਰਦੇ ਰਹੇ। ਸ਼ ?ਰੀ ਸ਼ਾਹ ਨੇ ਕਿਹਾ ਕਿ ਵਿਰੋਧੀ ਧਿਰ ਦੇ ਵਿਰੋਧ ਦੇ ਬਾਵਜੂਦ ਅਸੀਂ ਯੂਨੀਵਰਸਿਟੀ ਦਾ ਨਾਂ ਤ੍ਰਿਭੁਵਨਦਾਸ ਪਟੇਲ ਦੇ ਨਾਂ ‘ਤੇ ਰੱਖਿਆ, ਕਿਉਂਕਿ ਹੁਣ ਉਨ੍ਹਾਂ ਨੂੰ ਪ੍ਰਸਿੱਧੀ ਪਾਉਣ ਦਾ ਅਧਿਕਾਰ ਹੈ।

ਕੇਂਦਰੀ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਸਰਕਾਰ ਡੇਅਰੀ ਦੇ ਖੇਤਰ ਵਿੱਚ ਬਹੁਤ ਸਾਰਾ ਪਰਿਵਰਤਨ ਲਿਆ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਸਹਿਕਾਰੀ ਡੇਅਰੀਆਂ ਵਿੱਚ ਗੋਬਰ ਦੇ ਪ੍ਰਬੰਧਨ, ਪਸ਼ੂਆਂ ਦੇ ਖਾਨ-ਪਾਨ ਅਤੇ ਸਿਹਤ ਦੇ ਪ੍ਰਬੰਧਨ ਅਤੇ ਗੋਬਰ ਦੇ ਉਪਯੋਗ ਨਾਲ ਕਮਾਈ ਵਧਾਉਣ ਦੇ ਉਪਾਵਾਂ ‘ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇਗਾ। ਇਸ ਦਿਸ਼ਾ ਵਿੱਚ ਦੇਸ਼ਭਰ ਵਿੱਚ ਹੁਣੇ ਛੋਟੇ-ਛੋਟੇ ਪ੍ਰਯੋਗ ਹੋਏ ਹਨ। ਸਾਰੇ ਪ੍ਰਯੋਗਾਂ ਨੂੰ ਇਕੱਠਾ ਕਰਕੇ ਉਨ੍ਹਾਂ ਦੇ ਪਰਿਣਾਮ ਹਰ ਸਹਿਕਾਰੀ ਸੰਸਥਾ ਤੱਕ ਪਹੁੰਚਾਉਣ ਦੇ ਯਤਨ ਹੋ ਰਹੇ ਹਨ ਅਤੇ ਭਾਰਤ ਸਰਕਾਰ ਇਸ ਦੇ ਲਈ ਯੋਜਨਾ ਬਣਾ ਰਹੀ ਹੈ। ਸ਼ ?ਰੀ ਸ਼ਾਹ ਨੇ ਕਿਹਾ ਕਿ ਆਗਾਮੀ ਕੁਝ ਵਰ੍ ?ਆਂ ਵਿੱਚ ਕੋਆਪ੍ਰੇਟਿਵ ਡੇਅਰੀ ਵਿੱਚ ਗੋਬਰ ਦਾ ਉਪਯੋਗ ਔਰਗੈਨਿਕ ਖਾਦ ਅਤੇ ਗੈਸ ਬਣਾਉਣ ਦੇ ਲਈ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕੁਝ ਅਜਿਹੀ ਵਿਵਸਥਾ ਕੀਤੀ ਜਾਵੇਗੀ ਜਿਸ ਨਾਲ ਪਿੰਡ ਵਿੱਚ ਦੁੱਧ ਉਤਪਾਦਨ ਦਾ ਕੰਮ ਕਰਨ ਵਾਲੇ 500 ਪਰਿਵਾਰਾਂ ਵਿੱਚੋਂ 400 ਪਰਿਵਾਰ ਕੋਆਪ੍ਰੇਟਿਵ ਨਾਲ ਜੁੜੇ ਹੋਣਗੇ।

ਉਨ੍ਹਾਂ ਦੇ ਪਸ਼ੂ ਦੇ ਗੋਬਰ ਦਾ ਕੰਮ ਵੀ ਕੋਆਪ੍ਰੇਟਿਵ ਨੂੰ ਦੇ ਦਿੱਤਾ



ਜਾਵੇਗਾ। ਪਸ਼ੂਆਂ ਦੇ ਟੀਕਾਕਰਣ ਦਾ ਕੰਮ ਵੀ ਕੀਤਾ ਜਾਵੇਗਾ। ਆਗਾਮੀ 6 ਮਹੀਨੇ ਵਿੱਚ ਇਹ ਸਾਰੀਆਂ ਯੋਜਨਾਵਾਂ ਠੋਸ ਤੌਰ ‘ਤੇ ਲੈ ਕੇ ਸਹਿਕਾਰੀ ਸੰਸਥਾਵਾਂ ਤੱਕ ਪਹੁੰਚ ਜਾਣਗੀਆਂ। ਉਨ੍ਹਾਂ ਨੇ ਦੁੱਧ ਉਤਪਾਦਕ ਮੰਡੀਆਂ ਨੂੰ ਤਾਕੀਦ ਕੀਤੀ ਕਿ ਉਹ ਆਪਣੀ ਕੋਆਪ੍ਰੇਟਿਵ ਸੰਸਥਾ ਵਿੱਚ ਤ੍ਰਿਭੁਵਨ ਦਾਸ ਦੀ ਤਸਵੀਰ ਲਗਾਓ ਤਾਕਿ ਲੋਕ ਗੁਜਰਾਤ ਵਿੱਚ ਸਹਿਕਾਰੀ ਖੇਤਰ ਨਾਲ ਜੁੜੀਆਂ ਮਹਿਲਾਵਾਂ ਨੂੰ ਸਮ੍ਰਿੱਧ ਬਣਾਉਣ ਵਾਲੇ ਵਿਅਕਤੀ ਤੋਂ ਜਾਣੂ ਹੋਣ। ਉਨ੍ਹਾਂ ਨੇ ਕਿਹਾ ਕਿ ਆਨੰਦ ਵਿੱਚ ਨੈਸ਼ਨਲ ਡੇਅਰੀ ਡਿਵੈਲਪਮੈਂਟ ਬੋਰਡ ਦੀ ਸਥਾਪਨਾ ਨਾਲ ਦੁੱਧ ਉਤਪਾਦਨ ਦੇ ਖੇਤਰ ਵਿੱਚ ਸ਼ੁਰੂ ਹੋਈ ਸਹਿਕਾਰੀ ਗਤੀਵਿਧੀ ਅੱਜ 19 ਰਾਜਾਂ ਤੱਕ ਫੈਲ ਚੁੱਕੀ ਹੈ।

ਕੇਂਦਰੀ ਸਹਿਕਾਰਤਾ ਮੰਤਰੀ ਨੇ ਕਿਹਾ ਕਿ ਪੈਕਸ ਨੂੰ ਸੀਐੱਸਸੀ, ਮਾਈਕ੍ਰੋ ਏਟੀਐੱਮ, ਹਰ ਘਰ ਨਲ, ਬੈਂਕ ਮਿਤ੍ਰ ਲਗਭਗ 25 ਹੋਰ ਗਤੀਵਿਧੀਆਂ ਨਾਲ ਜੋੜਿਆ ਗਿਆ ਹੈ। ਪੈਕਸ ਦੇ ਬਾਇਲੌਜ ਵਿੱਚ ਸੰਸ਼ੋਧਨ ਦੇ ਬਾਅਦ ਪੂਰੇ ਦੇਸ਼ਭਰ ਦੇ ਡਿਸਟ੍ਰਿਕਟ ਕੋਆਪਰੇਟਿਵ ਬੈਂਕ ਦੇ ਇੰਸਪੈਕਟਰਸ ਦੀ ਟ ?ਰੇਨਿੰਗ ਹੋ ਚੁੱਕੀ ਹੈ। ਪੈਕਸ ਨਾਲ ਜੁੜੇ ਲੋਕਾਂ ਨੂੰ ਇੰਸਪੈਕਟਰਸ ਨਾਲ ਗੱਲ ਕਰਕੇ ਨਵੇਂ ਬਦਲਾਅ ਬਾਰੇ ਜਾਣਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਪੈਕਸ ਨਾਲ ਰੈਵੇਨਿਊ ਦੀ ਵੀ ਪ੍ਰਾਪਤੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਜਨ ਔਸ਼ਧੀ ਕੇਂਦਰ ਦੀਆਂ ਸੇਵਾਵਾਂ ਦੇ ਰਹੇ ਪੈਕਸ ਨੂੰ ਪਿੰਡ ਵਿੱਚ ਲੋਕਾਂ ਨੂੰ ਇਸ ਬਾਰੇ ਲੋੜੀਂਦੀ ਜਾਗਰੂਕਤਾ ਪੈਦਾ ਕਰਨਾ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਜਨ ਔਸ਼ਧੀ ਕੇਂਦਰ ਦੀਆਂ ਸੇਵਾਵਾਂ ਦੇ ਰਹੇ ਪੈਕਸ ਨੂੰ ਪਿੰਡ ਵਿੱਚ ਲੋਕਾਂ ਨੂੰ ਇਸ ਬਾਰੇ ਲੋੜੀਂਦੀ ਜਾਗਰੂਕਤਾ ਪੈਦਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਕੇਂਦਰ ਵਿੱਚ ਬਜ਼ਾਰ ਦਰ ਦੀ ਤੁਲਨਾ ਵਿੱਚ ਬਹੁਤ ਕਿਫਾਇਤੀ ਦਵਾਈਆਂ ਉਪਲਬਧ ਹਨ।

ਸ਼ਰੀ ਅਮਿਤ ਸ਼ਾਹ ਨੇ ਕਿਹਾ ਕਿ ਜੇਕਰ ਮੱਕੀ ਅਤੇ ਦਾਲਾਂ ਦੀ ਖੇਤੀ ਕਰਨ ਵਾਲੇ ਕਿਸਾਨ ਐੱਨਸੀਸੀਐੱਫ ਦੇ ਐਪ ‘ਤੇ ਰਜਿਸਟ ?ਰੇਸ਼ਨ ਕਰਦੇ ਹਨ ਤਾਂ ਨਾਬਾਰਡ ਅਤੇ ਐੱਨਸੀਸੀਐੱਫ ਕਿਸਾਨਾਂ ਤੋਂ ਨਿਊਨਤਮ ਸਮਰਥਨ ਮੁੱਲ ‘ਤੇ ਮੱਕੀ ਅਤੇ ਦਾਲਾਂ ਦੀ ਖਰੀਦ ਕਰ ਸਕਦੇ ਹਾਂ ਅਤੇ ਜੇਕਰ ਕਿਸਾਨ ਨੂੰ ਜ਼ਿਆਦਾ ਮੁੱਲ ਬਜ਼ਾਰ ਵਿੱਚ ਮਿਲ ਰਿਹਾ ਹੋਵੇ ਤਾਂ ਉਹ ਬਜ਼ਾਰ ਵਿੱਚ ਵੀ ਆਪਣੀ ਫਸਲ ਵੇਚ ਸਕਦਾ ਹੈ।

‘ਸਹਿਕਾਰ ਸੰਵਾਦ’ ਵਿੱਚ ਸ਼ ?ਰੀ ਅਮਿਤ ਸ਼ਾਹ ਨੇ ਕਿਹਾ ਕਿ ਉਹ ਹੁਣ ਰਿਟਾਇਰ ਹੋਣਗੇ ਤਾਂ ਵੇਦ, ਉਪਨਿਸ਼ਦ ਅਤੇ ਕੁਦਰਤੀ ਖੇਤੀ ਵਿੱਚ ਆਪਣਾ ਸਮਾਂ ਬਤੀਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਕੁਦਰਤੀ ਖੇਤੀ ਇੱਕ ਵਿਗਿਆਨੀ ਪ੍ਰਯੋਗ ਹੈ ਜੋ ਕਈ ਪ੍ਰਕਾਰ ਦੇ ਫਾਇਦੇ ਦਿੰਦਾ ਹੈ। ਫਰਟੀਲਾਈਜ਼ਰ ਵਾਲੀ ਕਣਕ ਖਾਣ ਨਾਲ ਬੀਪੀ ਵਧਦਾ ਹੈ, ਡਾਇਬੀਟੀਜ਼ ਹੁੰਦੀ ਹੈ, ਥਾਇਰਾਇਡ ਦੀ ਪ੍ਰੌਬਲਮ ਆਉਂਦੀ ਹੈ। ਲੇਕਿਨ ਫਰਟੀਲਾਈਜ਼ਰ ਅਤੇ ਕੈਮੀਕਲ ਰਹਿਤ ਖਾਣਾ ਖਾਣ ਨਾਲ ਦਵਾਈਆਂ ਦੀ ਜ਼ਰੂਰਤ ਹੀ ਨਹੀਂ ਪਵੇਗੀ। ਇਸ ਦੇ ਇਲਾਵਾ, ਕੁਦਰਤੀ ਖੇਤੀ ਨਾਲ ਉਤਪਾਦਨ ਵਧਦਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਖੇਤਾਂ ਵਿੱਚ ਕੁਦਰਤੀ ਖੇਤੀ ਅਪਣਾਈ ਹੈ ਅਤੇ ਉਤਪਾਦਨ ਵਿੱਚ ਲਗਭਗ ਡੇਢ ਗੁਣਾ ਵਾਧਾ ਦੇਖਿਆ ਹੈ। ਸ਼ ?ਰੀ ਸ਼ਾਹ ਨੇ ਕਿਹਾ ਕਿ ਯੂਰੀਆ, ਡੀਏਪੀ ਅਤੇ ਐੱਮਪੀਕੇ ਦੇ ਵੱਡੇ-ਵੱਡੇ ਕਾਰਖਾਨੇ ਹਨ। ਲੇਕਿਨ ਕੁਦਰਤੀ ਖੇਤੀ ਕੀਤੀ ਜਾਵੇ ਤਾਂ ਗੰਡੋਏ (earthworms) ਹੀ ਯੂਰੀਆ, ਡੀਏਪੀ ਅਤੇ ਐੱਮਪੀਕੇ ਦਾ ਕੰਮ ਕਰਦੇ ਹਨ।

ਗੰਡੋਏ ਮਿੱਟੀ ਖਾਂਦੇ ਹਨ ਅਤੇ ਖਾਦ ਬਣਾ ਕੇ ਬਾਹਰ ਕੱਢਦੇ ਹਨ। ਉਨ੍ਹਾਂ ਨੇ ਕਿਹਾ ਕਿ ਕੁਦਰਤੀ ਖੇਤੀ ਕਰਨ ਨਾਲ ਧਰਤੀ ਦਾ ਨੁਕਸਾਨ ਨਹੀਂ ਹੁੰਦਾ, ਪਾਣੀ ਦਾ ਵੀ ਬਚਾਅ ਹੁੰਦਾ ਹੈ ਅਤੇ ਲੋਕਾਂ ਦੀ ਸਿਹਤ ਵੀ ਚੰਗੀ ਰਹਿੰਦੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਸਹਿਕਾਰਤਾ ਮੰਤਰਾਲੇ ਨੇ ਕੁਦਰਤੀ ਖੇਤੀ ਦੇ ਜ਼ਰੀਏ ਉਪਜ ਅਨਾਜ ਦੀ ਖਰੀਦ ਦੇ ਲਈ ਰਾਸ਼ਟਰੀ ਪੱਧਰ ਦੀ ਸਹਿਕਾਰੀ ਸੰਸਥਾ ਬਣਾਈ ਹੈ। ਇਸ ਦੇ ਇਲਾਵਾ, ਕਿਸਾਨਾਂ ਦੀ ਫਸਲ ਦੇ ਨਿਰਯਾਤ ਦੇ ਲਈ ਸਹਿਕਾਰੀ ਸੰਸਥਾ ਬਣਾਈ ਹੈ ਅਤੇ ਨਿਰਯਾਤ ਨਾਲ ਹੋਣ ਵਾਲੇ ਮੁਨਾਫੇ ਦੀ ਰਕਮ ਸਿੱਧਾ ਕਿਸਾਨ ਦੇ ਬੈਂਕ ਖਾਤੇ ਵਿੱਚ ਭੇਜਣ ਦੀ ਵਿਵਸਥਾ ਕੀਤੀ ਗਈ ਹੈ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ, ਸ਼ ?ਰੀ ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਦਾ ਗ੍ਰਹਿ ਮੰਤਰੀ ਹੋਣਾ ਬਹੁਤ ਵੱਡੀ ਗੱਲ ਹੁੰਦੀ ਹੈ, ਕਿਉਂਕਿ ਸਰਦਾਰ ਪਟੇਲ ਸਾਹੇਬ ਵੀ ਗ੍ਰਹਿ ਮੰਤਰੀ ਸੀ। ਲੇਕਿਨ ਜਿਸ ਦਿਨ ਮੈਨੂੰ ਸਹਿਕਾਰਤਾ ਮੰਤਰੀ ਬਣਾਇਆ ਗਿਆ, ਮੈਂ ਮੰਨਦਾ ਹਾਂ ਕਿ ਉਸ ਦਿਨ ਗ੍ਰਹਿ ਮੰਤਰਾਲੇ ਤੋਂ ਵੀ ਵੱਡਾ ਡਿਪਾਰਟਮੈਂਟ ਮੈਨੂੰ ਮਿਲ ਗਿਆ। ਇਹ ਅਜਿਹਾ ਮੰਤਰਾਲਾ ਹੈ ਜੋ ਦੇਸ਼ ਦੇ ਗ਼ਰੀਬਾਂ, ਕਿਸਾਨਾਂ, ਪਿੰਡਾਂ ਅਤੇ ਪਸ਼ੂਆਂ ਦੇ ਲਈ ਕੰਮ ਕਰਦਾ ਹੈ।

ਸ਼ਰੀ ਅਮਿਤ ਸ਼ਾਹ ਨੇ ‘ਸਹਿਕਾਰ ਸੰਵਾਦ’ ਦੌਰਾਨ ਕਿਹਾ ਕਿ ਊਂਠਨੀ ਦੇ ਦੁੱਧ ਦੇ ਔਸ਼ਧੀ ਗੁਣਾਂ ਦਾ ਪਤਾ ਲਗਾਉਣ ਦੇ ਲਈ ਖੋਜ ਕਾਰਜ ਜਾਰੀ ਹੈ। ਊਂਠਨੀ ਦੇ ਦੁੱਧ ਦੇ ਔਸ਼ਧੀ ਗੁਣਾਂ ਦਾ ਉਪਯੋਗ ਕਰਕੇ ਊਂਠ ਪਾਲਨ ਕਰਨ ਵਾਲਿਆਂ ਨੂੰ ਦੁੱਧ ਦੀ ਜ਼ਿਆਦਾ ਕੀਮਤ ਦਿਵਾਉਣ ਦੇ ਉਦੇਸ਼ ਨਾਲ ਰਾਜਸਥਾਨ ਸਰਕਾਰ ਅਤੇ ਗੁਜਰਾਤ ਸਰਕਾਰ ਮਿਲ ਕੇ ਜਲਦ ਹੀ ਇੱਕ ਯੋਜਨਾ ਲਿਆਉਣ ਵਾਲੀ ਹੈ। ਜਦੋਂ ਊਂਠ ਪਾਲਨ ਅਤੇ ਊਂਠ ਦੇ ਦੁੱਧ ਦਾ ਰੇਟ ਵਧੇਗਾ ਤਾਂ ਸੁਭਾਵਿਕ ਤੌਰ ‘ਤੇ ਉਨ੍ਹਾਂ ਦੀ ਨਸਲ ਦੀ ਸੰਭਾਲ ਵਿੱਚ ਬਹੁਤ ਫਾਇਦਾ ਹੋਵੇਗਾ।

## ਰੇਲਵੇ ਸਟੇਸ਼ਨ ਬਟਾਲਾ ਵਿਖੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੰਦ



**ਬਟਾਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋ ‘ਯੁੱਧ ਨਸ਼ਿਆਂ ਵਿਰੁੱਧ’ ਚਲਾਈ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਅੰਦਰ ਚੱਲ ਰਹੀ ਹੈ। ਅੱਜ ਕਮਿਸ਼ਨਰ ਨਗਰ ਨਿਗਮ ਬਟਾਲਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੇਲਵੇ ਸਟੇਸ਼ਨ ਬਟਾਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਨਗਰ ਨਿਗਮ ਬਟਾਲਾ ਦੀ ‘ਯੁੱਧ ਨਸ਼ਿਆ ਵਿਰੁੱਧ’ ਟੀਮ ਵੱਲੋ ਲੋਕਾਂ ਨੂੰ ਨਸ਼ਿਆ ਨਾਲ ਹੋਣ ਵਾਲੇ ਨੁਕਸਾਨ ਅਤੇ ਬਿਮਾਰੀਆਂ ਆਦਿ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿੱਤਾ। ਉਨਾਂ ਦੱਸਿਆ ਕਿ ਨਸ਼ਾ ਪੀੜਤਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫਤ ਇਲਾਜ ਕਰਵਾਇਆ ਜਾਂਦਾ ਹੈ। ਇਸ ਮੌਕੇ ਮੁੱਖ ਮੰਤਰੀ ਪੰਜਾਬ ਵਲੋਂ ਜਾਰੀ ਵਟਸ ਐਪ ਨੰਬਰ (97791-00200 ਬਾਰੇ ਜਾਣਕਾਰੀ ਦਿੱਤੀ ਗਈ ਕਿ ਇਸ ਨੰਬਰ ’ਤੇ ਨਸ਼ਿਆਂ ਵਿਰੁੱਧ ਜਾਣਕਾਰੀ ਦਿੱਤੀ ਜਾ ਸਕਦੀ ਹੈ ਅਤੇ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

ਇਸ ਮੌਕੇ ਲੋਕਾਂ ਵਲੋਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਸਹਿਯੋਗ ਕੀਤਾ ਜਾਵੇ।

ਨਗਰ ਨਿਗਮ ਦੀ ਟੀਮ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਸਰਕਾਰ ਦਾ ਸਹਿਯੋਗ ਕਰਨ ਅਤੇ ਨਸ਼ਿਆਂ ਨੂੰ ਜੜੋਂ ਖਤਮ ਕਰਨ ਲਈ ਅੱਗੇ ਆਉਣ ਉਨ੍ਹਾਂ ਦੱਸਿਆ ਕਿ ’ਯੁੱਧ ਨਸ਼ਿਆ ਵਿਰੁੱਧ’ ਮੁਹਿੰਮ ਤਹਿਤ ਨਅਗਲਾ ਕੈਂਪ 14 ਜੁਲਾਈ ਨੂੰ ਡੀ.ਏ.ਵੀ.ਸਕੂਲ ਮੁਰਗੀ ਮੁਹੱਲਾ ਬਟਾਲਾ ਵਿਖੇ ਲਗਾਇਆ ਜਾਵੇਗਾ।

ਇਸ ਕੈਂਪ ਵਿੱਚ ਰੇਲਵੇ ਵਿਭਾਗ ਦੇ ਕਰਮਚਾਰੀ, ਸੁਪਰਡੈਂਟ ਪਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਜਬੀਰ ਡੋਗਰਾ,ਰਾਜਬੀਰ ਕੌਰ ਧਰਮਜੀਤ ਸਿੰਘ, ਰਜੇਸ਼ ਮਸੀਹ ਤੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ।



• ਡਾ. ਰਣਜੀਤ ਸਿੰਘ
94170-87328

*ਕੋਈ ਸਮਾਂ ਸੀ ਜਦੋਂ ਅੰਬ ਪੰਜਾਬ ਦਾ ਮੁੱਖ ਫਲ ਹੁੰਦਾ ਸੀ। ਅੰਬਾਲੇ ਤੋਂ ਲੈ ਕੇ ਗੁਰਦਾਸਪੁਰ ਤਕ ਇਸ ਦੇ ਬਗ਼ੀਚੇ ਸਨ। ਦੁਆਬੇ ਨੂੰ ਤਾਂ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ...*



## ਪੰਜਾਬ ਦੇ ਮੁੱਖ ਫਲ
# ਫਲਾਂ ਦਾ ਰਾਜਾ ਅੰਬ

ਪੰਜਾਬ 'ਚ ਬੂਟੇ ਲਗਾਉਣ ਦੇ ਦੋ ਮੌਸਮ ਹਨ ਫਰਵਰੀ-ਮਾਰਚ ਤੇ ਅਗਸਤ-ਸਤੰਬਰ।।ਪੰਜਾਬ ਵਿਚ ਕਰੀਬ 76,600 ਹੈਕਟੇਅਰ ਰਕਬੇ 'ਚ ਫਲਾਂ ਦੇ ਰੁੱਖ ਹਨ। ਇਨ੍ਹਾਂ ਵਿੱਚੋਂ ਵੀ ਅੱਧਾ ਰਕਬਾ ਸਿਰਫ਼ ਕਿੰਨੂ ਹੇਠ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਫਲਾਂ ਦੇ ਬਗ਼ੀਚੇ ਲਗਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਹਰ ਜ਼ਿਲ੍ਹੇ 'ਚ ਘੱਟੋ ਘੱਟ ਦੋ ਪਿੰਡ ਚੁਣੇ ਗਏ, ਜਿੱਥੇ ਪੱਛਮੀ ਪੰਜਾਬ ਤੋਂ ਆਏ ਕਿਸਾਨਾਂ ਨੂੰ ਵਸਾਇਆ ਗਿਆ ਸੀ। ਇਨ੍ਹਾਂ ਨੂੰ ਗਾਰਡਨ ਕਲੋਨੀਆਂ ਦਾ ਨਾਂ ਦਿੱਤਾ ਗਿਆ ਸੀ। ਵਸੋਂ ਦੇ ਵਾਧੇ ਨਾਲ ਫਲਾਂ ਦੀ ਮੰਗ ਵਿਚ ਕਾਫ਼ੀ ਵਾਧਾ ਹੋਇਆ ਹੈ। ਇਸ ਸਮੇਂ ਪੰਜਾਬ ਵਿਚ ਫਲਾਂ ਦੇ ਉਤਪਾਦਨ ਅਤੇ ਮੰਗ ਵਿਚ ਕਾਫ਼ੀ ਅੰਤਰ ਹੈ। ਇਸ ਲਈ ਫਲਾਂ ਹੇਠ ਰਕਬੇ ਨੂੰ ਵਧਾਏ ਜਾਣ ਦੀ ਲੋੜ ਹੈ। ਅੱਜ ਅਸੀਂ ਤੁਹਾਨੂੰ 'ਫਲਾਂ ਦੇ ਰਾਜਾ' ਅੰਬ ਬਾਰੇ ਜਾਣਕਾਰੀ ਦੇ ਰਹੇ ਹਾਂ। ਕਦੇ ਅੰਬ ਪੰਜਾਬ ਦਾ ਮੁੱਖ ਫਲ ਸੀ। ਅੰਬਾਲੇ ਤੋਂ ਲੈ ਕੇ ਗੁਰਦਾਸਪੁਰ ਤਕ ਇਸ ਦੇ ਬਗ਼ੀਚੇ ਸਨ। ਦੁਆਬੇ ਨੂੰ ਤਾਂ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ।

### ਕਿਹੜੇ ਤੇਰੇ ਅੰਬ ਤੋੜ ਲਏ

ਲੋਕ ਸਾਹਿਤ ਵਿਚ ਵੀ ਅੰਬਾਂ ਦਾ ਕਈ ਥਾਈਂ ਜ਼ਿਕਰ ਆਇਆ ਹੈ। 'ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ਼ ਦੋਆਬਾ' ਤਾਂ ਬੱਚੇ-ਬੱਚੇ ਨੂੰ ਯਾਦ ਹੈ। ਹੁਸ਼ਿਆਰਪੁਰ ਵਿਚ ਤਾਂ ਹਰ ਕਿਸਾਨ ਦੇ ਖੇਤਾਂ ਵਿਚ ਇਕ ਦੋ ਬੂਟੇ ਅੰਬਾਂ ਦੇ ਜ਼ਰੂਰ ਹੁੰਦੇ ਸਨ। ਇਹ ਵੀ ਆਖਿਆ ਜਾਂਦਾ ਸੀ ਕਿ ਹੁਸ਼ਿਆਰਪੁਰੀਏ ਅੰਬੀਆਂ ਪੈਂਦਿਆਂ ਸਾਰ ਤੌੜੀਆਂ ਛਿੱਕੇ ਟੰਗ ਦਿੰਦੇ ਹਨ, ਭਾਵ ਰੋਟੀ ਖਾਣ ਲਈ ਅੰਬਾਂ ਤੋਂ ਬਣੇ ਪਦਾਰਥਾਂ ਦੀ ਹੀ ਵਰਤੋਂ ਕੀਤੀ ਜਾਂਦੀ ਸੀ। ਕੱਚੇ ਅੰਬਾਂ ਦਾ ਅਚਾਰ, ਅੰਬਰਸ ਤੇ ਹੋਰ ਕਈ ਕੁਝ ਬਣਦਾ ਸੀ। ਬੱਚਿਆਂ ਵੱਲੋਂ ਚੋਰੀ-ਛਿੱਪੇ ਅੰਬੀਆਂ ਤੋੜਨ ਦਾ ਵੀ ਯਤਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ 'ਕਿਹੜੇ ਤੇਰੇ ਅੰਬ ਤੋੜ ਲਏ, ਕਾਹਨੂੰ ਮਾਰਦੈਂ ਜੱਟਾ ਲਲਕਾਰੇ' ਵੀ ਲੋਕਾਂ ਦੀ ਜ਼ੁਬਾਨ 'ਤੇ ਰਹਿੰਦਾ ਸੀ।

ਇਸ ਤੋਂ ਇਲਾਵਾ 'ਮੈਂ ਅੰਬ ਚੂਪਦੀ ਜਾਵਾਂ ਵੇ ਛਤਰੀ ਦੀ ਛਾਂ ਕਰ ਦੇ' ਗੀਤ ਤਾਂ ਲੰਬੇ ਸਮੇਂ ਤਕ ਰੇਡੀਓ ਤੋਂ ਸੁਣਾਈ ਦਿੰਦਾ ਰਿਹਾ ਹੈ। ਇਹ ਲੋਕ ਬੋਲੀਆਂ ਅਤੇ ਗੀਤ ਅੰਬ ਦੀ ਅਹਿਮੀਅਤ ਨੂੰ ਪ੍ਰਗਟ ਕਰਦੇ ਹਨ।

### ਉੱਤਮ ਕਿਸਮਾਂ

ਮੁਰੱਬੇਬੰਦੀ ਸਮੇਂ ਅੰਬਾਂ ਦੇ ਲਗਭਗ ਸਾਰੇ ਹੀ ਬਗ਼ੀਚੇ ਪੁੱਟੇ ਗਏ। ਪੰਜਾਬ ਚੂਪਣ ਵਾਲੇ ਅੰਬਾਂ ਲਈ ਪ੍ਰਸਿੱਧ ਸੀ। ਚੂਪਣ ਵਾਲੇ ਅੰਬਾਂ ਵਿਚ ਵਧੇਰੇ ਖ਼ੁਰਾਕੀ ਤੱਤ ਹੁੰਦੇ ਹਨ ਅਤੇ ਇਹ ਆਸਾਨੀ ਨਾਲ ਪਚ ਜਾਂਦੇ ਹਨ। ਡਾ. ਮਹਿੰਦਰ ਸਿੰਘ ਰੰਧਾਵਾ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਤ ਹੋਣ ਕਾਰਨ ਅੰਬਾਂ ਦੇ ਬਹੁਤ ਸ਼ੌਕੀਨ ਸਨ। ਜਦੋਂ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ ਤਾਂ ਉਨ੍ਹਾਂ ਨੇ ਦੇਸੀ ਅੰਬਾਂ ਦੀ ਸਾਂਭ ਸੰਭਾਲ ਅਤੇ ਖੋਜ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਗੰਗੀਆਂ ਵਿਖੇ ਇਕ ਖੋਜ ਕੇਂਦਰ ਬਣਵਾਇਆ। ਇਸ ਕੇਂਦਰ ਦੇ ਵਿਗਿਆਨੀਆਂ ਨੇ ਦੇਸੀ ਅੰਬਾਂ ਦੀਆਂ 19 ਵੰਨਗੀਆਂ ਇਕੱਠੀਆਂ ਕੀਤੀਆਂ।।ਇਨ੍ਹਾਂ ਵਿੱਚੋਂ 8 ਕਿਸਮਾਂ ਦੇ ਬੂਟੇ ਤਿਆਰ ਕਰ ਕੇ ਕਿਸਾਨਾਂ ਨੂੰ ਲਗਾਉਣ ਲਈ ਦਿੱਤੇ ਜਾ ਰਹੇ ਹਨ।

ਗੰਗੀਆਂ ਸੰਧੂਰੀ, ਸੀਐੱਨ-1 ਤੋਂ ਸੀਐੱਨ-7 ਚੂਪਣ ਵਾਲੇ ਅੰਬਾਂ ਦੀਆਂ ਵਧੀਆ ਕਿਸਮਾਂ ਹਨ। ਕਲਮੀ ਅੰਬਾਂ ਦੀ ਪੰਜਾਬ ਵਿਚ ਕਾਸ਼ਤ ਲਈ ਦੁਸਹਿਰੀ, ਲੰਗੜਾ, ਅਲਫੈਨਜ਼ੋ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਸਦਾਬਹਾਰ ਰੁੱਖ ਹੋਣ ਕਰਕੇ ਅੰਬਾਂ ਦੇ ਬੂਟੇ ਵੀ ਦੋਵਾਂ ਮੌਸਮਾਂ ਵਿਚ ਲਗਾਏ ਜਾ ਸਕਦੇ ਹਨ। ਅੰਬ ਜੂਨ ਤੋਂ ਅਗਸਤ ਤਕ ਪੱਕਦੇ ਹਨ। ਅੰਬ ਵਿਚ ਵਿਟਾਮਿਨ-ਏ, ਵਿਟਾਮਿਨ-ਸੀ ਅਤੇ ਲੋਹਾ ਭਰਪੂਰ ਮਾਤਰਾ ਵਿਚ ਹੁੰਦਾ ਹੈ। •

## ਸਵਾਲ-ਜਵਾਬ

*'ਪੰਜਾਬੀ ਜਾਗਰਣ' ਵੱਲੋਂ ਕਿਸਾਨਾਂ ਦੀਆਂ ਖੇਤੀ ਸਬੰਧੀ ਸਮੱਸਿਆਵਾਂ ਦੇ ਹੱਲ ਲਈ ਸਵਾਲ-ਜਵਾਬ ਦਾ ਸਿਲਸਿਲਾ ਸ਼ੁਰੂ ਕੀਤਾ ਜਾ ਰਿਹਾ ਹੈ। ਕਿਸਾਨ ਵੀਰ ਸੋਮਵਾਰ ਤੋਂ ਵੀਰਵਾਰ ਤਕ, ਦੁਪਹਿਰ 1:00 ਵਜੇ ਤੋਂ ਸ਼ਾਮ 5:00 ਵਜੇ ਤਕ ਫੋਨ ਨੰਬਰ 0181-660 6800, 3985700 'ਤੇ ਸੰਪਰਕ ਕਰ ਕੇ ਆਪਣੀ ਸਮੱਸਿਆ ਨੋਟ ਕਰਵਾ ਸਕਦੇ ਹਨ। ਅਸੀਂ ਮਾਹਿਰਾਂ ਪਾਸੋਂ ਇਸ ਸਬੰਧੀ ਰਾਏ ਪ੍ਰਾਪਤ ਕਰ ਕੇ ਸੋਮਵਾਰ ਦੇ 'ਹਰਿਆਵਲ' ਅੰਕ ਵਿਚ ਇਸ ਦਾ ਹੱਲ ਪ੍ਰਕਾਸ਼ਿਤ ਕਰਿਆ ਕਰਾਂਗੇ।*

• ਡਾ. ਬਲਵਿੰਦਰ ਸਿੰਘ ਢਿੱਲੋਂ,
ਡਾ. ਅਜੀਤਪਾਲ ਸਿੰਘ ਧਾਲੀਵਾਲ
94654-20097



## ਤੰਦਰੁਸਤੀ ਲਈ ਵਡਮੁੱਲੀ ਲੋੜ
# ਜੈਵਿਕ ਦੁੱਧ ਉਤਪਾਦਨ

ਜੈਵਿਕ ਖੇਤੀ 'ਚ ਰਸਾਇਣ ਵਰਤਣ ਦੀ ਮਨਾਹੀ ਹੈ ਤੇ ਇਸ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਫ਼ਸਲਾਂ ਨੂੰ ਲੋੜੀਂਦੇ ਖ਼ੁਰਾਕੀ ਤੱਤਾਂ ਦੀ ਪੂਰਤੀ ਲਈ ਫ਼ਸਲੀ ਚੱਕਰਾਂ, ਫ਼ਸਲੀ ਰਹਿੰਦ-ਖੂੰਹਦ, ਰੂੜੀ ਦੀ ਖਾਦ, ਕੰਪੋਸਟ, ਫਲੀਦਾਰ ਫ਼ਸਲਾਂ ਤੇ ਹਰੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜੈਵਿਕ ਦੁੱਧ ਤਿਆਰ ਕਰਨ ਲਈ ਜ਼ਰੂਰੀ ਹੈ ਕਿ ਜੈਵਿਕ ਮਿਆਰਾਂ ਦੀ ਪਾਲਣਾ ਕੀਤੀ ਜਾਵੇ :

### ਜੈਵਿਕ ਦੁੱਧ ਦੇ ਲਾਭ

ਜੈਵਿਕ ਦੁੱਧ 'ਚ ਜ਼ਿਆਦਾ ਲਾਭਕਾਰੀ ਫੈਟੀ ਐਸਿਡ ਓਮੇਗਾ-3 ਤੇ ਘੱਟ ਨੁਕਸਾਨਦੇਹ ਓਮੇਗਾ-6 ਹੈ। ਓਮੇਗਾ-3 ਜ਼ਰੂਰੀ ਫੈਟੀ ਐਸਿਡ ਹੈ ਜੋ ਸਿਹਤ ਦੇ ਵਿਕਾਸ ਲਈ ਜ਼ਰੂਰੀ ਹੈ। ਇਸ ਦੀ ਘਾਟ ਨਾਲ ਵੱਖ-ਵੱਖ ਸਿਹਤ ਸਮੱਸਿਆਵਾਂ ਵਧ ਜਾਂਦੀਆਂ ਹਨ। ਓਮੇਗਾ-3 ਦੀ ਲਗਾਤਾਰ ਵਰਤੋਂ ਨਾਲ ਕਈ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਇਹ ਦਿਲ ਦੀਆਂ ਬਿਮਾਰੀਆਂ, ਚਮੜੀ ਰੋਗ ਚੰਬਲ ਜਾਂ ਐਗਜ਼ੀਮਾ, ਕੈਂਸਰ, ਗਠੀਆ ਆਦਿ ਨੂੰ ਘਟਾਉਣ 'ਚ ਮਦਦ ਕਰਦਾ ਹੈ। ਜੈਵਿਕ ਦੁੱਧ ਵਿਚ ਵਧੇਰੇ ਮਾਤਰਾ 'ਚ ਸੰਗਠਿਤ ਲਿਨੋਲੀਏਕ ਐਸਿਡ ਹੁੰਦੇ ਹਨ। ਇਹ ਐਸਿਡ ਪਾਚਣ ਸਕਤੀ, ਰੋਗਾਂ ਨਾਲ ਲੜਨ ਦੀ ਸ਼ਕਤੀ ਅਤੇ ਮਾਸਪੇਸ਼ੀਆਂ ਦੇ ਵਿਕਾਸ ਨੂੰ ਵਧਾਉਂਦਾ ਹੈ। ਇਹ ਪੇਟ ਦੀ ਚਰਬੀ, ਕੋਲੈਸਟਰੋਲ ਤੇ ਐਲਰਜੀ ਵਰਗੀਆਂ ਸਮੱਸਿਆਵਾਂ ਨੂੰ ਵੀ ਘੱਟ ਕਰਦਾ ਹੈ। ਜੈਵਿਕ ਪਸ਼ੂ, ਜੈਵਿਕ ਤਰੀਕੇ ਨਾਲ ਤਿਆਰ ਕੀਤਾ ਗਿਆ ਹਰਾ ਚਾਰਾ, ਪਸ਼ੂ-ਖ਼ੁਰਾਕ ਖਾਂਦੇ ਹਨ, ਜਿਸ ਨਾਲ ਦੁੱਧ ਖ਼ਤਰਨਾਕ ਰਸਾਇਣਾਂ, ਜਿਵੇਂ ਕੀਟਨਾਸ਼ਕ, ਖਾਦ ਤੇ ਹਾਰਮੋਨਜ਼ ਦੇ ਰਹਿੰਦ-ਖੂੰਹਦ ਨਾਲ ਦੂਸ਼ਿਤ ਨਹੀਂ ਹੁੰਦਾ। ਇਸ ਤੋਂ ਇਲਾਵਾ ਪੌਸ਼ਟਿਕ ਤੌਰ 'ਤੇ ਗੁਣਕਾਰੀ ਇਸ ਦੁੱਧ ਵਿਚ ਐਂਟੀਬਾਇਓਟਿਕਸ, ਜੀਐੱਮ ਫੀਡ, ਯੂਰੀਆ ਜਾਂ ਪ੍ਰੋਟੀਨ ਹਾਰਮੋਨਜ਼ ਸ਼ਾਮਲ ਨਹੀਂ ਹੁੰਦੇ ਕਿਉਂਕਿ ਇਨ੍ਹਾਂ ਨੂੰ ਦੁੱਧ ਦਾ ਉਤਪਾਦਨ ਵਧਾਉਣ ਲਈ ਪਸ਼ੂਆਂ ਨੂੰ ਨਹੀਂ ਦਿੱਤਾ ਜਾਂਦਾ। ਜੈਵਿਕ ਦੁੱਧ 'ਚ ਗ਼ੈਰ-ਜੈਵਿਕ ਦੁੱਧ ਨਾਲੋਂ ਲੂਟੀਨ (Lutein) ਤੇ ਜ਼ੈਕਸਿੰਟਨ (Zeaxanthin) ਵਰਗੇ ਐਂਟੀ-ਆਕਸੀਡੈਂਟ ਦੀ ਦੋ ਤੋਂ ਤਿੰਨ ਗੁਣਾ ਜ਼ਿਆਦਾ ਮਾਤਰਾ ਹੁੰਦੀ ਹੈ। ਅੱਖਾਂ ਦੀਆਂ ਬਿਮਾਰੀਆਂ ਨੂੰ ਰੋਕਣ 'ਚ ਲੂਟੀਨ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਅੱਖਾਂ ਨੂੰ ਅਲਟਰਾ-ਵਾਇਲਟ ਕਿਰਨਾਂ ਦੇ ਬੁਰੇ ਪ੍ਰਭਾਵ ਤੋਂ ਵੀ ਬਚਾਉਂਦਾ ਹੈ।

ਰਵਾਇਤੀ ਤਰੀਕਿਆਂ ਨਾਲ ਪਾਲੇ ਪਸ਼ੂਆਂ ਤੋਂ ਪ੍ਰਾਪਤ ਦੁੱਧ ਦੇ ਮੁਕਾਬਲੇ ਜੈਵਿਕ ਢੰਗ ਨਾਲ ਪਾਲੇ ਪਸ਼ੂਆਂ ਦੇ ਦੁੱਧ 'ਚ ਵਿਟਾਮਿਨ-ਏ ਤੇ ਵਿਟਾਮਿਨ-ਈ ਦੀ ਵਧੇਰੇ ਹੁੰਦਾ ਹੈ ਕਿਉਂਕਿ ਪਸ਼ੂ ਜੈਵਿਕ ਤਰੀਕੇ ਨਾਲ ਤਿਆਰ ਕੀਤਾ ਹਰਾ ਚਾਰਾ, ਤਾਜ਼ਾ ਘਾਹ ਆਦਿ ਖਾਂਦੇ ਹਨ। ਇਸ ਲਈ ਪ੍ਰਾਪਤ ਦੁੱਧ 'ਚ ਕਰੀਬ 50 ਫ਼ੀਸਦੀ ਜ਼ਿਆਦਾ ਵਿਟਾਮਿਨ-ਈ ਤੇ 75 ਫ਼ੀਸਦੀ ਜ਼ਿਆਦਾ ਬੀਟਾ-ਕੈਰੋਟਿਨ ਹੁੰਦਾ ਹੈ।

### ਸਮਾਂ ਸਕੇਲ

ਜ਼ਮੀਨ ਨੂੰ ਜੈਵਿਕ ਸਥਿਤੀ 'ਚ ਬਦਲਣ ਲਈ ਦੋ ਸਾਲ ਲਗਦੇ ਹਨ। ਜਿਸ ਦਿਨ ਜ਼ਮੀਨ ਪੂਰੀ ਤਰ੍ਹਾਂ ਜੈਵਿਕ ਹੋ ਜਾਵੇ ਉਸ ਦਿਨ ਤੋਂ ਜੈਵਿਕ ਦੁੱਧ ਤਿਆਰ ਕਰਨਾ ਸੰਭਵ ਹੁੰਦਾ ਹੈ। ਜੈਵਿਕ ਪ੍ਰਬੰਧਨ ਲਈ 9 ਮਹੀਨਿਆਂ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਤੇ ਛੇ ਮਹੀਨੇ ਦੀ ਖ਼ੁਰਾਕ ਹੋਣੀ ਲਾਜ਼ਮੀ ਹੈ।

### ਜੈਵਿਕ ਚਾਰੇ ਦਾ ਉਤਪਾਦਨ

ਜੈਵਿਕ ਹਰੇ ਚਾਰੇ ਦੇ ਉਤਪਾਦਨ ਲਈ ਸਭ ਤੋਂ ਵਧੀਆ ਖੇਤ ਨੂੰ ਤਰਜੀਹ ਦੇਣੀ ਚਾਹੀਦੀ ਹੈ। ਮੁਢਲੇ ਤਿੰਨ-ਚਾਰ ਸਾਲ ਜੈਵਿਕ ਚਾਰੇ ਦਾ ਝਾੜ ਘੱਟ ਹੁੰਦਾ ਹੈ ਪਰ ਬਾਅਦ 'ਚ ਇਹ ਰਸਾਇਣਕ ਚਾਰੇ ਦੇ ਬਰਾਬਰ ਆ ਜਾਂਦਾ ਹੈ। ਘੱਟੋ-ਘੱਟ 60 ਫ਼ੀਸਦੀ ਚਾਰਾ ਜੈਵਿਕ ਸਰੋਤਾਂ ਤੋਂ ਆਉਣਾ ਚਾਹੀਦਾ ਹੈ। ਆਮ ਤੌਰ 'ਤੇ ਚਰਾਂਦਾਂ ਦੀ ਕਟਾਈ ਤੇ ਸਰਦੀਆਂ ਲਈ ਸੁਰੱਖਿਅਤ ਰੱਖਿਆ ਚਾਰਾ ਜੈਵਿਕ ਫਾਰਮ ਤੋਂ ਪ੍ਰਾਪਤ ਕੀਤਾ ਗਿਆ ਹੋਵੇ। ਜੈਵਿਕ ਚਾਰੇ ਦੇ ਉਤਪਾਦਨ ਲਈ ਫ਼ਸਲਾਂ ਦੇ ਕਾਸ਼ਤਕਾਰੀ ਢੰਗ ਆਮ ਫ਼ਸਲਾਂ ਵਾਂਗ ਹੀ ਹਨ ਪਰ ਜੈਵਿਕ ਚਾਰੇ ਵਾਲੀਆਂ ਫ਼ਸਲਾਂ 'ਚ ਰਸਾਇਣਕ ਖਾਦਾਂ, ਨਦੀਨਨਾਸ਼ਕਾਂ, ਕੀਟਨਾਸ਼ਕਾਂ ਤੇ ਉੱਲੀਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦਾ।

### ਹਰੇ ਚਾਰੇ ਦੇ ਵੱਖ-ਵੱਖ ਫ਼ਸਲੀ ਚੱਕਰ

**ਮੱਕੀ-ਬਰਸੀਮ-ਬਾਜਰਾ** : ਖੇਤ 'ਚ 3.5 ਟਨ ਪ੍ਰਤੀ ਏਕੜ (1 ਫ਼ੀਸਦੀ ਨਾਈਟ੍ਰੋਜਨ) ਪਾਉ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨ ਬਾਅਦ ਜਦੋਂ ਫ਼ਸਲ ਦੋਧੇ 'ਤੇ ਹੋਵੇ ਅਤੇ ਦਾਣੇ ਨਰਮ ਹੋਣ ਤਾਂ ਇਸ ਨੂੰ ਕੱਟ ਲਵੋ। ਉਸ ਤੋਂ ਬਾਅਦ ਇਕ ਟਨ ਰੂੜੀ ਪ੍ਰਤੀ ਏਕੜ ਖੇਤ 'ਚ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਇਸ ਤੋਂ 4-5 ਕਟਾਈਆਂ ਲਈਆਂ ਜਾ ਸਕਦੀਆਂ ਹਨ। ਬਰਸੀਮ ਦੀ ਕਟਾਈ ਤੋਂ ਬਾਅਦ 2 ਟਨ ਸੁੱਕੀ ਰੂੜੀ ਪ੍ਰਤੀ ਏਕੜ ਸੁੱਕੀ ਰੂੜੀ ਪਾਉ ਅਤੇ ਜੂਨ ਦੇ ਦੂਜੇ ਹਫ਼ਤੇ ਬਾਜਰਾ ਬੀਜ ਦੇਵੋ, ਜਿਸ ਨੂੰ ਬਿਜਾਈ ਤੋਂ 45-55 ਦਿਨ ਬਾਅਦ ਸਿੱਟੇ ਨਿਕਲਣੇ ਸ਼ੁਰੂ ਹੋਣ 'ਚੇ ਕੱਟ ਲਵੋ। ਰੂੜੀ ਦੀ ਮਾਤਰਾ ਉਸ ਵਿਚ ਨਾਈਟ੍ਰੋਜਨ ਤੱਤ ਦੀ ਮਾਤਰਾ ਦੇ ਹਿਸਾਬ ਨਾਲ ਵਧਾਈ ਘਟਾਈਅ ਜਾ ਸਕਦੀ ਹੈ।

**ਮੱਕੀ-ਬਰਸੀਮ-ਮੱਕੀ+ਰਵਾਂਹ** : ਖੇਤ ਵਿਚ 3.5 ਟਨ ਪ੍ਰਤੀ ਏਕੜ ਸੁੱਕੀ ਰੂੜੀ (ਇਕ ਫ਼ੀਸਦੀ ਨਾਈਟ੍ਰੋਜਨ) ਪਾਉ ਤੇ ਅਗਸਤ ਦੇ ਦੂਜੇ ਹਫ਼ਤੇ ਮੱਕੀ ਬੀਜੋ। 50-60 ਦਿਨਾਂ ਬਾਅਦ ਜਦੋਂ ਫ਼ਸਲ ਦੋਧੇ 'ਤੇ ਹੋਵੇ ਤਾਂ ਕੱਟ ਲਵੋ। ਉਸ ਤੋਂ ਬਾਅਦ ਖੇਤ 'ਚ ਇਕ ਟਨ ਰੂੜੀ ਪ੍ਰਤੀ ਏਕੜ ਦੇ ਪਾ ਕੇ ਅਕਤੂਬਰ ਦੇ ਦੂਜੇ ਹਫ਼ਤੇ ਬਰਸੀਮ ਬੀਜੋ। ਇਸ ਤੋਂ 4-5 ਕਟਾਈਆਂ ਲਈਆਂ ਜਾ ਸਕਦੀਆਂ ਹਨ। ਬਰਸੀਮ ਦੀ ਕਟਾਈ ਤੋਂ ਬਾਅਦ 3.5 ਟਨ ਸੁੱਕੀ ਰੂੜੀ ਪ੍ਰਤੀ ਏਕੜ ਪਾਉ ਤੇ ਜੂਨ ਦੇ ਦੂਜੇ ਹਫ਼ਤੇ ਮੱਕੀ ਤੇ ਰਵਾਂਹ ਰਲਾ ਕੇ ਬੀਜੋ। ਇਸ ਲਈ 15 ਕਿੱਲੋ ਮੱਕੀ ਦਾ ਬੀਜ ਤੇ 15 ਕਿੱਲੋ ਰਵਾਂਹ-88 ਕਿਸਮ ਜਾਂ 6 ਕਿੱਲੋ ਸੀਐੱਲ-367 ਕਿਸਮ ਦਾ ਬੀਜ ਵਰਤੋ।

### ਪਸ਼ੂ-ਖ਼ੁਰਾਕ

ਪਸ਼ੂ ਖ਼ੁਰਾਕ ਵਾਸਤੇ ਦਾਣੇਦਾਰ ਜੈਵਿਕ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਜੈਵਿਕ ਖਲ਼ ਖ਼ਰੀਦੀ ਵੀ ਜਾ ਸਕਦੀ ਹੈ। ਮਿਸ਼ਰਤ ਖ਼ੁਰਾਕ 100 ਫ਼ੀਸਦੀਜੈਵਿਕ ਹੋਣੀ ਚਾਹੀਦੀ ਹੈ। ਵਿਸ਼ੇਸ਼ ਤੌਰ 'ਤੇ ਪ੍ਰੋਟੀਨ ਸਰੋਤ ਫਾਰਮ 'ਤੇ ਪੈਦਾ ਕਰਨੇ ਔਖੇ ਹਨ ਇਸ ਲਈ ਇਨ੍ਹਾਂ ਨੂੰ ਖ਼ਰੀਦਿਆ ਜਾ ਸਕਦਾ ਹੈ।

### ਚਰਾਗਾਹਾਂ

ਚਰਾਗਾਹਾਂ ਜਾਂ ਚਰਾਂਦਾਂ ਦੀ ਸਥਾਪਤੀ ਅਤੇ ਪ੍ਰਬੰਧਨ ਜੈਵਿਕ ਡੇਅਰੀ ਫਾਰਮਾਂ ਦੀ ਸਫਲਤਾ ਲਈ ਬੇਹੱਦ ਅਹਿਮ ਹੈ ਕਿਉਂਕਿ ਇਹ ਨਾਈਟ੍ਰੋਜਨ ਦਾ ਮੁੱਖ ਸਰੋਤ ਹਨ। ਉਤਪਾਦਕਤਾ ਦੇ ਚੰਗੇ ਪੱਧਰ ਨੂੰ ਕਾਇਮ ਰੱਖਣ ਲਈ ਚਰਾਂਦਾਂ ਦੀ ਲੋੜ ਹੁੰਦੀ ਹੈ। ਰਸਾਇਣਕ ਖਾਦਾਂ ਪਸ਼ੂ ਖ਼ੁਰਾਕ ਜਾਂ ਹਰੇ ਚਾਰੇ ਦੇ ਉਤਪਾਦਨ 'ਚ ਨਹੀਂ ਵਰਤਣੀਆਂ ਹੁੰਦੀਆਂ ਪਰ ਚੂਨਾ ਤੇ ਪੌਸ਼ਟਿਕ ਤੱਤਾਂ ਦੇ ਕੁਝ ਕੁਦਰਤੀ ਸਰੋਤ ਵਰਤੇ ਜਾ ਸਕਦੇ ਹਨ।

### ਪਸ਼ੂ ਢਾਰੇ

ਪਸ਼ੂਆਂ ਲਈ ਰਿਹਾਇਸ਼ੀ ਮਾਹੌਲ, ਵਿੱਤੀ ਸਥਿਤੀ ਕਿਸਾਨ ਦੀ ਤਰਜੀਹ ਦੇ ਆਧਾਰ 'ਤੇ ਹੁੰਦੀ ਹੈ। ਬੇਆਰਾਮੀ, ਗੰਦੇ ਹਾਲਾਤ ਤੇ ਹਵਾਦਾਰੀ ਤੋਂ ਦੂਰ ਰੱਖੇ ਜਾਣ ਵਾਲੇ ਪਸ਼ੂਆਂ ਦੇ ਇਮਿਊਨ ਸਿਸਟਮ 'ਚ ਖ਼ਰਾਬੀ ਆ ਜਾਂਦੀ ਹੈ। ਦੁਧਾਰੂ ਪਸ਼ੂ, ਖ਼ਾਸ ਕਰਕੇ ਗਾਵਾਂ ਬਿਮਾਰੀ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੀਆਂ ਹਨ। ਪਸ਼ੂ ਢਾਰੇ ਅਜਿਹੇ ਹੋਣੇ ਚਾਹੀਦੇ ਹਨ ਕਿ ਉਨ੍ਹਾਂ ਅੰਦਰ ਤਾਜ਼ੀ ਹਵਾ ਆਉਂਦੀ-ਜਾਂਦੀ ਰਹੇ। ਸਰਦੀਆਂ ਦੌਰਾਨ ਬਾਹਰਲੇ ਅਤੇ ਅੰਦਰਲੇ ਤਾਪਮਾਨ ਦਾ ਅੰਤਰ 100 ਡਿਗਰੀ ਫਾਰਨਹੀਟ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ।

### ਪਸ਼ੂਆਂ ਦੀ ਸਿਹਤ ਸੰਭਾਲ

ਜਾਨਵਰਾਂ ਦੀ ਸਿਹਤ ਲਈ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ। ਕਿਸੇ ਵੈਟਰਨਰੀ ਸਰਜਨ ਨਾਲ ਮਿਲ ਕੇ, ਪਸ਼ੂਆਂ ਦੀ ਵਧੀਆ ਸਿਹਤ ਨੂੰ ਉਤਸ਼ਾਹਿਤ ਕਰਨ ਤੇ ਪਸ਼ੂਆਂ ਦੀ ਦਵਾਈਆਂ 'ਤੇ ਨਿਰਭਰਤਾ ਨੂੰ ਘੱਟ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਵੈਟਰਨਰੀ ਦਵਾਈਆਂ ਦੀ ਵਰਤੋਂ ਦੀ ਥਾਂ ਰੋਕਥਾਮ ਪ੍ਰਬੰਧਨ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਪਰ ਕਿਸੇ ਵੀ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਬੇਹੱਦ ਲਾਜ਼ਮੀ ਹੈ। ਪਸ਼ੂ ਦੇ ਬਿਮਾਰ ਹੋਣ 'ਤੇ ਐਲੋਪੈਥੀ ਦੀ ਥਾਂ ਹੋਮੀਓਪੈਥੀ ਦਵਾਈਆਂ ਦੀ ਵਰਤੋਂ ਨੂੰ ਪਹਿਲ ਦਿਉ। ਵੈਟਰਨਰੀ ਦਵਾਈਆਂ ਤੇ ਐਂਟੀਬਾਇਓਟਿਕਸ ਨੂੰ ਬਿਮਾਰੀ ਦੀ ਗੰਭੀਰ ਅਵਸਥਾ ਜਾਂ ਸੱਟ ਦੀ ਹਾਲਤ 'ਚ ਹੀ ਵਰਤਿਆ ਜਾਵੇ। ਇਨਫੈਕਸ਼ਨ ਘੱਟ ਕਰਨ ਲਈ ਕੀਟਾਣੂ-ਮੁਕਤ ਪ੍ਰਬੰਧ ਕੀਤੇ ਜਾਣ। ਜਿਨ੍ਹਾਂ ਮਾਮਲਿਆਂ 'ਚ ਬਿਮਾਰੀ ਦਾ ਪਤਾ ਲੱਗਿਆ ਹੈ, ਉੱਥੇ ਵੈਕਸੀਨੇਸ਼ਨ ਵਰਤੀ ਜਾ ਸਕਦੀ ਹੈ। ਜਿਨ੍ਹਾਂ ਪਸ਼ੂਆਂ ਦਾ ਇਕ ਸਾਲ 'ਚ ਤਿੰਨ ਤੋਂ ਵੱਧ ਵਾਰ ਟੀਕਾਕਰਣ ਕੀਤਾ ਜਾਂਦਾ ਹੈ ਉਨ੍ਹਾਂ ਪਸ਼ੂਆਂ ਤੋਂ ਜੈਵਿਕ ਦੁੱਧ ਦਾ ਉਤਪਾਦਨ ਨਹੀਂ ਕੀਤਾ ਜਾ ਸਕਦਾ ਤੇ ਉਹ ਪਸ਼ੂ ਜੈਵਿਕ ਹੋਣ ਦਾ ਦਰਜਾ ਗੁਆ ਲੈਂਦੇ ਹਨ। ਜੇ ਰੋਗ ਦੌਰਾਨ Organophosphorus ਉਤਪਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਜਾਨਵਰ ਹਮੇਸ਼ਾ ਲਈ ਆਪਣੀ ਜੈਵਿਕ ਸਥਿਤੀ ਨੂੰ ਗੁਆ ਦਿੰਦੇ ਹਨ।

### ਪਸ਼ੂਆਂ ਦਾ ਮੌਜੂਦਾ ਸਟਾਕ

ਜਦੋਂ ਇਕ ਫਾਰਮ ਜੈਵਿਕ ਉਤਪਾਦਨ 'ਚ ਤਬਦੀਲ ਹੋ ਜਾਂਦਾ ਹੈ ਤਾਂ ਮੌਜੂਦਾ ਜਾਨਵਰਾਂ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ ਪਰ ਕਦੇ ਵੀ ਉਨ੍ਹਾਂ ਨੂੰ ਜੈਵਿਕ ਪਸ਼ੂ ਵਜੋਂ ਨਹੀਂ ਵੇਚਿਆ ਜਾ ਸਕਦਾ ਹਾਲਾਂਕਿ ਇਨ੍ਹਾਂ ਪਸ਼ੂਆਂ ਅਤੇ ਉਨ੍ਹਾਂ ਦੇ ਬੱਚਿਆਂ ਦਾ ਦੁੱਧ ਲੋੜੀਂਦੇ ਪਰਿਵਰਤਨ ਸਮੇਂ ਤੋਂ ਬਾਅਦ ਜੈਵਿਕ ਵਜੋਂ ਵੇਚਿਆ ਜਾ ਸਕਦਾ ਹੈ।

### ਦੁੱਧ ਪਾਰਲਰ ਦੀ ਸਫ਼ਾਈ

ਮਨਜ਼ੂਰਸ਼ੁਦਾ sterilants ਨੂੰ ਦੁੱਧ ਚੋਣ ਲਈ ਪਾਰਲਰ ਤੇ ਡੇਅਰੀ 'ਚ ਵਰਤਿਆ ਜਾ ਸਕਦਾ ਹੈ। ਉਪਰੋਕਤ ਤੱਥਾਂ ਤੋਂ ਇਹ ਗੱਲ ਸਪਸ਼ਟ ਹੈ ਕਿ ਜੈਵਿਕ ਢੰਗ, ਜਿਵੇਂ ਕਿ ਖ਼ੁਰਾਕੀ ਪ੍ਰਬੰਧ, ਹਰਾ ਚਾਰਾ ਉਤਪਾਦਨ, ਪਸ਼ੂ ਖ਼ੁਰਾਕ, ਖਣਿਜ ਤੇ ਵਿਟਾਮਿਨਜ਼ ਪੂਰਕ, ਡੇਅਰੀ/ਪੋਲਟਰੀ ਖਾਦ, ਪਸ਼ੂ ਢਾਰੇ, ਪਸ਼ੂਆਂ ਦੀ ਸਿਹਤ ਸੰਭਾਲ, ਦੁੱਧ ਪਾਰਲਰ ਦੀ ਸਫ਼ਾਈ ਨਾਲ ਪਾਲੇ ਪਸ਼ੂਆਂ ਤੋਂ ਪ੍ਰਾਪਤ ਦੁੱਧ ਖ਼ਤਰਨਾਕ ਰਸਾਇਣਾਂ (ਕੀਟਨਾਸ਼ਕਾਂ, ਖਾਦਾਂ ਤੇ ਹਾਰਮੋਨਜ਼ ਦੀ ਰਹਿੰਦ-ਖੂੰਹਦ) ਤੋਂ ਮੁਕਤ ਹੁੰਦਾ ਹੈ। ਇਹ ਸਿਹਤ ਲਈ ਲਾਭਕਾਰੀ ਹੁੰਦਾ ਹੈ। ਜੈਵਿਕ ਦੁੱਧ ਵਿਚ ਵਧੇਰੇ ਮਾਤਰਾ 'ਚ ਸੰਗਠਿਤ ਲਿਨੋਲੀਏਕ ਐਸਿਡ ਹੁੰਦਾ ਹੈ ਜੋ ਪਾਚਣ ਸਕਤੀ, ਬਿਮਾਰੀਆਂ ਤੋਂ ਬਚਾਅ ਤੇ ਮਾਸਪੇਸ਼ੀਆਂ ਦਾ ਵਿਕਾਸ ਕਰਦਾ ਹੈ ਤੇ ਪੇਟ ਦੀ ਚਰਬੀ, ਕੋਲੇਸਟ੍ਰੋਲ ਤੇ ਐਲਰਜੀ ਆਦਿ ਸਮੱਸਿਆਵਾਂ ਨੂੰ ਘਟਾਉਂਦਾ ਹੈ। ਜੈਵਿਕ ਦੁੱਧ 'ਚ ਲੂਟੀਨ ਤੇ ਜ਼ੈਕਸਿੰਟਨ (Zeaxanthin) ਵਰਗੇ ਐਂਟੀ ਆਕਸੀਡੈਂਟ ਹੁੰਦੇ ਹਨ, ਜੋ ਅੱਖਾਂ ਦੀਆਂ ਬਿਮਾਰੀਆਂ ਨੂੰ ਰੋਕਣ ਤੇ ਅਲਟਰਾ-ਵਾਇਲਟ ਕਿਰਨਾਂ ਦੇ ਮਾੜੇ ਪ੍ਰਭਾਵ ਤੋਂ ਬਚਾਉਂਦੇ ਹਨ। ਇਸ ਲਈ ਰਵਾਇਤੀ ਤਰੀਕਿਆਂ ਨਾਲ ਪਾਲੇ ਪਸ਼ੂਆਂ ਤੋਂ ਪ੍ਰਾਪਤ ਦੁੱਧ ਨਾਲ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਜੈਵਿਕ ਢੰਗਾਂ ਨਾਲ ਪਾਲੇ ਪਸ਼ੂਆਂ ਤੋਂ ਪ੍ਰਾਪਤ ਦੁੱਧ ਦੇ ਫ਼ਾਇਦਿਆਂ ਨੂੰ ਧਿਆਨ 'ਚ ਰੱਖਦੇ ਹੋਏ ਸਾਨੂੰ ਜੈਵਿਕ ਢੰਗਾਂ ਨਾਲ ਡੇਅਰੀ ਫਾਰਮਿੰਗ ਦਾ ਧੰਦਾ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਤੋਂ ਪ੍ਰਾਪਤ ਦੁੱਧ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। •

#### ਪਰਿਵਰਤਨ ਦੀ ਸ਼ੁਰੂਆਤ

*ਪਰਿਵਰਤਨ ਦੀ ਯੋਜਨਾਬੰਦੀ ਰਵਾਇਤੀ ਤੋਂ ਜੈਵਿਕ ਉਤਪਾਦਨ ਵੱਲ ਵਧਣ ਦਾ ਇਕ ਮਹੱਤਵਪੂਰਨ ਪਹਿਲੂ ਹੈ। ਕੁਝ ਮਾਮਲਿਆਂ ਵਿਚ ਸਾਰਾ ਫਾਰਮ ਇਕ ਬਲਾਕ ਵਿਚ ਤਬਦੀਲ ਕੀਤਾ ਜਾਂਦਾ ਹੈ। ਦੂਜਿਆਂ ਮਾਮਲਿਆਂ ਵਿਚ ਇਹ ਪਰਿਵਰਤਨ ਕਈ ਸਾਲਾਂ ਤੋਂ ਪੜਾਅਵਾਰ ਹੋ ਸਕਦਾ ਹੈ, ਇਸ ਲਈ ਇਹ ਯਕੀਨੀ ਬਣਾਉਣ ਲਈ ਵੇਰਵੇ ਲਈ ਧਿਆਨ ਦੇਣ ਦੀ ਲੋੜ ਹੈ ਕਿ ਵੇਚਿਆ ਗਿਆ ਦੁੱਧ ਜਲਦੀ ਤੋਂ ਜਲਦੀ ਸੰਭਵ ਤਰੀਕ ਵਿਚ ਜੈਵਿਕ ਸਥਿਤੀ ਨੂੰ ਪ੍ਰਾਪਤ ਕਰੇਗਾ।*

#### ਵੱਛੇ-ਵੱਛੀਆਂ ਦੀ ਸੰਭਾਲ

ਵੱਛਿਆਂ ਨੂੰ ਘੱਟ ਤੋਂ ਘੱਟ 12 ਹਫ਼ਤਿਆਂ ਦੀ ਉਮਰ ਤਕ ਦੁੱਧ ਪਿਲਾਉਣਾ ਚਾਹੀਦਾ ਹੈ। ਇਸ ਖ਼ੁਰਾਕੀ ਸਮੇਂ ਦੌਰਾਨ ਵੱਛੇ-ਵੱਛੀਆਂ ਨੂੰ ਸਮੁੱਚੀ ਖ਼ੁਰਾਕ ਦਾ ਜੈਵਿਕ ਦੁੱਧ ਦੇ ਰੂਪ ਵਿਚ ਘੱਟੋ ਘੱਟ 51 ਫ਼ੀਸਦੀ ਮਿਲ ਜ਼ਾਦਾ ਹੈ, ਇਸ ਲਈ ਦੁੱਧ ਦੀ ਖ਼ੁਰਾਕ 12 ਹਫ਼ਤਿਆਂ ਦੇ ਅੰਤ ਤਕ ਬੰਦ ਕਰ ਦੇਣੀ ਚਾਹੀਦੀ ਹੈ। ਜਦੋਂ ਡੇਅਰੀ ਫਾਰਮ 'ਤੇ ਵਾਧੂ ਵੱਛੀਆਂਦਾ ਪਾਲਣ ਨਾ ਹੋ ਸਕੇ ਤਾਂ ਉਨ੍ਹਾਂ ਨੂੰ ਹੋਰ ਜੈਵਿਕ ਜਾਂ ਰਵਾਇਤੀ ਉਤਪਾਦਕਾਂ ਨੂੰ ਵੇਚਿਆ ਜਾ ਸਕਦਾ ਹੈ।

#### ਖ਼ੁਰਾਕੀ ਪ੍ਰਬੰਧ

*ਫਾਰਮ 'ਤੇ ਵਰਤੇ ਜਾਣ ਵਾਲੇ ਸਾਰੇ ਖ਼ੁਰਾਕੀ ਪਦਾਰਥਾਂ ਨੂੰ ਪਰਿਵਰਤਨ ਦੇ ਸ਼ੁਰੂ ਤੋਂ ਜੈਵਿਕ ਮਿਆਰਾਂ ਦੇ ਤਹਿਤ ਉਤਪਾਦਨ ਅਤੇ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਚਰਾਂਦਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਅਤੇ ਆਦਰਸ਼ਕ ਰੂਪ ਵਿਚ ਸਾਰੇ ਖ਼ੁਰਾਕੀ ਪਦਾਰਥ ਫਾਰਮ ਤੋਂ ਹੀ ਪੈਦਾ ਕੀਤੇ ਜਾਣੇ ਚਾਹੀਦੇ ਹਨ। ਘੱਟ ਤੋਂ ਘੱਟ 60 ਫ਼ੀਸਦੀ ਖ਼ੁਰਾਕ ਜੈਵਿਕ ਫਾਰਮ ਤੋਂ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ। ਖ਼ੁਰਾਕ ਦਾ 30 ਫ਼ੀਸਦੀ ਜੈਵਿਕ ਵਿਚ ਪਰਿਵਰਤਿਤ ਸਰੋਤਾਂ ਤੋਂ ਲਿਆ ਜਾ ਸਕਦਾ ਹੈ ਪਰ ਜਿੱਥੇ ਇਸ ਨੂੰ ਪੈਦਾ ਕਰ ਕੇ ਵਰਤਿਆ ਜਾਵੇਗਾ, 60 ਫ਼ੀਸਦੀ ਤਕ ਖ਼ੁਰਾਕ ਜੈਵਿਕ ਵਿਚ ਪਰਿਵਰਤਿਤ ਹੋ ਸਕਦੀ ਹੈ।*



*ਮੱਕੀ ਦੀ ਫ਼ਸਲ ਕਰੀਬ 100 ਦਿਨ 'ਚ ਪੱਕ ਜਾਂਦੀ ਹੈ। ਮੱਕੀ ਤੋਂ ਬਾਅਦ ਖੇਤ ਨੂੰ ਝੋਨੇ ਲਈ ਵਰਤਿਆ ਜਾ ਸਕਦਾ ਹੈ। ਦੂਸਰੀਆਂ ਫ਼ਸਲਾਂ ਦੇ ਮੁਕਾਬਲੇ ਮੱਕੀ ਦੇ ਮੰਡੀਕਰਨ 'ਚ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ...*

## ਕਈ ਪੱਖਾਂ ਤੋਂ ਲਾਹੇਵੰਦ ਹੈ
# ਮੱਕੀ ਦੀ ਖੇਤੀ



• ਮੋਹਰ ਗਿੱਲ ਸਿਰਸੜੀ
98156-59110

ਮੱਕੀ ਦੀ ਕਾਸ਼ਤ ਕਿਸਾਨਾਂ ਲਈ ਕਈ ਪੱਖਾਂ ਤੋਂ ਲਾਹੇਵੰਦ ਹੈ। ਪੱਕਣ 'ਤੇ ਮੱਕੀ ਦੀ ਫ਼ਸਲ ਦਾ ਭਾਅ ਆਮ ਤੌਰ 'ਤੇ ਚੰਗਾ ਹੀ ਰਹਿੰਦਾ ਹੈ। ਅੱਜ ਕੱਲ੍ਹ ਚੰਗੀਆਂ ਕਿਸਮਾਂ ਦੀ ਬਿਜਈ ਕਾਰਨ ਝਾੜ ਵੀ ਚੰਗਾ ਨਿਕਲਦਾ ਹੈ। ਇਸ ਦਾ ਵਾਤਾਵਰਨ ਨੂੰ ਵੀ ਲਾਭ ਹੁੰਦਾ ਹੈ। ਇਹ ਗੱਲਾਂ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਢੁੱਡੀ ਦੇ ਅਗਾਂਹਵਧੂ ਕਿਸਾਨ ਬਲਜੀਤ ਸਿੰਘ ਸੰਘਾ ਨੇ ਆਖੀਆਂ।

### ਮੱਕੀ ਦੀ ਫ਼ਸਲ ਤੋਂ ਲਾਭ

ਬਲਜੀਤ ਸਿੰਘ ਸੰਘਾ ਨੇ ਦੱਸਿਆ ਕਿ ਉਨ੍ਹਾਂ ਨੇ 10 ਏਕੜ ਰਕਬੇ 'ਚ ਪਹਿਲਾਂ ਆਲੂਆਂ ਦੀ 'ਐੱਲਆਰ' ਅਤੇ 'ਕਰੂੰਡਾ' ਕਿਸਮਾਂ ਦੀ ਕਾਸ਼ਤ ਕੀਤੀ ਸੀ, ਜਿਸ ਤੋਂ ਪ੍ਰਤੀ ਏਕੜ 70 ਹਜ਼ਾਰ ਰੁਪਏ ਮੁਨਾਫ਼ਾ ਹੋਇਆ। ਹੁਣ ਉਨ੍ਹਾਂ ਨੇ ਇਸ ਜ਼ਮੀਨ 'ਤੇ ਮੱਕੀ ਦੀ 9108 ਕਿਸਮ ਦੀ ਬਿਜਾਈ ਕੀਤੀ ਹੈ, ਜਿਸ ਦਾ ਝਾੜ 35 ਤੋਂ 40 ਕੁਇੰਟਲ ਪ੍ਰਤੀ ਏਕੜ ਨਿਕਲਣ ਦੀ ਆਸ ਹੈ। ਉਨ੍ਹਾਂ ਦੱਸਿਆ ਕਿ ਮੱਕੀ ਦੀ ਫ਼ਸਲ ਕਰੀਬ 100 ਦਿਨ 'ਚ ਪੱਕ ਜਾਂਦੀ ਹੈ। ਮੱਕੀ ਤੋਂ ਬਾਅਦ ਇਸ ਖੇਤ ਨੂੰ ਝੋਨੇ ਦੀ ਲਵਾਈ ਲਈ ਵਰਤਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦੂਸਰੀਆਂ ਫ਼ਸਲਾਂ ਦੇ ਮੁਕਾਬਲੇ ਮੱਕੀ ਦੇ ਮੰਡੀਕਰਨ 'ਚ ਵੀ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਉਨ੍ਹਾਂ ਦੱਸਿਆ ਕਿ ਉਹ ਪਿਛਲੇ 4 ਸਾਲਾਂ ਤੋਂ ਪਸ਼ੂਆਂ ਲਈ ਮੱਕੀ ਦਾ ਆਚਾਰ (ਸਾਈਲੇਜ਼) ਬਣਾਉਂਦੇ ਹਨ। ਇਹ ਅਚਾਰ ਸਾਰਾ ਸਾਲ ਚਲਦਾ ਹੈ। ਮੱਕੀ ਦੇ ਆਚਾਰ ਦੀ ਪਸ਼ੂ ਚਾਰੇ 'ਚ ਵਰਤੋਂ ਕਾਰਨ ਹਰੇ ਚਾਰੇ ਦੀ ਕਾਫੀ ਬੱਚਤ ਹੁੰਦੀ ਹੈ। ਇਹ ਪਸ਼ੂਆਂ ਦੀ ਸਿਹਤ ਲਈ ਵੀ ਚੰਗਾ ਹੈ ਅਤੇ ਚਾਰੇ ਦੀ ਤੋਟ ਵੇਲੇ ਕੰਮ ਆਉਂਦਾ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਕਾਰਨ ਪਸ਼ੂਆਂ ਦਾ ਦੁੱਧ ਵਧਾਉਣ ਲਈ ਮਹਿੰਗੀ ਫੀਡ ਵੀ ਨਹੀਂ ਖ਼ਰੀਦਣੀ ਪੈਂਦੀ। •

#### ਖੇਤੀ ਵਿਭਿੰਨਤਾ ਲਈ ਸਰਕਾਰ ਦੇਵੇ ਸਹਿਯੋਗ

*ਬਲਜੀਤ ਸਿੰਘ ਸੰਘਾ ਨੇ ਦੱਸਿਆ ਕਿ ਉਹ ਪਿਛਲੇ ਦੋ ਸਾਲ ਤੋਂ ਨਾੜ ਅਤੇ ਪਰਾਲੀ ਨੂੰ ਅੱਗ ਨਹੀਂ ਲਗਾਉਂਦੇ। ਉਹ ਇਸ ਨੂੰ ਜ਼ਮੀਨ 'ਚ ਰਲਾ ਦਿੰਦੇ ਹਨ, ਜਿਸ ਨਾਲ ਦੂਸਰੀਆਂ ਫ਼ਸਲਾਂ ਨੂੰ ਖਾਦ ਘੱਟ ਪਾਉਣੀ ਪੈਂਦੀ ਹੈ ਅਤੇ ਇਸ ਨਾਲ ਖੇਤੀ ਲਾਗਤ 'ਚ ਕਮੀ ਆਉਂਦੀ ਹੈ। ਸੰਘਾ ਨੇ ਕਿਹਾ ਕਿ ਜੇ ਸਰਕਾਰ ਬਦਲਵੀਂ ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕਰਨਾ ਚਾਹੁੰਦੀ ਹੈ ਤਾਂ ਇਸ ਲਈ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਸ਼ੁੱਧ ਬੀਜ, ਦਵਾਈਆਂ, ਖਾਦਾਂ ਅਤੇ ਹੋਰ ਖੇਤੀ ਸਾਜ਼ੋ-ਸਮਾਨ ਵਾਜਬ ਭਾਅ 'ਤੇ ਮੁਹੱਈਆ ਕਰਵਾਏ ਜਾਣ। ਖੇਤੀ ਮਸ਼ੀਨਰੀ ਦੀ ਖ਼ਰੀਦ 'ਤੇ ਸਬਸਿਡੀ ਦਿੱਤੀ ਜਾਵੇ ਅਤੇ ਫ਼ਸਲਾਂ ਦੇ ਮੰਡੀਕਰਨ ਦੇ ਢੁਕਵੇਂ ਪ੍ਰਬੰਧ ਕੀਤੇ ਜਾਣ ਤਾਂ ਕਿ ਕਿਸਾਨ ਖੇਤੀਬਾੜੀ ਤੋਂ ਬੇਮੁੱਖ ਹੋਣ ਦੀ ਥਾਂ ਇਸ ਨੂੰ ਸ਼ਿੱਦਤ ਨਾਲ ਅਪਣਾ ਸਕਣ।*





• ਗੁਰਮੀਤ ਸਿੰਘ, ਮਨੋਜ ਸ਼ਰਮਾ
98148-25584

# ਫ਼ਸਲਾਂ 'ਚ ਚੂਹਿਆਂ ਦੀ ਰੋਕਥਾਮ

ਚੂਹੇ ਫ਼ਸਲਾਂ ਦਾ ਭਾਰੀ ਨੁਕਸਾਨ ਕਰਦੇ ਹਨ ਇਸ ਲਈ ਇਨ੍ਹਾਂ ਦੀ ਰੋਕਥਾਮ ਬੇਹੱਦ ਜ਼ਰੂਰੀ ਹੈ। ਚੂਹੇ ਆਪਣੀ ਦਿਮਾਗ਼ੀ ਸੂਝ-ਬੂਝ, ਜ਼ਿਆਦਾ ਬੱਚੇ ਪੈਦਾ ਕਰਨ ਦੀ ਸਮਰਥਾ, ਆਲੇ ਦੁਆਲੇ ਦੇ ਵਾਤਾਵਰਨ ਅਨੁਸਾਰ ਖ਼ੁਦ ਨੂੰ ਢਾਲ ਲੈਣ ਦੀ ਸਮਰਥਾ ਕਾਰਨ ਆਪਣੀ ਜਨ-ਸੰਖਿਆ ਲਗਾਤਾਰ ਵਧਾਉਂਦੇ ਰਹਿੰਦੇ ਹਨ। ਇਹ ਅਕਸਰ ਖੁੱਡਾਂ 'ਚ ਰਹਿੰਦੇ ਹਨ। ਇਨ੍ਹਾਂ ਦੀ ਸੁਆਦ ਅਤੇ ਸੁੰਘਣ ਦੀ ਸ਼ਕਤੀ ਬਹੁਤ ਤੇਜ਼ ਹੁੰਦੀ ਹੈ ਅਤੇ ਇਹ ਆਪਣੇ ਭੋਜਨ ਦੀ ਚੋਣ ਵਿਚ ਬਹੁਤ ਮਾਹਿਰ ਹੁੰਦੇ ਹਨ। ਇਸ ਲਈ ਇਨ੍ਹਾਂ ਦੇ ਖ਼ਾਤਮੇ ਵਾਸਤੇ ਵੱਖ-ਵੱਖ ਤਰੀਕਿਆਂ ਨੂੰ ਅਪਨਾਉਣ ਦੀ ਲੋੜ ਹੈ।

### ਫ਼ਸਲਾਂ ਦਾ ਨੁਕਸਾਨ

ਚੂਹੇ ਅਤੇ ਚੂਹੀਆਂ ਫ਼ਸਲ ਪੁੰਗਰਨ ਅਤੇ ਫ਼ਸਲ ਪੱਕਣ 'ਤੇ ਵਧੇਰੇ ਨੁਕਸਾਨ ਕਰਦੇ ਹਨ, ਇਸ ਲਈ ਚੂਹੇ ਮਾਰਨ ਦੀ ਵਿਉਂਤਬੰਦੀ ਮੁੱਖ ਫ਼ਸਲਾਂ ਦੇ ਉੱਗਣ ਅਤੇ ਪੱਕਣ ਦੇ ਸਮੇਂ ਅਨੁਸਾਰ ਕਰਨੀ ਚਾਹੀਦੀ ਹੈ। ਚੂਹੇ ਝੋਨੇ ਦੀ ਫ਼ਸਲ ਨੂੰ 4.9 ਫ਼ੀਸਦੀ, ਕਮਾਦ ਨੂੰ 6.4 ਫ਼ੀਸਦੀ ਅਤੇ ਮੂੰਗਫਲੀ ਨੂੰ 3.9 ਫ਼ੀਸਦੀ ਨੁਕਸਾਨ ਕਰਦੇ ਹਨ। ਚੂਹਿਆਂ ਦੀ ਜ਼ਿਆਦਾ ਭਰਮਾਰ ਵਾਲੀਆਂ ਥਾਵਾਂ 'ਤੇ ਇਹ ਨੁਕਸਾਨ ਕਈ ਵਾਰ 20 ਫ਼ੀਸਦੀ ਤਕ ਵੀ ਪਹੁੰਚ ਜਾਂਦਾ ਹੈ।

### ਰੋਕਥਾਮ ਦੇ ਗ਼ੈਰ ਰਸਾਇਣਕ ਤਰੀਕੇ

ਫ਼ਸਲਾਂ ਦੀ ਕਟਾਈ ਤੋਂ ਬਾਅਦ ਰੌਣੀ ਵੇਲੇ ਪਾਣੀ ਨਾਲ ਭਰੀਆਂ ਖੁੱਡਾਂ 'ਚੋਂ ਨਿਕਲਦੇ ਚੂਹਿਆਂ ਨੂੰ ਡੰਡਿਆਂ ਨਾਲ ਮਾਰਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪਿੰਜਰਿਆਂ ਨਾਲ ਵੀ ਚੂਹਿਆਂ ਨੂੰ ਫੜਿਆ ਜਾ ਸਕਦਾ ਹੈ। ਖੇਤ ਵਿਚ ਚੂਹਿਆਂ ਦੇ ਆਉਣ-ਜਾਣ ਦੇ ਸਾਰੇ ਰਸਤਿਆਂ, ਚੂਹਿਆਂ ਦੇ ਨੁਕਸਾਨ ਵਾਲੀਆਂ ਥਾਵਾਂ 'ਤੇ ਘੱਟੋ-ਘੱਟ 16 ਪਿੰਜਰੇ ਪ੍ਰਤੀ ਏਕੜ ਇਸਤੇਮਾਲ ਕਰੋ। ਪਿੰਜਰਿਆਂ ਨੂੰ ਬਦਬੂ ਰਹਿਤ ਕਰਨ ਲਈ ਚੰਗੀ ਤਰ੍ਹਾਂ ਧੋ ਲਵੋ। ਵਧੇਰੇ ਚੂਹੇ ਫੜਨ ਲਈ ਚੂਹਿਆਂ ਨੂੰ ਪਿੰਜਰਿਆਂ 'ਚ ਵੜਨਾ ਗਿਝਾਓ।।ਹਰ ਪਿੰਜਰੇ ਵਿਚ ਬਾਜਰੇ ਜਾਂ ਕਣਕ ਦਾ ਦਲੀਆ, ਜਿਸ ਵਿਚ 2 ਫ਼ੀਸਦੀ ਪੀਸੀ ਹੋਈ ਖੰਡ ਅਤੇ 2 ਫ਼ੀਸਦੀ ਮੂੰਗਫਲੀ ਦਾ ਤੇਲ ਮਿਲਿਆ ਹੋਵੇ, ਦੋ-ਤਿੰਨ ਦਿਨਾਂ ਤਕ 10-15 ਗ੍ਰਾਮ ਪ੍ਰਤੀ ਪਿੰਜਰਾ ਰੱਖੋ ਅਤੇ ਪਿੰਜਰਾ ਬੰਦ ਨਾ ਕਰੋ।।ਗੇਝ ਪਾਉਣ ਤੋਂ ਬਾਅਦ ਪਿੰਜਰੇ ਅੰਦਰ ਕਾਗਜ਼ ਦੇ ਟੁਕੜੇ ਉੱਪਰ 10-15 ਗ੍ਰਾਮ ਉਪਰੋਕਤ ਮਿਸ਼ਰਣ ਰੱਖੋ ਤੇ ਪਿੰਜਰੇ ਬੰਦ ਕਰ ਦਿਉ। ਫੜੇ ਹੋਏ ਚੂਹਿਆਂ ਨੂੰ ਪਾਣੀ ਵਿਚ ਡੋਬ ਕੇ ਮਾਰੋ। ਪਿੰਜਰਾ ਵਾਰ-ਵਾਰ ਇੱਕੋ ਥਾਂ 'ਤੇ ਨਾ ਰੱਖੋ।

### ਵਾਤਾਵਰਨ ਸੁਧਾਰ ਨਾਲ ਰੋਕਥਾਮ

ਘਾਹ ਅਤੇ ਝਾੜੀਆਂ ਚੂਹਿਆਂ ਨੂੰ ਲੁਕਣ 'ਚ ਮਦਦ ਕਰਦੀਆਂ ਹਨ ਅਤੇ ਔਖੇ ਵੇਲੇ ਉਨ੍ਹਾਂ ਦੇ ਭੋਜਨ ਦਾ ਆਧਾਰ ਵੀ ਬਣਦੀਆਂ ਹਨ। ਇਸ ਲਈ ਘਾਹ-ਫੂਸ ਨੂੰ ਸਮੇਂ-ਸਮੇਂ 'ਤੇ ਸਾਫ਼ ਕਰੋ। ਪੁਰਾਣੀਆਂ ਵੱਟਾਂ, ਖਾਲ, ਖੇਤਾਂ ਵਿਚਲੀਆਂ ਪਗਡੰਡੀਆਂ ਆਦਿ ਕੁਝ ਸਮੇਂ ਬਾਅਦ ਢਾਹ ਕੇ ਨਵੀਆਂ ਬਣਾਉ ਤਾਂ ਜੋ ਚੂਹਿਆਂ ਦੀਆਂ ਪੱਕੀਆਂ ਖੁੱਡਾਂ ਨਸ਼ਟ ਹੋ ਜਾਣ। ਸੜਕਾਂ, ਨਹਿਰਾਂ ਤੇ ਰੇਲਵੇ ਲਾਈਨਾਂ ਨਾਲ ਲਗਦੀ ਖ਼ਾਲੀ ਜ਼ਮੀਨ, ਹੋਰ ਅਣਵਾਹੀਆਂ ਥਾਵਾਂ, ਬਾਗ਼ਾਂ ਤੇ ਜੰਗਲਾਤ ਵਾਲੀਆਂ ਥਾਵਾਂ 'ਚ ਚੂਹੇ ਸਥਾਈ ਖੁੱਡਾਂ ਬਣਾਉਂਦੇ ਹਨ। ਇਨ੍ਹਾਂ ਥਾਵਾਂ 'ਤੇ ਚੂਹਿਆਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ ਤਾਂ ਜੋ ਨਾਲ ਲਗਦੀਆਂ ਫ਼ਸਲਾਂ ਵਿਚ ਚੂਹਿਆਂ ਦਾ ਦਾਖ਼ਲਾ ਰੋਕਿਆ ਜਾ ਸਕੇ।

### ਰੋਕਥਾਮ ਦੇ ਰਸਾਇਣਕ ਤਰੀਕੇ

ਚੂਹਾ ਨਾਸ਼ਕ ਨੂੰ ਚੂਹੇ ਦੇ ਚੋਗੇ (ਮਨਪਸੰਦ ਭੋਜਨ) ਵਿਚ ਰਲਾ ਕੇ ਵਰਤਿਆ ਜਾਂਦਾ ਹੈ। ਕੀਟਨਾਸ਼ਕ ਦੀ ਤਰ੍ਹਾਂ ਚੂਹਾ ਨਾਸ਼ਕ ਵਿਚ ਵੀ ਕੁਝ ਅਜਿਹੇ ਗੁਣ ਹੋਣੇ ਚਾਹੀਦੇ ਹਨ ਜੋ ਕਿ ਉਸ ਨੂੰ ਉੱਚ ਦਰਜ਼ੇ ਦਾ ਚੂਹਾ ਨਾਸ਼ਕ ਬਣਾਉਣ। ਇਨ੍ਹਾਂ ਗੁਣਾਂ ਵਿੱਚੋਂ ਘਰਾਂ 'ਚ ਵਰਤੇ ਜਾਣ ਵਾਲੇ ਚੂਹਾ ਨਾਸ਼ਕ ਵਿਚ ਦੋ ਗੁਣ ਹੋਣੇ ਬਹੁਤ ਜ਼ਰੂਰੀ ਹਨ। ਪਹਿਲਾ ਗੁਣ ਇਹ ਹੋਣਾ ਚਾਹੀਦਾ ਹੈ ਕਿ ਚੂਹਾ ਨਾਸ਼ਕ ਰਲਿਆ ਭੋਜਨ ਖਾਣ ਤੋਂ ਬਾਅਦ ਚੂਹੇ ਨੂੰ ਘਰ ਵਿੱਚੋਂ ਬਾਹਰ ਜਾਣ ਲਈ ਉਤਸੁਕ ਕਰੇ ਤਾਂ ਕਿ ਮਰਿਆ ਚੂਹ ਘਰ ਅੰਦਰ ਨਾ ਰਹੇ ਤੇ ਬਦਬੂ ਨਾ ਫ਼ੈਲਾਏ। ਦੂਸਰਾ ਚੂਹੇ ਦੇ ਮਰਨ ਤੋਂ ਬਾਅਦ ਚੂਹਾ ਨਾਸ਼ਕ ਦਾ ਜ਼ਹਿਰੀਲਾ ਅਸਰ ਬਿਲਕੁਲ ਖ਼ਤਮ ਹੋ ਜਾਣਾ ਚਾਹੀਦਾ ਹੈ ਤਾਂ ਕਿ ਮਰੇ ਹੋਏ ਚੂਹੇ ਨੂੰ ਬਿੱਲੀਆਂ, ਕੁੱਤੇ ਅਤੇ ਮਿੱਤਰ ਪੰਛੀ ਖਾ ਕੇ ਨਾ ਮਰ ਜਾਣ। ਚੂਹਿਆਂ ਦਾ ਜ਼ਹਿਰੀਲੇ ਚੋਗ ਨੂੰ ਖਾਣਾ, ਇਸ ਵਿਚ ਵਰਤੇ ਗਏ ਦਾਣਿਆਂ ਦੀ ਕੁਆਲਿਟੀ, ਸੁਆਦ ਅਤੇ ਮਹਿਕ 'ਤੇ ਨਿਰਭਰ ਕਰਦਾ ਹੈ। ਇਸ ਲਈ ਜ਼ਹਿਰੀਲਾ ਚੋਗ ਸਿਫ਼ਾਰਸ਼ ਕੀਤੀਆਂ ਗਈਆਂ ਵਿਧੀਆਂ ਨਾਲ ਹੀ ਬਣਾਉ।

#### ਪਿੰਡ ਪੱਧਰ 'ਤੇ ਚੂਹੇਮਾਰ ਮੁਹਿੰਮ

*ਥੋੜ੍ਹੇ ਰਕਬੇ ਵਿਚ ਚੂਹਿਆਂ ਦੀ ਰੋਕਥਾਮ ਬੇਅਸਰ ਸਾਬਤ ਹੁੰਦੀ ਹੈ।ਕਿਉਂਕਿ ਨਾਲ ਲਗਦੇ ਖੇਤਾਂ ਵਿੱਚੋਂ ਚੂਹੇ ਮੁੜ ਆ ਵਸਦੇ ਹਨ। ਚੰਗੇ ਨਤੀਜੇ ਹਾਸਲ ਕਰਨ ਲਈ ਚੂਹੇਮਾਰ ਮੁਹਿੰਮ ਨੂੰ ਪਿੰਡ ਪੱਧਰ 'ਤੇ ਅਪਨਾਉਣਾ ਬਹੁਤ ਜ਼ਰੂਰੀ ਹੈ, ਜਿਸ ਵਿਚ ਇਕ ਪਿੰਡ ਦੀ ਸਾਰੀ ਜ਼ਮੀਨ ਉੱਤੇ ਇਕੱਠੇ ਤੌਰ 'ਤੇ ਚੂਹਿਆਂ ਦਾ ਖ਼ਾਤਮਾ ਕੀਤਾ ਜਾਵੇ।*

### ਚੂਹੇਮਾਰ ਦਵਾਈਆਂ ਤੇ ਚੋਗਾ

**ਜ਼ਿੰਕ ਫਾਸਫਾਈਡ** : ਇਹ ਕਾਲੇ ਰੰਗ ਦਾ ਪਾਊਡਰ ਹੈ ਤੇ ਇਸ ਨੂੰ ਸੁੱਕਾ ਹੀ ਗੇਝ ਪਾਉਣ ਵਾਲੇ ਚੋਗੇ ਵਿਚ ਮਿਲਾਇਆ ਜਾਂਦਾ ਹੈ ਕਿਉਂਕਿ ਗਿੱਲੇ ਚੋਗੇ ਵਿਚ ਇਹ ਪਾਣੀ ਦੇ ਸੰਪਰਕ 'ਚ ਆ ਕੇ ਫਾਸਫੀਨ ਗੈਸ ਪੈਦਾ ਕਰਦਾ ਹੈ। ਇਹ ਮਨੁੱਖਾਂ ਅਤੇ ਘਰੇਲੂ ਜਾਨਵਰਾਂ ਲਈ ਕਾਫ਼ੀ ਜ਼ਹਿਰੀਲਾ ਹੈ ਅਤੇ ਜ਼ਹਿਰ ਰਲੇ ਚੋਗੇ ਦੀ ਇਕ ਬੁਰਕੀ ਹੀ ਜਾਨਵਰ ਨੂੰ ਮਾਰਨ ਦੇ ਸਮਰੱਥ ਹੈ। ਜ਼ਹਿਰ ਦੀ ਮੌਤ ਜੋਗੀ ਮਾਤਰਾ ਚੂਹੇ ਦੁਆਰਾ ਨਿਗਲਣ 'ਤੇ ਉਸ ਦੀ 12-72 ਘੰਟਿਆਂ ਵਿਚ ਮੌਤ ਹੋ ਜਾਂਦੀ ਹੈ। ਤੱਤਾਂ ਵਾਲੇ ਅਜਿਹੇ ਚੂਹਾ ਨਾਸ਼ਕਾਂ ਨੂੰ ਲੰਬੇ ਸਮੇਂ ਤਕ ਨਹੀਂ ਵਰਤਣਾ ਚਾਹੀਦਾ ਨਹੀਂ ਤਾਂ ਚੂਹੇ ਅਜਿਹਾ ਜ਼ਹਿਰ ਰਲਿਆ ਚੋਗਾ ਖਾਣਾ ਘੱਟ ਕਰ ਦਿੰਦੇ ਹਨ ਜਾਂ ਬਿਲਕੁਲ ਨਹੀ ਖਾਂਦੇ।

**ਜ਼ਿੰਕ ਫਾਸਫਾਈਡ ਵਾਲਾ ਚੋਗਾ** : ਇਕ ਕਿੱਲੋ ਕਣਕ ਦਾ ਦਲੀਆ ਲੈ ਕੇ ਉਸ ਵਿਚ 20 ਗ੍ਰਾਮ ਮੂੰਗਫਲੀ ਦਾ ਤੇਲ, 20 ਗ੍ਰਾਮ ਪੀਸੀ ਹੋਈ ਖੰਡ ਤੇ 25 ਗ੍ਰਾਮ ਜ਼ਿੰਕ ਫਾਸਫਾਈਡ ਦਵਾਈ ਪਾ ਕੇ ਚੰਗੀ ਤਰ੍ਹਾਂ ਮਿਲਾਉ। ਇਸ ਚੋਗ ਵਿਚ ਕਦੇ ਪਾਣੀ ਨਾ ਮਿਲਾਉ ਅਤੇ ਹਮੇਸ਼ਾ ਤਾਜ਼ਾ ਤਿਆਰ ਕੀਤਾ ਚੋਗਾ ਹੀ ਵਰਤੋ।

**ਐਂਟੀਕੋਆਗੁਲੈਂਟ (ਬਰੋਮਾਡਾਇਲੋਨ)** : ਇਹ ਜ਼ਹਿਰ ਥਣਧਾਰੀ ਜੀਵਾਂ ਵਿਚ ਖ਼ੂਨ ਦਾ ਥੱਕਾ ਨਹੀਂ ਬਨਣ ਦਿੰਦੇ। ਇਨ੍ਹਾਂ ਜ਼ਹਿਰਾਂ ਦੇ ਕੁਝ ਲਾਭ ਹਨ, ਜਿਸ ਕਾਰਨ ਇਹ ਸੰਸਾਰ ਵਿਚ ਪ੍ਰਸਿੱਧ ਹੋ ਚੁੱਕੇ ਹਨ ਜਿਵੇਂ ਕਿ ਇਹ ਵਰਤੋਂ 'ਚ ਆਸਾਨ ਹਨ, ਲਗਾਤਾਰ ਵਰਤੋਂ ਨਾਲ ਚੂਹੇ ਇਸ ਨੂੰ ਖਾਣਾ ਨਹੀ ਛੱਡਦੇ ਜਿਸ ਕਾਰਨ ਚੂਹਿਆਂ ਨੂੰ ਬਗ਼ੈਰ ਜ਼ਹਿਰ ਰਲਿਆ ਚੋਗਾ ਖੁਆਉਣ ਦੀ ਗੇਝ ਨਹੀਂ ਪਾਉਣੀ ਪੈਂਦੀ। ਅਜਿਹਾ ਜ਼ਹਿਰ ਰਲਿਆ ਚੋਗਾ ਖਾਣ ਤੋਂ ਬਾਅਦ ਚੂਹੇ ਘਰ ਦੇ ਅੰਦਰ ਨਹੀਂ ਮਰਦੇ ਸਗੋਂ ਤਾਜ਼ੀ ਹਵਾ ਤੇ ਪਾਣੀ ਦੀ ਭਾਲ ਲਈ ਬਾਹਰ ਆ ਜਾਂਦੇ ਹਨ। ਇਸ ਦੇ ਕੁਝ ਨੁਕਸਾਨ ਵੀ ਹਨ। ਚੂਹੇ ਨੂੰ ਮਾਰਨ ਲਈ ਜ਼ਹਿਰ ਰਲਿਆ ਚੋਗਾ 5-15 ਦਿਨਾਂ ਲਈ ਬਿਨਾ ਕੋਈ ਨਾਗਾ ਪਾਇਆਂ ਚੂਹੇ ਨੂੰ ਖੁਆਉਣਾ ਪੈਂਦਾ ਹੈ। ਇਸ ਲਈ ਇਸ ਦੀ ਵਰਤੋਂ ਮਹਿੰਗੀ ਪੈਂਦੀ ਹੈ।

ਜੇ ਚੂਹਾ ਰਹਿਤ ਕਰਨ ਵਾਲੀ ਜਗ੍ਹਾ ਘੱਟ ਹੈ, ਜਿਵੇਂ ਕਿ ਘਰ ਆਦਿ ਤਾਂ ਉਪਰੋਕਤ ਦਵਾਈ ਦੀ ਘੱਟ ਵਰਤੋਂ ਹੋਣ ਕਰਕੇ ਕੋਈ ਅਹਿਮੀਅਤ ਨਹੀ ਰਹਿ ਜਾਂਦੀ। ਇਹ ਚੂਹੇ ਨੂੰ ਮਾਰਨ ਲਈ ਜ਼ਿਆਦਾ ਸਮਾਂ ਲੈਂਦੀ ਹੈ ਇਸ ਲਈ ਅਜਿਹੇ ਜ਼ਹਿਰ ਅਜਿਹੀ ਜਗ੍ਹਾਂ 'ਤੇ ਵਰਤਣ ਦੀ ਸਲਾਹ ਨਹੀਂ ਦਿੱਤੀ ਜਾਂਦੀ ਜਿੱਥੇ ਪਲੇਗ ਫ਼ੈਲਣ ਦਾ ਖ਼ਤਰਾ ਹੋਵੇ ਕਿਉਂਕਿ ਅਜਿਹੀਆਂ ਥਾਵਾਂ 'ਤੇ ਚੂਹੇ ਜਲਦੀ ਖ਼ਤਮ ਕੀਤੇ ਜਾਣ ਦੀ ਲੋੜ ਹੁੰਦੀ ਹੈ। ਦੁਨੀਆ ਦੇ ਕੁਝ ਹਿੱਸਿਆਂ ਵਿਚ ਚੂਹੇ ਇਨ੍ਹਾਂ ਜ਼ਹਿਰਾਂ ਪ੍ਰਤੀ ਪ੍ਰਤੀਰੋਧਕਤਾ ਪੈਦਾ ਕਰ ਚੁੱਕੇ ਹਨ।

**ਬਰੋਮਾਡਾਇਲੋਨ ਵਾਲਾ ਚੋਗਾ** : ਇਕ ਕਿੱਲੋ ਕਣਕ ਦੇ ਦਲੀਏ ਵਿਚ 20 ਗ੍ਰਾਮ ਮੂੰਗਫਲੀ ਦਾ ਤੇਲ, 20 ਗ੍ਰਾਮ ਪੀਸੀ ਹੋਈ ਖੰਡ ਤੇ 20 ਗ੍ਰਾਮ ਬਰੋਮਾਡਾਇਲੋਨ ਦਵਾਈ ਪਾ ਕੇ ਚੰਗੀ ਤਰ੍ਹਾਂ ਮਿਲਾਉ। •

#### ਜ਼ਰੂਰੀ ਹਦਾਇਤਾਂ

- ਜ਼ਿੰਕ ਫਾਸਫਾਈਡ ਦਵਾਈ ਵਰਤਣ ਤੋਂ ਫੌਰਨ ਬਾਅਦ ਜੇ ਲੋੜ ਪਵੇ ਤਾਂ ਬਰੋਮਾਡਾਇਲੋਨ ਵਾਲਾ ਚੋਗਾ ਵਰਤੋ ਕਿਉਂਕਿ ਇਕ ਵਾਰ ਜ਼ਿੰਕ ਫਾਸਫਾਈਡ ਵਾਲਾ ਚੋਗਾ ਰੱਖਣ ਤੋਂ ਬਾਅਦ ਦੁਬਾਰਾ ਜ਼ਿੰਕ ਫਾਸਫਾਈਡ ਵਾਲਾ ਚੋਗਾ ਨਾ ਵਰਤੋ, ਨਹੀ ਤਾਂ ਚੂਹੇ ਚੋਗਾ ਖਾਣਾ ਬੰਦ ਕਰ ਦੇਣਗੇ।
- ਇਕ ਹੀ ਫ਼ਸਲ ਵਿਚ ਦੋ ਵਾਰ ਜ਼ਿੰਕ ਫਾਸਫਾਈਡ ਦਵਾਈ ਵਰਤਣ ਦੇ ਦਰਮਿਆਨ ਘੱਟੋ ਘੱਟ ਦੋ ਮਹੀਨੇ ਦਾ ਵਕਫ਼ਾ ਰੱਖੋ।
- ਇਕ ਏਕੜ ਵਿਚ 40 ਥਾਵਾਂ 'ਤੇ 10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬਰੋਮਾਡਾਈਲੋਨ ਦਾ ਚੋਗ ਹਰ ਇਕ ਜਗ੍ਹਾਂ 'ਤੇ ਰੱਖੋ ਜਾਂ ਸ਼ਾਮ ਨੂੰ ਚੂਹਿਆਂ ਦੀਆਂ ਸਾਰੀਆਂ ਖੁੱਡਾਂ ਨੂੰ ਬੰਦ ਕਰੋ ਤੇ ਅਗਲੇ ਦਿਨ ਨਵੀਆਂ ਖੁੱਲ੍ਹੀਆਂ ਖੁੱਡਾਂ ਵਿਚ 10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬਰੋਮਾਡਾਇਲੋਨ ਵਾਲੇ ਚੋਗੇ ਨੂੰ ਕਾਗਜ਼ ਦੀਆਂ ਢਿੱਲੀਆਂ ਪੁੜੀਆਂ ਵਿਚ ਪਾ ਕੇ ਖੁੱਡ ਦੇ ਅੰਦਰ ਕਰੀਬ 6 ਇੰਚ ਡੂੰਘਾ ਰੱਖੋ।
- ਝੋਨੇ ਵਿਚ ਚੋਗਾ ਦੋਧੇ ਪੈਣ ਤੋਂ ਪਹਿਲਾਂ ਰੱਖੋ ਨਹੀ ਤਾਂ ਪੱਕ ਰਹੀ ਫ਼ਸਲ 'ਚ ਰੱਖਿਆ ਚੋਗਾ ਖਾਣ ਤੋਂ ਚੂਹੇ ਗੁਰੇਜ਼ ਕਰਨਗੇ।



# ਬੇਵਫ਼ਾਈ ਦੀ ਸ਼ੰਕਾ ਓਥੈਲੋ ਸਿੰਡਰੋਮ



ਡਾ. ਹਰਸ਼ਿੰਦਰ ਕੌਰ, ਐਮ. ਡੀ.
0175-2216783



ਜੇ ਜਿਸਮਾਨੀ ਸਬੰਧਾਂ ਪ੍ਰਤੀ ਸ਼ੰਕਾ ਪੈਦਾ ਹੋ ਜਾਵੇ ਤਾਂ ਬਹੁਤੀ ਵਾਰ ਗੱਲ ਤਲਾਕ, ਕਤਲ ਜਾਂ ਖ਼ੁਦਕੁਸ਼ੀ ਉੱਤੇ ਜਾ ਕੇ ਮੁੱਕਦੀ ਹੈ। ਕਈ ਵਾਰ ਅਜਿਹੇ ਸ਼ੰਕੇ ਸੱਚ ਵੀ ਨਹੀਂ ਹੁੰਦੇ। ਬੇਬੁਨਿਆਦ ਅਤੇ ਸ਼ੱਕ ਦੇ ਆਧਾਰ ਉੱਤੇ ਲੱਗੀਆਂ ਤੁਹਮਤਾਂ ਨਾਲ ਰਿਸ਼ਤੇ ਤਿੜਕ ਜਾਂਦੇ ਹਨ ਤੇ ਮਾਰ-ਕੁਟਾਈ ਜਾਂ ਗਾਲੀ-ਗਲੋਚ ਸ਼ੁਰੂ ਹੋ ਜਾਂਦੀ ਹੈ। ਅਜਿਹਾ ਹੀ ਬੇਵਫ਼ਾਈ ਦਾ ਬੇਬੁਨਿਆਦ ਸ਼ੱਕ, ਜਿਸ ਨੂੰ ਓਥੈਲੋ ਸਿੰਡਰੋਮ ਕਹਿੰਦੇ ਹਨ, ਵਿਚ ਪਤਨੀ ਜਾਂ ਪਤੀ ਬੇਵਫ਼ਾ ਨਹੀਂ ਹੁੰਦੇ ਪਰ ਮਨ ਦੇ ਕਿਸੇ ਕੋਨੇ ਵਿਚ ਥਾਂ ਮੱਲੀ ਬੈਠਾ ਸ਼ੱਕ ਦਾ ਕੀੜਾ ਪਤੀ ਨੂੰ ਪਤਨੀ ਵਿਰੁੱਧ ਭੜਕਾਉਂਦਾ ਰਹਿੰਦਾ ਹੈ।

ਸੌਖੇ ਸ਼ਬਦਾਂ ਵਿਚ ਓਥੈਲੋ ਸਿੰਡਰੋਮ ਬੇਬੁਨਿਆਦ ਸ਼ੱਕ ਉੱਤੇ ਆਧਾਰਿਤ ਵਿਆਹੁਤਾ ਜ਼ਿੰਦਗੀ ਵਿਚਲੀ ਬੇਵਫ਼ਾਈ ਨੂੰ ਕਹਿੰਦੇ ਹਨ। ਇਹ ਸਿੰਡਰੋਮ ਜ਼ਿਆਦਾਤਰ ਮਰਦਾਂ ਵਿਚ ਹੁੰਦਾ ਹੈ। ਇਸ ਵਿਚ ਵਾਰ-ਵਾਰ ਸਾਥੀ ਤੋਂ ਪੁੱਛ ਪੜਤਾਲ, ਉਸ ਦੀ ਜਾਸੂਸੀ ਕਰਵਾਉਣੀ, ਨਿੱਕੀ-ਨਿੱਕੀ ਗੱਲ ਉੱਤੇ ਰੋਜ਼ ਕਸਮਾਂ ਖੁਆਉਣੀਆਂ, ਮੈਡੀਕਲ ਚੈਕਅਪ ਕਰਵਾਉਣਾ, ਲੁਕ-ਲੁਕ ਕੇ ਪਿੱਛਾ ਕਰਨਾ, ਸ਼ੱਕ ਦੇ ਆਧਾਰ ਉੱਤੇ ਮਾਰ ਕੁਟਾਈ, ਕੈਦ ਕਰ ਕੇ ਰੱਖਣਾ, ਲਗਾਤਾਰ ਲਾਅਨਤਾਂ ਪਾਉਂਦੇ ਰਹਿਣਾ, ਆਦਿ ਸ਼ਾਮਲ ਹਨ। ਸ਼ਰਾਬ ਪੀਣ ਵਾਲੇ ਮਰਦਾਂ ਵਿਚ, ਕੋਕੀਨ ਦੀ ਵਰਤੋਂ ਕਰਨ ਵਾਲਿਆਂ ਵਿਚ, ਸਕੀਜ਼ੋਫਰੀਨੀਆ, ਪੈਰਾਨਾਇਡ ਰੋਗ ਆਦਿ ਵਾਲੇ ਮਰਦਾਂ ਵਿਚ ਵੀ ਇਹ ਆਮ ਹੀ ਵੇਖਣ ਨੂੰ ਮਿਲਦਾ ਹੈ। ਬਹੁਤੀ ਸ਼ਰਾਬ ਪੀਣ ਨਾਲ ਅਤੇ ਕੋਕੀਨ ਦੀ ਵਰਤੋਂ ਨਾਲ ਟੈਸਟੋਸਟੀਰੋਨ ਦੀ ਮਾਤਰਾ ਘੱਟ ਜਾਂਦੀ ਹੈ ਤੇ ਕਈ ਵਾਰ ਮਰਦ ਨਪੁੰਸਕ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਆਪਣੇ ਉੱਤੇ ਕੋਈ ਇਲਜ਼ਾਮ ਲੈਣ ਦੀ ਥਾਂ ਔਰਤ ਉੱਤੇ ਸ਼ੱਕ ਜ਼ਾਹਰ ਕਰ ਕੇ, ਉਸ ਦੀ ਮਾਰ ਕੁਟਾਈ ਕਰ ਕੇ, ਲੋਕਾਂ ਵਿਚ ਉਸ ਨੂੰ ਬੇਵਜ੍ਹਾ ਬਦਨਾਮ ਕਰ ਕੇ, ਆਪਣੀ ਨਾਮਰਦੀ ਲੁਕਾਉਣ ਦਾ ਇਕ ਜ਼ਰੀਆ ਬਣਾ ਲਿਆ ਜਾਂਦਾ ਹੈ। ਇੰਗਲੈਂਡ ਦੇ ਮਨੋਵਿਗਿਆਨੀ ਡਾਕਟਰ ਜੌਨ ਟੌਡ ਨੇ ਆਪਣੀ ਖੋਜ ਵਿਚ ਪਹਿਲੀ ਵਾਰ ਜਿਸਮਾਨੀ ਸਬੰਧਾਂ ਵਿਚਲੀ ਸ਼ੰਕਾ ਨੂੰ ਜਗ ਜ਼ਾਹਿਰ ਕੀਤਾ, ਜਿਸ ਵਿਚ ਬਿਨਾਂ ਸਬੂਤਾਂ ਦੇ, ਮਨਘੜੰਤ ਬੇਵਫ਼ਾਈ ਦਾ ਇਲਜ਼ਾਮ ਲਾਇਆ ਜਾ ਰਿਹਾ ਸੀ। ਅਜਿਹੀ ਸੋਚ ਦਾ ਘਿਨਾਉਣਾ ਅੰਤ ਵੇਖਦੇ ਹੋਏ ਇਸ ਮਾਨਸਿਕ ਰੋਗ ਨੂੰ ਪਛਾਣ ਕੇ ਉਸ ਦਾ ਤੁਰੰਤ ਇਲਾਜ ਕਰਵਾਉਣ ਦੀ ਲੋੜ ਸਮਝੀ ਗਈ ਹੈ। ਪਤੀ-ਪਤਨੀ ਦੀ ਆਪਸੀ ਤਕਰਾਰ ਜਾਂ ਕਿਸੇ ਆਪਣੇ ਨਾਲ ਦੇ ਨੂੰ ਅਗਾਂਹ ਲੰਘਦੇ ਦੇਖ ਮਨ ਵਿਚ ਸਾੜਾ ਮਹਿਸੂਸ ਹੋਣਾ ਨਾਰਮਲ ਹੀ ਗਿਣਿਆ ਜਾਂਦਾ ਹੈ ਪਰ, ਓਥੈਲੋ ਸਿੰਡਰੋਮ ਦੇ ਲੱਛਣ ਕਿਸੇ ਵੀ ਹਾਲ ਵਿਚ ਨਾਰਮਲ ਨਹੀਂ ਹਨ। ਮਨ ਵਿਚ ਕਿਸੇ ਹੋਰ ਪ੍ਰਤੀ ਸਾੜਾ ਪੈਦਾ ਹੋਣ ਦਾ ਮਤਲਬ ਹੁੰਦਾ ਹੈ ਕਿ ਅਸੀਂ ਆਪ ਘਬਰਾ ਚੁੱਕੇ ਹਾਂ ਕਿ ਦੂਜਾ ਸਾਨੂੰ ਕਿਤੇ ਢਾਅ ਨਾ ਲਵੇ ਜਾਂ ਕਿਤੇ ਹੋਰਨਾਂ ਸਾਹਮਣੇ ਸਾਡੀ ਪਿੱਠ ਨਾ ਲੱਗ ਜਾਏ। ਅਮਰੀਕਾ ਵਿਚ ਪਤਨੀ ਉੱਤੇ ਬੇਵਜ੍ਹਾ ਸ਼ੱਕ ਕਰਨ ਵਾਲੇ ਅਨੇਕ ਮਰਦਾਂ ਉੱਤੇ ਖੋਜ ਕਰ ਕੇ ਉਨ੍ਹਾਂ ਵਿੱਚੋਂ ਓਥੈਲੋ ਸਿੰਡਰੋਮ ਵਾਲੇ 105 ਮਰੀਜ਼ਾਂ (ਬਹੁਗਿਣਤੀ ਮਰਦ-61.9 ਫੀਸਦੀ) ਉੱਤੇ ਢੇਰ ਸਾਰੇ ਟੈਸਟ ਕਰਨ ਬਾਅਦ ਪਤਾ ਲੱਗਿਆ ਕਿ ਇਹ ਸਿਰਫ਼ ਸ਼ੱਕ ਨਹੀਂ ਬਲਕਿ ਦਿਮਾਗ਼ੀ ਜਾਂ ਮਾਨਸਿਕ ਰੋਗ ਹੈ ਜਿਸ ਦੀਆਂ ਜੜ੍ਹਾਂ ਡੂੰਘੀਆਂ ਹਨ ਤੇ ਇਸ ਦਾ ਇਲਾਜ ਕਰਨ ਦੀ ਸਖ਼ਤ ਲੋੜ ਹੈ। ਇਨ੍ਹਾਂ 105 ਮਰੀਜ਼ਾਂ ਵਿੱਚੋਂ 73 ਨੂੰ ਦਿਮਾਗ਼ੀ ਰੋਗ ਲੱਭਿਆ ਤੇ 32 ਨੂੰ ਮਾਨਸਿਕ ਰੋਗ। ਦਿਮਾਗ਼ੀ ਰੋਗੀਆਂ ਨੂੰ 'ਨਿਊਰੋਡੀਜੈਨੇਰੇਟਿਵ ਡਿਸਔਰਡਰ' ਹੋਇਆ ਲੱਭਿਆ। ਇਨ੍ਹਾਂ ਮਰੀਜ਼ਾਂ ਦਾ ਦਿਮਾਗ਼ ਸੁੰਗੜਨ ਲੱਗ ਚੁੱਕਿਆ ਸੀ। ਇਨ੍ਹਾਂ ਵਿੱਚੋਂ ਸਾਰਿਆਂ ਦੇ ਹੀ ਦਿਮਾਗ਼ ਦੇ ਸੱਜੇ ਫਰੰਟਲ ਲੋਬ ਵਾਲੇ ਹਿੱਸੇ ਵਿਚਲਾ 'ਗਰੇ ਮੈਟਰ' ਖੁਰਿਆ ਅਤੇ ਘਟਿਆ ਹੋਇਆ ਦਿਸਿਆ। ਇਕ ਹੋਰ ਤੱਥ ਸਾਹਮਣੇ ਆਇਆ। ਕੁੱਝ ਪਾਰਕਿਨਸਨ ਦੇ ਮਰੀਜ਼ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਉੱਕਾ ਹੀ ਨਾਰਮਲ ਸਨ। ਇਨ੍ਹਾਂ ਨੂੰ ਦਵਾਈ ਸ਼ੁਰੂ ਕਰਨ ਬਾਅਦ ਪਤਨੀ ਉੱਤੇ ਬੇਵਜ੍ਹਾ ਸ਼ੱਕ ਹੋਣਾ ਸ਼ੁਰੂ ਹੋ ਗਿਆ। ਇਹ ਦਵਾਈ ਡੋਪਾਮੀਨ, ਪਾਰਕਿਨਸਨ ਦਾ ਇਲਾਜ ਕਰਨ ਲਈ ਦਿੱਤੀ ਗਈ ਸੀ ਪਰ ਉਸ ਨਾਲ ਦਿਮਾਗ਼ ਦਾ ਕੁੱਝ ਹਿੱਸਾ ਸੁੰਨ ਹੋਣ ਨਾਲ ਉਥਲ-ਪੁਥਲ ਸ਼ੁਰੂ ਹੋ ਗਈ, ਜੋ ਮਨ ਵਿਚ ਸ਼ੱਕ ਦਾ ਬੀਜ ਬੋ ਗਈ ਅਤੇ ਮਰੀਜ਼ ਨੂੰ ਆਪਣਾ ਆਪ ਕਮਜ਼ੋਰ ਲੱਗਣ ਲੱਗ ਪਿਆ ਅਤੇ ਪਤਨੀ ਚੁਸਤ-ਦਰੁਸਤ ਜਾਪਣ ਲੱਗ ਪਈ। ਪਤਨੀ ਦੀ ਜਾਸੂਸੀ, ਉਸ ਦੀ ਮਾਰ-ਕੁਟਾਈ ਤੇ ਕਤਲ ਤਕ ਕਰਨ ਦੀ ਕੋਸ਼ਿਸ਼ ਤੋਂ ਬਾਅਦ ਗੁਆਂਢੀਆਂ ਦੀ ਸ਼ਿਕਾਇਤ ਉੱਤੇ ਜਦੋਂ ਪੁਲਿਸ ਨੇ ਇਨ੍ਹਾਂ ਤਿੰਨੋਂ 42 ਤੋਂ 45 ਸਾਲ ਦੇ ਮਰੀਜ਼ਾਂ ਨੂੰ ਫੜਿਆ ਤਾਂ ਡਾਕਟਰੀ ਮੁਆਇਨੇ ਬਾਅਦ ਪਤਾ ਲੱਗਿਆ ਕਿ ਇਹ ਸਭ ਓਥੈਲੋ ਸਿੰਡਰੋਮ ਦੇ ਸ਼ਿਕਾਰ ਹੋ ਚੁੱਕੇ ਹੋਏ ਸਨ। ਇਕ ਜਣਾ ਤਾਂ ਪਤਨੀ ਦੇ ਨਹਾਉਣ ਦੇ ਸਮੇਂ ਵਿਚ ਇਕ ਮਿੰਟ ਦੇ ਵਾਧੇ ਨੂੰ ਵੀ ਸ਼ੱਕੀ ਨਿਗਾਹ ਨਾਲ ਵੇਖਦਾ ਸੀ। ਇਕ ਖਿੜਕੀ ਖੋਲ੍ਹਣ ਨੂੰ ਵੀ ਇਸ਼ਾਰਾ ਮੰਨਦਾ ਸੀ। ਇਕ ਹਰ ਫ਼ੋਨ ਦੀ ਘੰਟੀ ਵੱਜਣ ਉੱਤੇ ਪਤਨੀ ਦਾ ਗਲਾ ਘੁੱਟਣ ਤਕ ਜਾਂਦਾ ਸੀ, ਭਾਵੇਂ ਉਸ ਦੀ ਆਪਣੀ ਸਕੀ ਭੈਣ ਦਾ ਫ਼ੋਨ ਹੀ ਕਿਉਂ ਨਾ ਹੋਵੇ। ਇਹ ਸਾਰੇ ਕੇਸ ਡੋਪਾਮੀਨ ਦਵਾਈ ਦੀ ਮਾਤਰਾ ਘਟਾਉਣ ਨਾਲ ਠੀਕ ਹੋ ਗਏ। ਇਸ ਰੋਗ ਦੇ ਮਰੀਜ਼ ਆਪਣੀਆਂ ਪਤਨੀਆਂ ਨੂੰ ਲਗਪਗ ਕੈਦੀ ਬਣਾ ਕੇ ਰੱਖਣ ਲੱਗ ਪੈਂਦੇ ਹਨ ਅਤੇ ਕਿਸੇ ਬੱਚੇ ਤਕ ਵੱਲੋਂ ਪਤਨੀ ਦੀ ਕੀਤੀ ਤਾਰੀਫ਼ ਉੱਤੇ ਭੜਕ ਪੈਂਦੇ ਹਨ। ਇਹ ਮਰੀਜ਼ ਕਿਆਸ ਲਾਉਣ ਲੱਗ ਪੈਂਦੇ ਹਨ ਕਿ ਪਤਨੀ ਉਨ੍ਹਾਂ ਨੂੰ ਜ਼ਹਿਰ ਦੇ ਰਹੀ ਹੈ, ਕਿਸੇ ਤੋਂ ਪਿੱਛਾ ਕਰਵਾ ਰਹੀ ਹੈ, ਕਿਸੇ ਕੋਲੋਂ ਮਰਵਾ ਦੇਵੇਗੀ, ਆਦਿ। ਅਸਲ ਅਤੇ ਨਕਲ, ਗ਼ਲਤ ਅਤੇ ਸਹੀ, ਸੱਚ ਅਤੇ ਝੂਠ ਵਿਚ ਫ਼ਰਕ ਕਰਨਾ ਇਨ੍ਹਾਂ ਲਈ ਮੁਸ਼ਕਲ ਹੋ ਜਾਂਦਾ ਹੈ। ਕੁੱਝ ਵੀ ਨਾ ਹੋਣ ਉੱਤੇ ਉਹ ਆਪਣੇ ਖ਼ਿਆਲਾਂ ਵਿਚ ਕਹਾਣੀ ਘੜ ਲੈਂਦੇ ਹਨ। ਮਸਲਨ ਕਮਰੇ ਅੰਦਰ ਪਰਦਾ ਹਿੱਲਣ ਦਾ ਮਤਲਬ ਹੈ ਕਿ ਪਤਨੀ ਦਾ ਯਾਰ ਇੱਥੋਂ ਹੁਣੇ ਕੁੱਦ ਕੇ ਗਿਆ ਹੈ! ਭਾਵੇਂ ਖਿੜਕੀ ਵਿੱਚੋਂ ਹਵਾ ਚੱਲਣ ਕਾਰਨ ਹੀ ਪਰਦਾ ਹਿੱਲ ਰਿਹਾ ਹੋਵੇ, ਪਤੀ ਮਾਰ-ਕੁਟਾਈ ਉੱਤੇ ਉਤਰ ਆਉਂਦਾ ਹੈ ਜਾਂ ਕਿਸੇ ਸਹੇਲੀ ਵੱਲੋਂ ਫ਼ੋਨ ਉੱਤੇ ਦੱਸੀ ਹਾਸੇ ਦੀ ਗੱਲ ਉੱਤੇ ਮੁਸਕੁਰਾਉਣ ਨਾਲ ਹੀ ਪਤਨੀ ਦੀ ਝੰਬ ਲਾਹ ਦੇਣੀ ਕਿ ਇਹ ਜ਼ਰੂਰ ਉਸ ਦੇ ਯਾਰ ਬਾਰੇ ਗੱਲ ਕੀਤੀ ਗਈ ਹੈ। ਭਾਰਤ ਵਿਚ ਅਜਿਹੇ ਕੇਸ ਬੇਅੰਤ ਹਨ ਪਰ ਇਲਾਜ ਲਈ ਡਾਕਟਰ ਕੋਲ ਨਹੀਂ ਲਿਜਾਏ ਜਾ ਰਹੇ। ਕੁੱਝ ਓਥੈਲੋ ਸਿੰਡਰੋਮ ਵਾਲੇ ਕੇਸਾਂ ਦੇ ਪਿਛੋਕੜ ਵਿਚ ਝਾਤ ਮਾਰਨ ਤੋਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਨੇ ਆਪਣੇ ਆਲੇ-ਦੁਆਲੇ, ਰਿਸ਼ਤੇਦਾਰੀ, ਦੋਸਤਾਂ ਵਿਚ ਜਾਂ ਘਰ ਵਿਚ ਹੀ ਜੇਠ-ਜਠਾਣੀ, ਦਿਓਰ-ਦਿਓਰਾਣੀ ਆਦਿ ਵਿਚ ਬੇਵਫ਼ਾਈ ਹੁੰਦੀ ਵੇਖੀ ਸੀ, ਜਿਸ ਨਾਲ ਉਨ੍ਹਾਂ ਦੇ ਦਿਮਾਗ਼ ਅੰਦਰ ਵੀ ਉਥਲ-ਪੁਥਲ ਮਚ ਗਈ ਤੇ ਕਿਤੇ ਸ਼ੱਕ ਦਾ ਬੀਜ ਪੁੰਗਰ ਪਿਆ ਜਿਸ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਹੌਲੀ-ਹੌਲੀ ਸ਼ੱਕ ਦਿਮਾਗ਼ੀ ਰੋਗ ਬਣ ਗਿਆ ਤੇ ਮਾਨਸਿਕ ਗੁੰਝਲਾਂ ਵਧ ਗਈਆਂ। ਕੁੱਝ ਨੇ ਸ਼ਰਾਬ ਦਾ ਸਹਾਰਾ ਲੈ ਲਿਆ ਤੇ ਕੁੱਝ ਨੇ ਨਸ਼ੇ ਦਾ। ਇਸ ਦਾ ਫੌਰੀ ਇਲਾਜ ਨਾ ਕੀਤਾ ਜਾਵੇ ਤਾਂ ਹੌਲੀ-ਹੌਲੀ ਦਿਮਾਗ਼ ਅੰਦਰਲੇ ਫਰੰਟਲ ਲੋਬ ਹਿੱਸੇ ਵਿਚਲਾ ਗਰੇ ਮੈਟਰ ਖੁਰਨ ਲੱਗ ਪੈਂਦਾ ਹੈ ਤੇ ਓਥੈਲੋ ਸਿੰਡਰੋਮ ਰੋਗ ਬਣ ਜਾਂਦਾ ਹੈ।

*ਇਹ ਸਿੰਡਰੋਮ ਜ਼ਿਆਦਾਤਰ ਮਰਦਾਂ ਵਿਚ ਹੁੰਦਾ ਹੈ। ਇਸ ਵਿਚ ਵਾਰ-ਵਾਰ ਸਾਥੀ ਤੋਂ ਪੁੱਛ ਪੜਤਾਲ, ਉਸ ਦੀ ਜਾਸੂਸੀ ਕਰਵਾਉਣੀ, ਨਿੱਕੀ-ਨਿੱਕੀ ਗੱਲ 'ਤੇ ਰੋਜ਼ ਕਸਮਾਂ ਖੁਆਉਣੀਆਂ, ਮੈਡੀਕਲ ਚੈੱਕਅਪ ਕਰਵਾਉਣਾ, ਲੁਕ-ਲੁਕ ਕੇ ਪਿੱਛਾ ਕਰਨਾ ਆਦਿ ਸ਼ਾਮਿਲ ਹਨ...*

# ਤੰਦਰੁਸਤ ਕਿਵੇਂ ਰਹੀਏ?

ਡਾ. ਫ਼ਕੀਰ ਚੰਦ ਸ਼ੁਕਲਾ

ਜੇ ਸਹੀ ਤਰੀਕੇ ਨਾਲ ਨਾ ਖਾਧਾ ਜਾਵੇ ਤਾਂ ਸਰੀਰ ਨੂੰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਪ੍ਰੋਟੀਨ, ਕਾਰਬੋਜ਼, ਚਿਕਨਾਈ, ਵਿਟਾਮਨ ਅਤੇ ਖਣਿਜ ਪਦਾਰਥ ਵੱਖ-ਵੱਖ ਮਾਤਰਾ ਵਿਚ ਸਾਡੇ ਸਰੀਰ ਲਈ ਲੋੜੀਂਦੇ ਹਨ। ਸਰੀਰ ਦੇ ਵਧਣ ਫੁੱਲਣ ਲਈ ਵੀ ਅਤੇ ਸਰੀਰ ਨੂੰ ਰੋਗਾਂ ਤੋਂ ਬਚਾਉਣ ਵਾਲੇ ਐਂਟੀਬਾਡੀਜ਼ ਦੇ ਨਿਰਮਾਣ ਲਈ ਵੀ ਸਾਨੂੰ ਪ੍ਰੋਟੀਨ ਦੀ ਲੋੜ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਭੋਜਨ ਨੂੰ ਹਜ਼ਮ ਕਰਨ ਵਾਲੇ ਐਨਜ਼ਾਈਮ ਵੀ ਪ੍ਰੋਟੀਨ ਦੇ ਹੀ ਬਣੇ ਹੁੰਦੇ ਹਨ। ਪ੍ਰੋਟੀਨ ਸਾਨੂੰ ਅਨਾਜ, ਦਾਲਾਂ ਅਤੇ ਸਬਜ਼ੀਆਂ ਤੋਂ ਵੀ ਮਿਲ ਜਾਂਦੀ ਹੈ ਅਤੇ ਮਾਸ,ਮੱਛੀ ਅਤੇ ਆਂਡੇ ਤੋਂ ਵੀ ਪਰ ਮਾਸਾਹਾਰੀ ਸੋਮਿਆਂ ਤੋਂ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਨੂੰ ਉੱਤਮ ਕਿਸਮ ਦੀ ਪ੍ਰੋਟੀਨ ਸਮਝਿਆ ਜਾਂਦਾ ਹੈ ਪਰ ਇਸ ਦਾ ਮਤਲਬ ਇਹ ਵੀ ਨਾ ਸਮਝਣਾ ਕਿ ਸ਼ਾਕਾਹਾਰੀ ਬੰਦਿਆਂ ਨੂੰ ਘਟੀਆ ਕਿਸਮ ਦੀ ਪ੍ਰੋਟੀਨ ਮਿਲਦੀ ਹੈ। ਸ਼ਾਕਾਹਾਰੀ ਲੋਕ ਅਕਸਰ ਦੁੱਧ ਪੀਂਦੇ ਹਨ ਭਾਵੇਂ ਇਹ ਦੁੱਧ ਪਸ਼ੂਆਂ ਤੋਂ ਹੀ ਮਿਲਦਾ ਹੈ। ਇੰਝ ਉਨ੍ਹਾਂ ਨੂੰ ਵਧੀਆ ਕਿਸਮ ਦੀ ਪ੍ਰੋਟੀਨ ਪ੍ਰਾਪਤ ਹੋ ਜਾਂਦੀ ਹੈ। ਉਂਜ ਵੀ ਸ਼ਾਕਾਹਾਰੀ ਵਿਅਕਤੀਆਂ ਨੂੰ ਰਲਾ-ਮਿਲਾ ਕੇ ਭੋਜਨ ਕਰਨਾ ਚਾਹੀਦਾ ਹੈ ਜਿਵੇਂ ਕਿ ਦਾਲ ਚੌਲ,ਮਿੱਸੇ ਆਟੇ ਦੀ ਰੋਟੀ। ਕਦੇ-ਕਦੇ ਮਲਟੀ ਗਰੇਨਜ਼ ਭਾਵ ਕਈ ਤਰ੍ਹਾਂ ਦੇ ਅਨਾਜ ਦੀ ਰੋਟੀ(ਜਿਵੇਂ ਕਿ ਕਣਕ,ਬਾਜ਼ਰਾ,ਜੌਂ,ਛੋਲੇ,ਸੋਇਆਬੀਨ ਆਦਿ) ਦੀ ਵਰਤੋਂ ਨਾਲ ਉਨ੍ਹਾਂ ਦੀ ਪ੍ਰੋਟੀਨ ਦੀ ਲੋੜ ਪੂਰੀ ਹੋ ਜਾਂਦੀ ਹੈ। ਕੰਮ ਕਰਨ ਵਾਲੇ ਇਕ ਆਦਮੀ ਨੂੰ ਪ੍ਰਤੀ ਦਿਨ 60 ਗ੍ਰਾਮ ਪ੍ਰੋਟੀਨ ਦੀ ਲੋੜ ਹੁੰਦੀ ਹੈ ਭਾਵੇਂ ਪ੍ਰੋਟੀਨ ਦੀ ਘਾਟ ਨਾਲ ਕਈ ਤਰ੍ਹਾਂ ਦੇ ਰੋਗ ਹੋ ਜਾਂਦੇ ਹਨ ਪਰ ਬਹੁਤ ਜ਼ਿਆਦਾ ਮਾਤਰਾ ਵਿਚ ਇਸ ਦੀ ਵਰਤੋਂ ਨਾਲ ਹਾਈ ਬਲੱਡ ਪ੍ਰੈਸ਼ਰ ਅਤੇ ਜੋੜ੍ਹਾਂ ਵਿਚ ਦਰਦ ਹੋਣ ਦੀ ਸ਼ਿਕਾਇਤ ਹੋ ਸਕਦੀ ਹੈ। ਕਾਰਬੋਜਾਂ ਦੀ ਵਰਤੋਂ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਦਾਲਾਂ,ਅਨਾਜ,ਆਲੂ,ਸ਼ਕਰਕੰਦੀ ਆਦਿ ਵੀ ਵਰਤੋਂ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ। ਹਰ ਰੋਜ਼ 2900 ਕੈਲੋਰੀਆਂ ਦੀ ਲੋੜ ਹੁੰਦੀ ਹੈ ਜਿਵੇਂ ਵਿਅਕਤੀ ਦਾ ਕੱਦ ਮੀਟਰ ਜਾਂ ਫੁੱਟਾਂ ਵਿਚ ਅਤੇ ਭਾਰ ਕਿੱਲੋਗ੍ਰਾਮ ਵਿਚ ਮਾਪਿਆ ਜਾਂਦਾ ਹੈ, ਉਸੇ ਤਰ੍ਹਾਂ ਊਰਜਾ ਨੂੰ ਕੈਲੋਰੀਆਂ ਵਿਚ ਮਾਪਦੇ ਹਨ। ਇਕ ਵਿਅਕਤੀ ਦੀ ਖ਼ੁਰਾਕ ਵਿਚ 60 ਤੋਂ 65 ਫ਼ੀਸਦੀ ਕੈਲੋਰੀਆਂ ਕਾਰਬੋਜਾਂ ਤੋਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ ਜਦਕਿ 10 ਤੋਂ 15 ਫ਼ੀਸੀਦੀ ਪ੍ਰੋਟੀਨ ਤੋਂ ਅਤੇ 15 ਤੋਂ 20 ਫ਼ੀਸਦੀ ਚਿਕਨਾਈ ਤੋਂ ਪਰ ਕਾਰਬੋਜਾਂ ਦੀ ਬੇਲੋੜੀ ਵਰਤੋਂ ਨਾਲ ਵਾਧੂ ਕੈਲੋਰੀਆਂ ਪ੍ਰਾਪਤ ਹੋਣ ਕਰਕੇ ਮੋਟਾਪਾ ਹੋ ਜਾਂਦਾ ਹੈ ਅਤੇ ਮੋਟਾਪੇ ਨੂੰ ਤਾਂ ਸੌ ਬਿਮਾਰੀਆਂ ਦੀ ਜੜ੍ਹ ਕਿਹਾ ਜਾਂਦਾ ਹੈ । ਹਾਈ ਬਲੱਡ ਪ੍ਰੈਸ਼ਰ,ਦਿਲ ਦੇ ਰੋਗ,ਸ਼ੂਗਰ ਵਰਗੇ ਜ਼ਿਆਦਾਤਰ ਰੋਗ ਮੋਟਾਪੇ ਕਾਰਨ ਹੀ ਹੁੰਦੇ ਹਨ।

ਸਾਨੂੰ ਆਟੇ ਨੂੰ ਬਗੈਰ ਛਾਣਿਆਂ ਹੀ ਇਸਤੇਮਾਲ ਕਰਨਾ ਚਾਹੀਦਾ ਹੈ ਕਿਉਂਕਿ ਆਟੇ ਦੇ ਬੂਰੇ ਵਿਚ ਰੇਸ਼ਾ ਭਾਵ ਫਾਇਬਰ ਹੁੰਦਾ ਹੈ ਜਿਹੜਾ ਪੇਟ ਨੂੰ ਸਾਫ਼ ਰੱਖਣ ਵਿਚ ਮਦਦ ਕਰਦਾ ਹੈ। ਘਿਓ ਅਤੇ ਤੇਲ ਦੀ ਵਰਤੋਂ ਨਾਲ ਸਰੀਰ ਨੂੰ ਊਰਜਾ ਦੀਆਂ ਸਭ ਤੋਂ ਵੱਧ ਕੈਲੋਰੀਆਂ ਮਿਲਦੀਆਂ ਹਨ। ਇਕ ਗ੍ਰਾਮ ਘਿਓ ਜਾਂ ਤੇਲ ਤੋਂ 9 ਕੈਲੋਰੀਆਂ ਪ੍ਰਾਪਤ ਹੁੰਦੀਆਂ ਹਨ ਜਦਕਿ ਇਕ ਗ੍ਰਾਮ ਕਾਰਬੋਜ ਜਾਂ ਪ੍ਰੋਟੀਨ ਤੋਂ 4 ਕੈਲੋਰੀਆਂ ਹੀ ਮਿਲਦੀਆਂ ਹਨ। ਜੇ ਤੁਸੀਂ ਰਿਫਾਈਂਡ ਤੇਲ ਵਰਤਦੇ ਹੋ ਤਾਂ ਹਰ ਵਾਰ ਇਕੋ ਤਰ੍ਹਾਂ ਦਾ ਤੇਲ ਨਹੀਂ ਇਸਤੇਮਾਲ ਕਰਨਾ ਚਾਹੀਦਾ। ਜੇ ਇਕ ਵਾਰੀ ਸੋਇਆਬੀਨ ਦਾ ਤੇਲ ਵਰਤਿਆ ਹੈ ਤਾਂ ਅਗਲੀ ਵਾਰ ਸੂਰਜਮੁਖੀ ਜਾਂ ਕੋਈ ਹੋਰ ਰਿਫਾਈਂਡ ਤੇਲ ਵਰਤਣਾ ਚਾਹੀਦਾ ਹੈ। ਤੰਦਰੁਸਤ ਰਹਿਣ ਲਈ ਸਾਨੂੰ ਹਰ ਰੋਜ਼ ਚਾਰ-ਪੰਜ ਚਮੱਚ ਭਾਵ 20 ਤੋਂ 25 ਗ੍ਰਾਮ ਘਿਓ ਅਤੇ ਤੇਲ ਦੀ ਲੋੜ ਹੁੰਦੀ ਹੈ। ਰੋਜ਼ ਇਕ ਗਲਾਸ ਦੁੱਧ ਜ਼ਰੂਰ ਪੀਣਾ ਚਾਹੀਦਾ ਹੈ। ਜੇ ਦੁੱਧ ਚੰਗਾ ਨਹੀਂ ਲੱਗਦਾ ਤਾਂ ਦਹੀਂ ਦੀ ਵਰਤੋਂ ਕਰ ਸਕਦੇ ਹੋ। ਉਂਜ ਸਿਹਤ ਲਈ ਦੁੱਧ ਨਾਲੋਂ ਦਹੀਂ ਜ਼ਿਆਦਾ ਲਾਭਦਾਇਕ ਹੈ। ਇਸ ਦੀ ਵਰਤੋਂ ਨਾਲ ਪਾਚਨ-ਕਿਰਿਆ ਠੀਕ ਰਹਿੰਦੀ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਵਰਤੋਂ ਨਾਲ ਸਰੀਰ ਨੂੰ ਉੱਤਮ ਕਿਸਮ ਦੀ ਪ੍ਰੋਟੀਨ ਸਮੇਤ ਖਣਿਜ ਪਦਾਰਥ ਕੈਲਸ਼ੀਅਮ ਵੀ ਪ੍ਰਾਪਤ ਹੋ ਜਾਂਦਾ ਹੈ। ਇਸ ਦੀ ਘਾਟ ਨਾਲ ਹੱਡੀਆਂ ਟੇਢੀਆਂ ਅਤੇ ਕਮਜ਼ੋਰ ਹੋ ਜਾਂਦੀਆਂ ਹਨ। ਅਨਾਜ ਅਤੇ ਦਾਲਾਂ ਦੀ ਵਰਤੋਂ ਨਾਲ ਵੀ ਕੈਲਸ਼ੀਅਮ ਪ੍ਰਾਪਤ ਹੋ ਜਾਂਦਾ ਹੈ ਪਰ ਇਨ੍ਹਾਂ ਸੋਮਿਆਂ ਵਿਚ ਫਾਈਟਿਕ ਐਸਿਡ ਹੁੰਦਾ ਹੈ ਜਿਸ ਕਰਕੇ ਇਨ੍ਹਾਂ ਸੋਮਿਆਂ ਦੀ ਵਰਤੋਂ ਨਾਲ ਸਰੀਰ ਨੂੰ ਘੱਟ ਮਾਤਰਾ ਵਿਚ ਕੈਲਸ਼ੀਅਮ ਉਪਲਬਧ ਹੁੰਦਾ ਹੈ। ਕਈ ਲੋਕ ਬੇਵਜ੍ਹਾ ਕੈਲਸ਼ੀਅਮ ਦੀਆਂ ਗੋਲੀਆਂ ਖਾਈ ਜਾਣਗੇ। ਇਸ ਤਰ੍ਹਾਂ ਕੈਲਸ਼ੀਅਮ ਦੀ ਵਾਧੂ ਵਰਤੋਂ ਨਾਲ ਜੋੜ ਸਖ਼ਤ ਹੋ ਜਾਂਦੇ ਹਨ ਅਤੇ ਬੰਦੇ ਲਈ ਤੁਰਨਾ-ਫਿਰਨਾ ਅਤੇ ਬੈਠਣਾ ਔਖਾ ਹੋ ਜਾਂਦਾ ਹੈ। ਲੋਹਾ ਇਕ ਮੱਹਤਵਪੂਰਨ ਖਣਿਜ ਪਦਾਰਥ ਹੈ। ਇਹ ਹਿਮੋਬਲੋਬਿਨ ਦੇ ਨਿਰਮਾਣ ਵਿਚ ਕੰਮ ਆਉਂਦਾ ਹੈ। ਇਸੇ ਕਰਕੇ ਹੀ ਖ਼ੂਨ ਦੇ ਲਾਲ ਸੈਲਾਂ ਦਾ ਰੰਗ ਲਾਲ ਹੁੰਦਾ ਹੈ। ਹਿਮੋਗਲੋਬਿਨ ਭਾਵ ਲੋਹੇ ਦੀ ਘਾਟ ਨਾਲ ਅਨੀਮੀਆ ਨਾਂ ਦਾ ਰੋਗ ਹੋ ਜਾਂਦਾ ਹੈ। ਬੰਦੇ ਦੇ ਚਿਹਰੇ 'ਤੇ ਪਲੱਤਣ ਛਾ ਜਾਂਦੀ ਹੈ ਅਤੇ ਥੋੜ੍ਹਾ ਜਿੰਨਾ ਕੰਮ ਕਰਨ ਨਾਲ ਹੀ ਉਸ ਨੂੰ ਸਾਹ ਚੜ੍ਹਨ ਲਗਦਾ ਹੈ। ਲੋਹੇ ਦੀ ਜ਼ਿਆਦਾ ਘਾਟ ਹੋਣ ਤੇ ਡਾਕਟਰ ਦੀ ਸਲਾਹ ਅਨੁਸਾਰ ਹੀ ਕੋਈ ਟੌਨਿਕ ਜਾਂ ਫੈਰਸੋਲੇਟ ਦੀਆਂ ਗੋਲੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਜ਼ਿਆਦਾ ਲੰਮੇ ਸਮੇਂ ਲਈ ਵੀ ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਲੋਹੇ ਦੀ ਘਾਟ ਪੂਰੀ ਹੋਣ ਮਗਰੋਂ ਖ਼ੁਰਾਕ ਰਾਹੀਂ ਹੀ ਸਰੀਰ ਲਈ ਲੋਹੇ ਦੀ ਲੋੜੀਂਦੀ ਮਾਤਰਾ ਹਾਸਿਲ ਕਰਨੀ ਚਾਹੀਦੀ ਹੈ। ਦੁੱਧ ਵਿਚ ਖਣਿਜ ਪਦਾਰਥ ਲੋਹੇ ਦੀ ਘਾਟ ਹੁੰਦੀ ਹੈ। ਆਇਓਡੀਨ ਇਕ ਹੋਰ ਮਹੱਤਵਪੂਰਨ ਖਣਿਜ ਹੈ। ਇਸ ਦੀ ਘਾਟ ਨਾਲ ਗਿੱਲੜ ਨਾਂ ਦਾ ਰੋਗ ਹੋ ਜਾਂਦਾ ਹੈ। ਬੱਚਿਆਂ ਵਿਚ ਆਇਓਡੀਨ ਦੀ ਘਾਟ ਨਾਲ ਉਨ੍ਹਾਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਰੁਕ ਜਾਂਦਾ ਹੈ। ਵੱਡਿਆਂ ਵਿਚ ਇਸ ਦੀ ਘਾਟ ਨਾਲ ਚਿਹਰਾ ਭਾਵਹੀਣ ਹੋ ਜਾਂਦਾ ਹੈ। ਅੱਜਕੱਲ੍ਹ ਬਾਜ਼ਾਰ ਵਿਚ ਆਇਓਡੀਨ ਵਾਲਾ ਲੂਣ ਮਿਲਦਾ ਹੈ ਪਰ ਇਸ ਲੂਣ ਨੂੰ ਸਬਜ਼ੀ-ਭਾਜੀ ਬਣਾਉਣ ਵੇਲੇ ਤੁੜਕੇ ਵਿਚ ਪਾ ਕੇ ਨਹੀਂ ਭੁੰਨਣਾ ਚਾਹੀਦਾ। ਇਸ ਤਰ੍ਹਾਂ ਲੂਣ ਵਿਚਲੀ ਆਇਓਡੀਨ ਨੂੰ ਨੁਕਸਾਨ ਪੁੱਜਦਾ ਹੈ। ਨਾਰੀਅਲ ਵਿਚ ਕੁਦਰਤੀ ਤੌਰ ਤੇ ਆਇਓਡੀਨ ਹੁੰਦੀ ਹੈ ਇਸ ਲਈ ਨਾਰੀਅਲ ਦੀ ਵਰਤੋਂ ਕਰਨੀ ਚਾਹੀਦੀ ਹੈ। ਪੱਤੇ ਵਾਲੀਆਂ ਸਬਜ਼ੀਆਂ ਅਤੇ ਮੌਸਮੀ ਫਲ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਇਨ੍ਹਾਂ ਦੀ ਵਰਤੋਂ ਨਾਲ ਸਰੀਰ ਨੂੰ ਵਿਟਾਮਨ ਅਤੇ ਖਣਿਜ ਪਦਾਰਥ ਪ੍ਰਾਪਤ ਹੋ ਜਾਂਦੇ ਹਨ।

ਹਰੇ ਪੱਤੇ ਵਾਲੀ ਸਬਜ਼ੀਆਂ ਨਜ਼ਰ ਲਈ ਬਹੁਤ ਉਪਯੋਗੀ ਹਨ। ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲੀ ਕੈਰੋਟੀਨ(ਵਿਟਾਮਨ ਏ)ਨਜ਼ਰ ਨੂੰ ਕਮਜ਼ੋਰ ਨਹੀਂ ਹੋਣ ਦਿੰਦੀ ਪਰ ਅੱਜ ਦੇ ਦੌਰ 'ਚ ਅੰਬ,ਚੀਕੂ,ਕੇਲਾ ਵਰਗੇ ਫਲ਼ਾਂ ਨੂੰ ਛੇਤੀ ਪਕਾਉਣ ਲਈ ਕੈਲਸ਼ੀਅਮ ਕਾਰਬਾਈਡ ਵਰਗੇ ਜ਼ਹਿਰੀਲੇ ਪਾਊਡਰ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਵੀ ਹੋ ਸਕਦੀਆਂ ਹਨ। ਇਸ ਲਈ ਜੇ ਫਲ਼ਾਂ 'ਤੇ ਪਾਊਡਰ ਜਿਹਾ ਲੱਗਿਆ ਮਹਿਸੂਸ ਹੋਵੇ ਜਾਂ ਫਲ਼ਾਂ ਤੇ ਭੂਰੇ ਜਾਂ ਕਾਲੇ ਧੱਬੇ ਹੋਣ ਤਾਂ ਅਜਿਹੇ ਫਲ਼ਾਂ ਨੂੰ ਨਹੀਂ ਖਾਣਾ ਚਾਹੀਦਾ। ਪੁਰਾਣੀਆਂ ,ਬਾਸੀ, ਮੁਰਝਾਈਆਂ ਹੋਈਆਂ ਸਬਜ਼ੀਆਂ ਜਿਵੇਂ ਕਿ ਘੀਆ ,ਗੋਭੀ ਨੂੰ ਤਾਜ਼ੀਆਂ ਵਿਖਾਉਣ ਲਈ ਖ਼ਤਰਨਾਕ ਰੰਗਾ ਦੇ ਘੋਲ ਵਿਚ ਡਬੋਇਆ ਜਾਂਦਾ ਹੈ। ਇਸ ਲਈ ਸਬਜ਼ੀਆਂ ਵਰਤਣ ਤੋਂ ਪਹਿਲਾਂ ਲੂਣ ਵਾਲੇ ਪਾਣੀ ਵਿਚ 20-25 ਮਿੰਟਾਂ ਲਈ ਡਬੋ ਕੇ ਰੱਖਣ ਮਗਰੋਂ ਸਾਫ਼ ਪਾਣੀ ਨਾਲ ਧੋ ਕੇ ਹੀ ਇਸਤੇਮਾਲ ਕਰਨਾ ਚਾਹੀਦਾ ਹੈ। ਸਰੀਰ ਦੇ ਸਾਰੇ ਨਾਜ਼ੁਕ ਅੰਗਾਂ ਤੇ ਇਨ੍ਹਾਂ ਦਾ ਮਾਰੂ ਅਸਰ ਜ਼ਰੂਰ ਪੈਂਦਾ ਹੈ। ਸਾਨੂੰ ਹਰ ਰੋਜ਼ ਘੱਟੋ-ਘੱਟ ਅੱਠ ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਇਸ ਤਰ੍ਹਾਂ ਸਰੀਰ ਵਿਚ ਪੈਦਾ ਹੋਣ ਵਾਲੇ ਜ਼ਹਿਰੀਲੇ ਤੱਤ ਪਾਣੀ ਵਿਚ ਘੁਲ ਕੇ ਪਿਸ਼ਾਬ ਰਾਹੀਂ ਜਾਂ ਮਲ ਰਾਹੀਂ ਬਾਹਰ ਨਿਕਲ ਜਾਂਦੇ ਹਨ।

98153 59222





# ਫੇਫੜਿਆਂ ਦੇ ਕੈਂਸਰ ਨਾਲ ਮੁਕਾਬਲਾ



ਡਾ. ਰੁਪਿੰਦਰ ਭਾਰਗਵ
98145-20208

ਫੇਫੜੇ ਦੇ ਕੈਂਸਰ ਦੀ ਤਸ਼ਖ਼ੀਸ਼ ਤੁਹਾਨੂੰ ਅਤੇ ਤੁਹਾਡੇ ਮਰੀਜ਼ਾਂ ਨੂੰ ਅਨਿਸ਼ਚਿਤ, ਚਿੰਤਤ, ਅਤੇ ਔਖਾ ਕਰ ਸਕਦੀ ਹੈ। ਇੱਥੇ ਹੋਰ ਅਮਲੀ ਚਿੰਤਾਵਾਂ ਤੇ ਨਾਲ-ਨਾਲ ਲੈਣ ਲਈ ਇਲਾਜ ਦੇ ਮਹੱਤਵਪੂਰਨ ਫ਼ੈਸਲੇ, ਪ੍ਰਬੰਧਨ ਕਰਨ ਲਈ ਭਾਵਨਾਤਮਕ ਚਿੰਤਾਵਾਂ, ਅਤੇ ਵਿਵਸਥਿਤ ਕਰਨ ਲਈ ਬੀਮਾ ਅਤੇ ਵਿੱਤੀ ਕਾਗਜ਼ ਹੁੰਦੇ ਹਨ। ਇਹ ਗੱਲ ਧਿਆਨ 'ਚ ਰੱਖਣਾ ਮਦਦਗਾਰ ਹੁੰਦਾ ਹੈ ਕਿ ਇਥੇ ਫੇਫੜੇ ਦੇ ਕੈਂਸਰ ਨਾਲ ਮੁਕਾਬਲਾ ਕਰਨ ਵਾਲੇ ਲੋਕਾਂ ਲਈ ਜਾਣਕਾਰੀ ਅਤੇ ਸਹਿਯੋਗ ਦੇ ਕਈ ਸਰੋਤ ਹਨ। ਉਸ ਦੀ ਤਸ਼ਖੀਸ਼ ਅਤੇ ਇਸ ਦੇ ਇਲਾਜ ਵਿਕਲਪਾਂ ਬਾਰੇ ਜਾਣ ਕੇ, ਆਪਣੀ ਹੈਲਥ ਕੇਅਰ ਟੀਮ ਨਾਲ ਗੱਲਬਾਤ ਕਰਕੇ ਅਤੇ ਸਪੌਰਟ ਨੈੱਟਵਰਕ ਦੁਆਰਾ, ਤੁਸੀਂ ਆਪਣੇ ਫੇਫੜੇ ਦੇ ਕੈਂਰ ਦਾ ਪ੍ਰਬੰਧਣ ਕਰਨ ਅਤੇ ਇਕ ਬਿਹਤਰ ਗੁਣਵੱਤਾ ਵਾਲੇ ਜੀਵਨ ਦਾ ਅਨੁਭਵ ਕਰਨ ਯੋਗ ਹੋ ਜਾਵੋਗੇ।

## ਇਲਾਜ ਦੀ ਯੋਜਨਾ

ਫੇਫੜੇ ਦਾ ਕੈਂਸਰ ਉਦੋਂ ਹੁੰਦਾ ਹੈ ਜਦੋਂ ਸੈੱਲ ਅਨਿਯੰਤਰਿਤ ਰੂਪ 'ਚ ਬਦਲਣਾ ਅਤੇ ਵਧਣਾ ਸ਼ੁਰੂ ਕਰਦੇ ਹਨ, ਉਦੋ ਟਿਊਮਰ ਬਣਦਾ ਹੈ ਜੋ ਕੈਂਸਰ ਜਾਂ ਬਿਨਾਇਨ ਹੋ ਸਕਦੀ ਹੈ। ਸਮਾਲ ਸੈੱਲ ਲੰਗ ਕੈਂਸਰ (ਐਸਸੀਐਲਸੀ) ਅਤੇ ਨੌਨ ਸਮਾਲ ਸੈੱਲ ਲੰਗ ਕੈਂਸਰ (ਐਨਐਸਸੀਐਲਸੀ) ਮੁੱਖ ਪ੍ਰਕਾਰ ਦੇ ਫੇਫੜੇ ਦਾ ਕੈਂਸਰ ਹੈ। ਨੌਨ ਸਮਾਲ ਸੈੱਲ ਲੰਗ ਕੈਂਸਰ ਦੇ ਉਪ ਪ੍ਰਕਾਰਾਂ ਨੂੰ ਉਨ੍ਹਾਂ ਸੈੱਲਾਂ ਦੇ ਅਧਾਰ 'ਤੇ ਸ਼੍ਰੇਣੀਬੱਧ ਕੀਤਾ ਗਿਆ ਹੈ ਜਿਸ ਵਿਚ ਕੈਂਸਰ ਉਪਜਤਾ ਹੈਖ਼ ਅਤੇ ਇਸ ਵਿਚ ਐਡੀਨੋਕਾਰਸਿਨੋਮਾ, ਸਕਵਾਮਸ ਸੈੱਲ ਕਾਰਸਿਨੋਮਾ ਅਤੇ ਲਾਰਜ਼ ਸੈੱਲ ਕਾਰਸਿਨੋਮਾ ਸ਼ਾਮਲ ਹਨ। ਫੇਫੜੇ ਦੇ ਕੈਂਸਰ ਲਈ ਇਲਾਜ ਦੀ ਵਿਆਪਕ ਰੇਂਜ ਹੈ। ਕੀਮੋਥੈਰੇਪੀ ਅਤੇ ਰੇਡੀਏਸ਼ਨ ਸਮਾਲ ਸੈੱਲ ਲੰਗ ਕੈਂਸਰ ਦੇ ਮਰੀਜ਼ਾਂ ਲਈ ਮੁੱਖ ਇਲਾਜ ਵਿਕਲਪ ਹੈ। ਸਮਾਲ ਲੰਗ ਕੈਂਸਰ ਵਾਲੇ ਮਰੀਜ਼ਾਂ ਲਈ ਸਰਜਰੀ ਵੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ ਅਤੇ ਕੇਵਲ ਬਹੁਤ ਹੀ ਸ਼ੁਰੂਆਤੀ ਬਿਮਾਰੀ ਵਾਲੇ ਮਰੀਜ਼ ਲਈ ਇਸ ਤੇ ਵਿਚਾਰ ਕੀਤਾ ਜਾਂਦਾ ਹੈ। ਨੌਨ ਸਮਾਲ ਸੈੱਲ ਕੈਂਸਰ ਦੇ ਇਲਾਜ ਵਿਕਲਪਾਂ ਵਿਚ ਸਰਜਰੀ, ਕੀਮੋਥੈਰੇਪੀ, ਰੇਡੀਏਸ਼ਨ ਟਾਰਗੇਟਿਡ ਥੈਰੇਪੀ ਅਤੇ ਇਮਯੂਨੋਥੈਰੇਪੀ ਸ਼ਾਮਲ ਹਨ।

## ਗੱਲਬਾਤ ਦੀ ਮਹੱਤਤਾ

ਫੇਫੜੇ ਦਾ ਕੈਂਸਰ ਜਟਿਲ ਇਲਾਜ ਵਿਕਲਪਾਂ ਨਾਲ ਇਕ ਜਟਿਲ ਸਥਿਤੀ ਹੈ, ਜਿਸ ਵਿਚ ਤੁਹਾਡੀ ਅਤੇ ਤੁਹਾਡੇ ਹੈਲਥ ਕੇਅਰ ਟੀਮ ਦੇ ਵਿਚ ਦੀ ਗੱਲਬਾਤ ਮੁੱਖ ਹੁੰਦੀ ਹੈ। ਤੁਹਾਡੇ ਓਲਕੋਲੌਜਿਸਟ, ਨਰਸਾਂ ਅਤੇ ਤੁਹਾਡੀ ਹੈਲਥ ਕੇਅਰ ਟੀਮ ਦੇ ਸਦੱਸ ਤੁਹਾਡੇ ਫੇਫੜਿਆਂ ਦੇ ਕੈਂਸਰ ਦਾ ਇਲਾਜ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਮੈਡੀਕਲ ਅਪਾਇੰਟਮੈਂਟ ਉਹ ਮੁੱਖ ਸਮਾਂ ਹੈ ਜਦੋਂ ਤੁਸੀਂ ਆਪਣੀ ਟੀਮ ਨਾਲ ਗੱਲਬਾਤ ਕਰ ਸਕਦੇ ਹੋ। ਇਸ ਲਈ ਇਨ੍ਹਾਂ ਦੌਰਿਆਂ ਲਈ ਤਿਆਰ ਰਹਿਣਾ ਮਹੱਤਵਪੂਰਨ ਹੈ। ਇਹ ਤੁਹਾਨੂੰ ਇਹ ਯਕੀਨੀ ਬਣਾਉਣ 'ਚ ਮਦਦ ਕਰੇਗਾ ਕਿ ਤੁਸੀਂ ਆਪਣੀ ਤਖ਼ਦੀਸ਼ ਅਤੇ ਇਲਾਜ ਨੂੰ ਸਮਝਦੇ ਹੋ, ਤੁਹਾਨੂੰ ਤੁਹਾਡੇ ਸਵਾਲਾਂ ਦੇ ਜਵਾਬ ਮਿਲਦੇ ਪਏ ਹਨ ਅਤੇ ਤੁਸੀਂ ਆਪਣੀ ਸਾਰੀ ਦੇਖਭਾਲ ਨਾਲ ਵਧੇਰੇ ਸੰਤੁਸ਼ਟ ਮਹਿਸੂਸ ਕਰ ਰਹੇ ਹੋ।

## ਆਹਾਰ ਦੀ ਮਹੱਤਤਾ

ਕੈਂਸਰ ਦਾ ਇਲਾਜ ਭੋਜਨ ਲਈ ਮਰੀਜ਼ ਦੀ ਵੱਖ-ਵੱਖ ਪ੍ਰਤੀਕਿਰਿਆਵਾਂ ਦਾ ਕਾਰਨ ਹੋ ਸਕਦਾ ਹੈ ਅਤੇ ਨਤੀਜਣ, ਸਿਹਤਮੰਦ ਭੋਜਨ ਖਾਣ 'ਚ ਮੁਸ਼ਕਲ ਹੋ ਸਕਦੀ ਹੈ। ਆਹਾਰ ਆਪਣੀ ਤਾਕਤ ਅਤੇ ਭਾਰ ਨੂੰ ਕਾਇਮ ਰੱਖਣ ਦਾ ਇਕ ਅਹਿਮ ਹਿੱਸਾ ਹੈ ਅਤੇ ਇਲਾਜ ਦੇ ਸਾਈਡ ਇਫੈਕਟਾਂ ਨਾਲ ਮੁਕਾਬਲਾ ਕਰਨ 'ਚ ਮਦਦ ਕਰਦਾ ਹੈ। ਕੈਂਸਰ ਦੇ ਇਲਾਜ ਦੇ ਸਾਈਡ ਇਫੈਕਟ

- ਭੁੱਖ ਦੀ ਘਾਟ, ਮੂੰਹ ਦੀ ਖ਼ੁਸ਼ਕੀ, ਨਿਗਲਣ 'ਚ ਮੁਸ਼ਕਲ, ਮੰਨ ਕੱਚਾ ਹੋਣਾ, ਉਲਟੀ, ਦਸਤ, ਕਬਜ਼, ਡੀਹਾਈਡਰੇਸ਼ਨ, ਭਾਰ ਅਤੇ ਮਾਸਪੇਸ਼ੀ 'ਚ ਨੁਕਸਾਨ, ਆਮ ਮਾਸਪੇਸ਼ੀ ਦੀ ਕਮਜ਼ੋਰੀਇਹ ਸਾਈਡ ਇਫੈਕਟਸ ਚੁਣੌਤੀ ਹੋ ਸਕਦੇ ਹਨ ਅਤੇ ਤੁਹਾਨੂੰ ਥੱਕਿਆ ਹੋਇਆ ਮਹਿਸੂਸ ਕਰਾ ਸਕਦੇ ਹਨ। ਇਹ ਭੋਜਨ ਨੂੰ ਮਜ਼ੇਦਾਰ ਨਹੀਂ ਰਹਿਣ ਦਿੰਦਾ ਅਤੇ ਇਕ ਮੁਸ਼ਕਲ ਦੇ ਤੌਰ 'ਤੇ ਲੱਗ ਸਕਦੀ ਹੈ। ਇਲਾਜ ਦੇ ਸਾਈਡ ਇਫੈਕਟ ਜਾਂ ਭੁੱਖ 'ਚ ਤਬਦੀਲੀ ਆਉਣ 'ਤੇ ਇੱਥੇ ਕੁੱਝ ਮਹੱਤਵਪੂਰਨ ਸੁਝਾਅ ਹਨ ਜੋ ਤੁਹਾਨੂੰ ਸਵਸਥ ਭੋਜਨ ਖਾਣ 'ਚ ਮਦਦ ਕਰਦੇ ਹਨ। ਹਰ ਖਾਣੇ 'ਚ ਪ੍ਰੋਟੀਨ, ਕਾਰਬੋਹਾਈਡਰੇਟ ਸ਼ਾਮਲ ਕਰੋ। ਇਹ ਤੁਹਾਨੂੰ ਸੰਤੁਸ਼ਟ ਕਰੇਗਾ ਅਤੇ ਇਲਾਜ ਦੇ ਦੌਰਾਨ ਲੋੜੀਂਦੇ ਪੋਸ਼ਟਿਕ ਮੁਹੱਈਆ ਕਰੇਗਾ। ਪ੍ਰੋਸੈਸਡ ਫੂਡ ਖਾਣ ਤੋਂ ਬਚਣ ਦੀ ਕੋਸ਼ਿਸ਼ ਕਰੋ।

## ਨਾਰੀਅਲ ਦਾ ਪਾਣੀ

- ਕਾਰਬੋਹਾਈਡ੍ਰੇਟ ਅਤੇ ਸੋਡੀਅਮ ਵਿਚ ਘੱਟ ਹੈ ਪਰ ਚਾਰ ਕੇਲਿਆਂ ਤੋਂ ਵੱਧ ਪੋਟਾਸ਼ੀਅਮ ਸ਼ਾਮਲ ਹੈ।
- ਇਲਕਟ੍ਰੋਲਾਈਟ ਦੀ ਘਾਟ ਨੂੰ ਬਦਲਦਾ ਹੈ ਜੋ ਇਸ ਨੂੰ ਫਾਸਟ ਹਾਈਡ੍ਰੇਸ਼ਨ ਲਈ ਵਧੀਆ ਡ੍ਰਿੰਕ ਬਣਾਉਂਦਾ ਹੈ।

## ਕੇਲਾ

- ਇਲਾਜ ਦੇ ਦੌਰਾਨ ਅਤੇ ਇਲਾਜ ਤੋਂ ਬਾਅਦ ਤੇਜ਼ੀ ਨਾਲ ਊਰਜਾ ਨੂੰ ਬਹਾਲ ਕਰਨ ਲਈ ਇਸ ਵਿਚ ਜਟਿਲ ਕਾਰਬੋਹਾਈਡਰੇਟ ਸ਼ਾਮਲ ਹਨ।
- ਫਾਇਬਰ ਜੋ ਤੁਹਾਨੂੰ ਲੰਬੇ ਸਮੇਂ ਤਕ ਪ੍ਰਫੁੱਲਿਤ ਮਹਿਸੂਸ ਕਰਵਾਉਂਦਾ ਹੈ ਅਤੇ ਸਿਹਤਮੰਦ ਹਜ਼ਮੇ 'ਚ ਵਾਧਾ ਕਰਦਾ ਹੈ।

## ਹੇਮ ਪ੍ਰੋਟੀਨ

- ਇਸ 'ਚ ਸਾਰੇ ਨੌ ਜ਼ਰੂਰੀ ਅਮੀਨੋ ਐਸਿਡ ਸ਼ਾਮਲ ਹਨ ਜੋ ਇਸ ਨੂੰ ਮੁਕੰਮਲ ਪ੍ਰੋਟੀਨ ਬਣਾਉਂਦੇ ਹਨ।
- ਦੋ ਪ੍ਰਕਾਰ ਦੇ ਪ੍ਰੋਟੀਨ, ਐਡੇਸਟਿਨ ਐਂਡ ਐਲਬਿਊਮਿਨ, ਜੋ ਕਿ ਆਸਾਨੀ ਨਾਲ ਘੁੱਲ ਜਾਂਦੇ ਹਨ। ਇਸ ਲਈ ਇਹ ਆਸਾਨੀ ਨਾਲ ਵਰਤੋਂ ਲਈ ਸਰੀਰ ਲਈ ਉਪਲਬੱਧ ਹੈ।

## ਕੱਚਾ ਕਾਕਾਓ ਪਾਊਡਰ

- ਮੈਗਨੀਸ਼ੀਅਮ, ਡਾਈਟਰੀ ਫਾਇਬਰ ਫਲੇਵੇਨੋਲ ਅਤੇ ਪਾਲੀਫਿਨੋਲ ਸਹਿਤ ਐਂਟੀਆਕਸੀਡੈਂਟ ਦੀ ਵਧੇਰੇ ਸਪਲਾਈ
- ਸੈੱਲ ਨੂੰ ਨੁਕਸਾਨ ਹੋਣ ਤੋਂ ਬਚਾਉਣ 'ਚ ਮਦਦਗਾਰ
- ਸੈਂਟਰਲ ਨਰਵਸ ਸਿਸਟਮ ਨੂੰ ਪ੍ਰੇਰਿਤ ਕਰਦਾ ਹੈ, ਸਰਕੂਲੇਸ਼ਨ 'ਚ ਸੁਧਾਰ ਕਰਦਾ ਹੈ ਅਤੇ ਮਾਸਪੇਸ਼ੀਆਂ ਨੂੰ ਆਰਾਮ ਦਿੰਦਾ ਹੈ
- ਸੇਰੋਟੋਨਿਨ, ਹੈਪੀ ਹਾਰਮੋਨ ਦੇ ਸਰੀਰ ਦੇ ਰਲੀਜ਼ 'ਚ ਵਾਧਾ ਕਰਦਾ ਹੈ

## ਪੁਦੀਨਾ

- ਹਾਜ਼ਮੇ ਅਤੇ ਗੈਸਟਰੋਇੰਟਸਟਾਈਨਲ ਹਲਚਲਾਂ 'ਚ ਸਹਾਇਕ ਹੈ
- ਬਲੱਡ ਸਰਕੂਲੇਸ਼ਨ 'ਚ ਸੁਧਾਰ ਕਰਦਾ ਹੈ ਜੋ ਸੈੱਲਾਂ ਨੂੰ ਪੋਸ਼ਣ ਪ੍ਰਦਾਨ ਕਰਨ 'ਚ ਮਦਦਗਾਰ ਹੈ।

## ਗਰਾਊਂਡ ਫਲੈਕਸੀਡ

- ਲਿਗਨੰਨ ਦਾ ਚੰਗਾ ਸਰੋਤ ਹੈ, ਜੋ ਕਿ ਰਸਾਇਣਕ ਘਟਕ ਹੈ ਜਿਹਨਾਂ ਨੂੰ ਪੌਦਾ-ਅਧਾਰਿਤ ਭੋਜਨ ਵਿਚ ਪਾਇਆ ਜਾਂਦਾ ਹੈ ਜੋ ਕੋਲੇਸਟ੍ਰੋਲ ਅਤੇ ਬਲੱਡ ਪ੍ਰੈਸ਼ਰ ਨੂੰ ਘੱਟ ਕਰ ਸਕਦਾ ਹੈ।
- ਓਮੇਗਾ-3 ਅਤੇ ਓਮੇਗਾ-6 ਫ਼ੈਟੀ ਐਸਿਡ ਦਾ ਸਹੀ ਸੰਤੁਲਨ ਹੈ, ਜੋ ਜਲੂਣ ਨੂੰ ਘੱਟ ਕਰਨ 'ਚ ਮਦਦ ਕਰ ਸਕਦਾ ਹੈ ਅਤੇ ਦਿਮਾਗ਼ ਦੇ ਕਾਰਜ਼ਾਂ 'ਚ ਸਹਿਯੋਗ ਕਰਦਾ ਹੈ।



### ਸਿਹਤਮੰਦ ਖਾਣ ਦੇ ਸੁਝਾਅ

- ਸੁਆਦ ਲਈ ਪਾਣੀ ਵਿਚ ਨਿੰਬੂ ਦਾ ਰਸ ਜਾਂ ਤਾਜ਼ਾ ਫ਼ਲ ਪਾਓ ਅਤੇ ਅਲੈਕਟਰੋਲਾਈਟ ਸੰਤੁਲਨ ਬਣਾਏ ਰੱਖੋ। ਹਰਬਲ ਚਾਹ ਪਾਣੀ ਪੀਣ ਅਜਿਹੀ ਹੀ ਹੈ।
- ਭੋਜਨ-ਸਨੈਕਸ ਦੇ ਵਿਚਕਾਰ ਤਰਲ ਪਿਓ। ਤੁਹਾਡਾ ਪਾਚਨ ਪ੍ਰਣਾਲੀ ਨੂੰ ਪੋਸ਼ਟਿਕ ਤੱਤ ਦੇ ਪਾਚਣ ਅਤੇ ਸੋਖਣ 'ਤੇ ਧਿਆਨ ਦੇਣ ਦੀ ਲੋੜ ਹੈ।
- ਸਹੀ ਬਲੱਡ ਸ਼ੂਗਰ ਲੈਵਲ ਬਣਾਏ ਰੱਖਣ ਲਈ ਹਰ 3-5 ਘੰਟੇ 'ਚ ਖਾਓ। ਭੁੱਖ ਲੱਗਣ ਤਕ ਉਡੀਕ ਨਾ ਕਰੋ।
- ਆਪਣੀ ਕਾਰ, ਵਰਕ ਡੈਸਕ, ਪਰਸ ਆਦਿ 'ਚ ਸਨੈਕਸ ਰੱਖੋ। ਤੁਸੀਂ ਪਹੁੰਚ ਦੇ ਅੰਦਰ ਸਹੀ ਪੋਸ਼ਣ ਦੇ ਬਗ਼ੈਰ ਭੁੱਖੇ ਰਹਿਣਾ ਨਹੀਂ ਚਾਹੁੰਦੇ ਹੋ।

### ਸਿਗਰਟਨੋਸ਼ੀ ਤੇ ਫੇਫੜੇ ਦਾ ਕੈਂਸਰ

*ਜੇ ਤੁਹਾਡਾ ਮਰੀਜ਼ ਇਕ ਤਮਾਕੂਨੋਸ਼ੀ ਹੈ ਅਤੇ ਇਲਾਜ ਦੇ ਦੌਰਾਨ ਅਤੇ ਇਲਾਜ ਦੇ ਬਾਅਦ ਤੰਬਾਕੂ ਉਤਪਾਦਾਂ ਦੀ ਵਰਤਣ ਕਰ ਰਿਹਾ ਹੈ, ਤਾਂ ਤੁਹਾਨੂੰ ਨਿਰਾਸ਼ਾ ਹੋ ਸਕਦੀ ਹੈ ਅਤੇ ਤੁਹਾਨੂੰ ਇਸ ਬਾਰੇ ਚਿੰਤਾ ਮਹਿਸੂਸ ਹੋ ਸਕਦੀ ਹੈ ਕਿ ਇਹ ਇਲਾਜ ਦੇ ਨਤੀਜੇ ਨੂੰ ਪ੍ਰਭਾਵਿਤ ਕਰੇਗਾ। ਨਿਕੋਟੀਨ ਦੀ ਆਦਤ ਸ਼ਕਤੀਸ਼ਾਲੀ ਹੋ ਸਕਦੀ ਹੈ ਅਤੇ ਇਹ ਤੁਹਾਡੇ ਮਰੀਜ਼ ਨੂੰ ਸਿਗਰੇਟ ਜਾਂ ਤੰਬਾਕੂ ਛੱਡਣ 'ਚ ਮਦਦ ਕਰ ਸਕਦਾ ਹੈ। ਇਸ ਦੇ ਨਾਲ ਸਿਗਰੇਟ ਤਣਾਅ ਦੀ ਸਥਿਤੀਆਂ ਦੇ ਦੌਰਾਨ ਰਾਹਤ ਅਤੇ ਆਰਾਮ ਦੇ ਸਕਦੀ ਹੈ। ਜੇ ਤੁਹਾਡੇ ਮਰੀਜ਼ ਦਾ ਸਿਗਰੇਟ ਪੀਣ ਦਾ ਫ਼ੈਸਲਾ ਤੁਹਾਡੇ ਰਿਸ਼ਤੇ ਨੂੰ ਪ੍ਰਭਾਵਿਤ ਕਰ ਰਿਹਾ ਹੈ, ਤਾਂ ਓਨਕੋਲੋਜੀ ਸੋਸ਼ਲ ਵਰਕਰ ਨਾਲ ਗੱਲ ਕਰਨਾ ਸੰਚਾਰ ਹੁਨਰ 'ਚ ਵਾਧਾ ਕਰਨ ਵਿਚ ਮਦਦ ਕਰ ਸਕਦਾ ਹੈ।*

## ਦੇਖਭਾਲ

ਫੇਫੜੇ ਦੇ ਕੈਂਸਰ ਦੀ ਤਸ਼ਖੀਸ ਤੁਹਾਨੂੰ ਅਤੇ ਤੁਹਾਡੇ ਮਰੀਜ਼ਾਂ ਲਈ ਮੁਸ਼ਕਲ ਜਜ਼ਬਾਤਾਂ ਦੀ ਲਹਿਰ ਲਿਆ ਸਕਦਾ ਹੈ। ਇਸ ਦਾ ਅਸਰ ਦੇਖਭਾਲ ਮੁਹੱਈਆ ਕਰਨ ਦੀ ਜ਼ਿੰਮੇਵਾਰੀ ਦੇ ਰੂਪ 'ਚ ਦੋਸਤ ਅਤੇ ਪਰਿਵਾਰ ਨਾਲ ਰਿਸ਼ਤੇ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ।

## ਜਾਣਕਾਰੀ ਦੇ ਓਵਰਲੋਡ ਤੋਂ ਬਚੋ

ਫੇਫੜੇ ਦੇ ਕੈਂਸਰ ਦੇ ਆਂਕੜੇ 'ਤੇ ਨਜ਼ਰ ਤੁਹਾਨੂੰ ਜਾਂ ਤੁਹਾਡੇ ਮਰੀਜ਼ ਨੂੰ ਚਿੰਤਾ ਜਾਂ ਨਿਰਾਸ਼ਾ 'ਚ ਪਾ ਸਕਦੀ ਹੈ। ਯਾਦ ਰੱਖੋ ਕਿ ਅੰਕੜੇ ਸਿਰਫ਼ ਨੰਬਰ ਹਨ ਜੋ ਹਜ਼ਾਰਾਂ ਵਿਅਕਤੀਆਂ ਦਾ ਕੈਟਾਲਾਗ ਹੈ। ਉਹ ਉਸ ਖ਼ਾਸ ਨਤੀਜੇ ਨੂੰ ਨਹੀਂ ਦਰਸਾਉਂਦੇ ਹਨ ਜਿਸ ਦਾ ਸਾਹਮਣਾ ਤੁਹਾਡਾ ਮਰੀਜ਼ ਕਰੇਗਾ। ਇਸ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਮਰੀਜ਼ ਦਾ ਅਨੁਮਾਨ ਨਵੇਂ ਇਲਾਜ ਦੀ ਅਨੁਮਤੀ ਨਾਲ ਜਾਂ ਕਲੀਨਿਕਲ ਟਰਾਇਲ ਵਿਚ ਭਰਤੀ ਹੋ ਕੇ ਇਲਾਜ ਦੇ ਦੌਰਾਨ ਬਦਲ ਸਕਦਾ ਹੈ।

**ਸਮਾਜਿਕ ਪੱਧਰ 'ਤੇ :** ਹਾਲਾਂਕਿ 85 ਫ਼ੀਸਦੀ ਫੇਫੜੇ ਦਾ ਕੈਂਸਰ ਸਿਗਰੇਟ ਪੀਣ ਕਰਕੇ ਹੁੰਦਾ ਹੈ। ਫੇਫੜੇ ਦਾ ਕੈਂਸਰ ਉਨ੍ਹਾਂ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਜਿਨ੍ਹਾਂ ਨੇ ਕਦੇ ਵੀ ਸਿਗਰੇਟ ਨਹੀਂ ਪੀਤੀ ਜਾਂ ਤਮਾਕੂ ਨਹੀਂ ਖਾਦਾ ਹੈ। ਜਨਤਕ ਆਪ ਹੀ ਮੰਨ ਸਕਦਾ ਹੈ ਕਿ ਲੰਗ ਕੈਂਸਰ ਦੇ ਮਰੀਜ਼ ਦਾ ਮਤਲਬ ਹੈ ਕਿ ਮਰੀਜ਼ ਦਾ ਸਿਗਰੇਟ ਪੀਣ ਦਾ ਇਤਿਹਾਸ ਹੈ।

**ਪਰਿਵਾਰਕ ਪਿਛੋਕੜ** - ਫੇਫੜੇ ਦੇ ਕੈਂਸਰ ਵਾਲੇ ਮਰੀਜ਼ ਦੀ ਦੇਖਭਾਲ ਦਾ ਦਬਾਅ ਪਰਿਵਾਰ ਦੇ ਕੁੱਝ ਸੱਦਸਿਆਂ ਦੁਆਰਾ ਅਣਜਾਣੇ 'ਚ ਮਰੀਜ਼ ਨੂੰ ਕੈਂਸਰ ਬਾਰੇ ਦੋਸ਼ੀ ਬਾਰੇ ਮਹਿਸੂਸ ਕਰ ਸਕਦਾ ਹੈ, ਖ਼ਾਸ ਕਰਕੇ ਜਦੋਂ ਇਸ ਦਾ ਕਾਰਨ ਸਿਗਰਟ ਹੈ। ਹਾਲਾਂਕਿ ਕੈਂਸਰ ਪੂਰੇ ਪਰਿਵਾਰ 'ਤੇ ਅਸਰ ਕਰਦਾ ਹੈ, ਇਸ ਲਈ ਕੇਅਰ ਗਿਵਰ ਹੋਣ ਦੇ ਨਾਤੇ ਉਮੜੇ ਜਜ਼ਬਾਤਾਂ ਦੇ ਮਿਸ਼ਰਣ ਨਾਲ ਕੰਮ ਕਰਨ ਲਈ ਇਕ ਓਨਕੋਲੋਜੀ ਸੋਸ਼ਲ ਵਰਕਰ ਨਾਲ ਗੱਲਬਾਤ ਕਰੋ। ਮਰੀਜ਼ ਦਾ ਸੱਤਰ ਕੈਂਸਰ ਦੀ ਤਸ਼ਖੀਸ ਵਿਅਕਤੀ ਨੂੰ ਕੈਂਸਰ ਦੇ ਕਾਰਨ ਨੂੰ ਪਛਾਣਨ ਲਈ ਆਪਣੇ ਪਿਛਲੇ ਵਿਕਲਪਾਂ ਉੱਤੇ ਸੋਚ-ਵਿਚਾਰ ਕਰਨ 'ਚ ਮਜ਼ਬੂਰ ਕਰ ਸਕਦਾ ਹੈ ਅਤੇ ਸੋਚ ਸਕਦਾ ਹੈ ਕਿ ਉਹ ਕੈਂਸਰ ਦਾ ਹੱਕਦਾਰ ਹੈ। ਨਤੀਜਣ, ਉਹ ਡਾਕਟਰ ਦੀ ਹਦਾਇਤ ਦੀ ਪਾਲਣਾ ਨਹੀਂ ਕਰੇਗਾ ਜਾਂ ਵਧੀਆ ਡਾਕਟਰੀ ਦੇਖਭਾਲ ਲਈ ਕੋਸ਼ਿਸ਼ ਨਹੀਂ ਕਰੇਗਾ। ਜੇ ਤੁਸੀਂ ਨੋਟਿਸ ਕਰਦੇ ਹੋ ਕਿ ਤੁਹਾਡੇ ਮਰੀਜ਼ ਆਪਣੇ ਲੰਗਜ਼ ਕੈਂਸਰ ਦਾ ਦੋਸ਼ ਆਪਣੇ ਸਿਰ ਲੈ ਰਹੇ ਹਨ, ਤਾਂ ਸਹੀਂ ਸਮਰਥਣ ਪ੍ਰਦਾਨ ਕਰਨ ਲਈ ਆਪਣੀ ਹੈਲਥ ਕੇਅਰ ਟੀਮ ਨਾਲ ਕੰਮ ਕਰੋ।

## ਸੰਤੁਲਨ ਨਾਲ ਕੰਮ ਕਰੋ

ਫੇਫੜੇ ਦੇ ਕੈਂਸਰ ਨੂੰ ਅਕਸਰ 'ਅਦਿੱਖ ਕੈਂਸਰ' ਕਿਹਾ ਗਿਆ ਹੈ ਕਿਉਂਕਿ ਕੈਂਸਰ ਦਾ ਪਤਾ ਅਕਸਰ ਉਸ ਪੜਾਅ ਤੇ ਲੱਗਦਾ ਹੈ। ਉਪਲੱਬਧ ਇਲਾਜ ਵਿਕਲਪ ਪੇਲਿਏਟਿਵ ਉਪਾਅ ਦੇ ਤੌਰ 'ਤੇ ਕੰਮ ਕਰ ਸਕਦਾ ਹੈ, ਅਤੇ ਜੀਵਨ ਦੀ ਗੁਣਵੱਤਾ ਨੂੰ ਕਾਇਮ ਰੱਖਣ 'ਤੇ ਧਿਆਨ ਰੱਖਦਾ ਹੈ। ਥੈਰੇਪੀ ਵੀ ਜੁਧਾਰ ਹੋ ਸਕਦੀ ਹੈ, ਕਈ ਮਰੀਜ਼ਾ ਨੂੰ ਗੰਭੀਰ ਸਾਈਡ ਇਫੈਕਟਸ ਦਾ ਅਨੁਭਵ ਕਰਾ ਸਕਦੀ ਹੈ। ਇਹ ਸੰਭਵ ਹੈ ਕਿ ਕੈਂਸਰ ਮਿਆਰੀ ਕੀਮੋਥੈਰੇਪੀ ਤੇ ਅਸਰ ਨਾ ਦਿਖਾਵੇ ਜਾਂ ਦਵਾਈ ਦੀ ਪ੍ਰਤੀਰੋਪੀ ਬਣ ਜਾਵੇ। ਫੇਫੜੇ ਦੇ ਕੈਂਸਰ ਨੂੰ ਸ਼ੁਰੂਆਤੀ ਪੜਾਅ 'ਤੇ ਫੜ ਲਿਆ ਜਾਵੇ ਤਾਂ ਸਰਜਰੀ ਇਕ ਵਿਕਲਪ ਹੈ, ਪਰ ਰਿਕਵਰੀ ਮੁਸ਼ਕਲ ਹੋ ਸਕਦੀ ਹੈ। ਕੇਅਰ ਗਿਵਰ ਦੇ ਤੌਰ 'ਤੇ, ਆਪਣੇ ਮਰੀਜ਼ ਜੋ ਦਰਦ 'ਚ ਹੈ,ਦੀ ਦੇਖਭਾਲ ਕਰਨਾ ਭਾਰੂ ਹੋ ਸਕਦਾ ਹੈ।

**ਆਪਣਾ ਖ਼ਿਆਲ ਰੱਖੋ** - ਫੇਫੜੇ ਦੇ ਕੈਂਸਰ ਨਾਲ ਪੀੜਤ ਦੀ ਦੇਖਭਾਲ ਇਕ ਲੰਮਾ ਰਸਤਾ ਹੋ ਸਕਦੀ ਹੈ, ਅਤੇ ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਸ਼ੁਰੂ 'ਚ ਹੀ ਨਾ ਥੱਕ ਜਾਓ। ਆਪਣਾ ਧਿਆਨ ਰੱਖੋ ਕਿਉਂਕਿ ਤੁਹਾਨੂੰ ਡਾਕਟਰ ਦੀ ਅਪਾਇੰਟਮੈਂਟ, ਇਲਾਜ ਸਾਰਣੀ ਦੀ ਟ੍ਰੈਕਿੰਗ ਲਈ, ਪਰਿਵਾਰ ਅਤੇ ਦੋਸਤਾਂ ਨੂੰ ਅੱਪਡੇਟ ਕਰਨ ਦੇ ਨਾਲ ਨਾਲ ਆਪਣੇ ਜੀਵਨ ਨੂੰ ਸੰਭਾਲਨ ਲਈ ਅੱਗੇ ਰਹਿਣ ਲਈ ਕੋਸ਼ਿਸ਼ ਕਰਨੀ ਹੈ। ਇਕ ਪੇਸ਼ੇਵਰ ਓਨਕੋਲੋਜੀ ਸੋਸ਼ਲ ਵਰਕਰ ਦੀ ਸਲਾਹ ਲਓ, ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਦੇਖਭਾਲ ਦੀ ਜ਼ਿੰਮੇਵਾਰੀ ਦਿਓ, ਅਤੇ ਆਰਾਮ ਅਤੇ ਰਿਚਾਰਜ ਹੋਣ ਲਈ ਕੁੱਝ ਸਮਾਂ ਇੱਕਲੇ ਬਿਤਾਓ।

## ਕੇਅਰ ਗਿਵਰ ਲਈ ਸੁਝਾਅ

- ਇਕ ਬ੍ਰੇਕ ਲਓ ਅਤੇ ਉਹ ਕੰਮ ਕਰੋ ਜਿਸ 'ਚ ਤੁਹਾਨੂੰ ਅਨੰਦ ਆਉਂਦਾ ਹੈ।
- ਆਪਣੀ ਸੀਮਾ ਨੂੰ ਜਾਣੋ, ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਨਹੀਂ।
- ਇਕ ਸਹਿਯੋਗ ਗਰੁੱਪ ਵਿਚ ਸ਼ਾਮਲ ਹੋ ਜਾਓ।



# ਲਕਵਾ ਲਾ-ਇਲਾਜ ਨਹੀਂ ਹੈ

ਲਕਵਾ ਨੂੰ ਆਯੁਰਵੇਦ ਵਿਚ ਪਕਸ਼ਾਘਾਤ ਰੋਗ ਵੀ ਕਹਿੰਦੇ ਹਨ। ਇਸ ਰੋਗ ਵਿਚ ਰੋਗੀ ਦੇ ਇਕ ਪਾਸੇ ਦੇ ਸਾਰੇ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ। ਇਸ ਦੇ ਨਾਲ ਹੀ ਇਨ੍ਹਾਂ ਅੰਗਾਂ ਦੀ ਦਿਮਾਗ਼ ਤਕ ਚੇਤਨਾ ਦੀ ਪਹੁੰਚ ਬੰਦ ਹੋ ਜਾਂਦੀ ਹੈ। ਇਸ ਰੋਗ ਦੇ ਕਾਰਨ ਅੰਗਾਂ ਦਾ ਟੇਢਾਪਣ, ਸਰੀਰ ਵਿਚ ਗਰਮੀ ਦੀ ਕਮੀ ਅਤੇ ਕੁਝ ਹੱਦ ਤਕ ਯਾਦਸ਼ਕਤੀ ਵੀ ਨਸ਼ਟ ਹੋ ਜਾਂਦੀ ਹੈ। ਲਕਵਾ ਰੋਗ ਵਿਚ ਇਨਸਾਨ ਅਸਮਰੱਥ ਹੋ ਜਾਂਦਾ ਹੈ ਅਤੇ ਆਪਣੇ ਕੰਮਾਂ ਲਈ ਦੂਜਿਆਂ ਤਕ ਨਿਰਭਰ ਹੋ ਜਾਂਦਾ ਹੈ।

### ਆਯੁਰਵੇਦ ਇਲਾਜ

*ਆਯੁਰਵੇਦ ਵਿਚ ਲਵਕਾ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਅਨੇਕਾਂ ਉਪਾਅ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ ਵਧੇਰੇ ਕਰਕੇ ਘਰੇਲੂ ਨੁਸਖ਼ਿਆਂ, ਤੇਲ ਮਾਲਿਸ਼ ,ਪਰਹੇਜ਼ 'ਤੇ ਆਧਾਰਿਤ ਇਲਾਜ ਜ਼ਿਆਦਾ ਹੈ। ਆਯੁਰਵੇਦ ਵਿਚ ਲਕਵਾ ਰੋਗ ਲਾਇਲਾਜ ਬਿਮਾਰੀ ਨਹੀਂ, ਸਗੋਂ ਇਲਾਜ ਰਾਹੀਂ ਇਸ ਰੋਗ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾ ਸਕਦਾ ਹੈ। ਇਸ ਲਈ ਆਯੁਰਵੇਦ ਲਕਵਾ ਰੋਗੀਆਂ ਲਈ ਨਿਰਾਸਤਾ ਦੇ ਹਨੇਰੇ ਵਿਚ ਵੱਡੀ ਆਸ ਦੀ ਕਿਰਨ ਜਗਾਉਂਦਾ ਹੈ।*

### ਲੱਛਣ

ਲਕਵਾ ਰੋਗ ਸਰੀਰ ਦੀਆਂ ਨਸਾਂ ਨੂੰ ਪੂਰੀ ਤਰ੍ਹਾਂ ਸੁਕਾ ਦਿੰਦਾ ਹੈ ਜਿਸ ਕਾਰਨ ਸਰੀਰ ਦੇ ਅੰਗਾਂ 'ਚ ਖ਼ੂਨ ਨਹੀਂ ਪਹੁੰਚ ਪਾਉਂਦਾ ਅਤੇ ਸਰੀਰ ਦਾ ਅੰਗ ਕਿਸੇ ਕੰਮ ਦਾ ਨਹੀਂ ਰਹਿ ਜਾਂਦਾ। ਇਸ ਤੋਂ ਇਲਾਵਾ ਸਰੀਰ ਦੇ ਮੁੱਖ ਅੰਗ ਜਿਵੇਂ ਨੱਕ, ਅੱਖ ਅਤੇ ਕੰਨ ਟੇਢੇ ਹੋ ਜਾਂਦੇ ਹਨ। ਇਸ ਰੋਗ ਦਾ ਸਭ ਤੋਂ ਵੱਡਾ ਲੱਛਣ ਹੈ, ਬੁੱਲ੍ਹਾਂ ਦਾ ਇਕ ਪਾਸੇ ਲਟਕ ਜਾਣਾ।

# ਸਾਹਿਤ ਕਲਸ਼ ਮੈਗਜ਼ੀਨ ਰਿਲੀਜ਼ ਅਤੇ ਕਵੀ ਸੰਮੇਲਨ ਦਾ ਆਯੋਜਨ

**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜੀ.ਕੇ. ਇੰਸਟੀਚਿਊਟ ਪਟਿਆਲਾ ਦੇ ਵਿਹੜੇ ਵਿੱਚ ਸਾਹਿਤ ਕਲਸ਼ ਮੈਗਜ਼ੀਨ ਦੀ ਮਾਸਿਕ ਕਾਵਿ ਗੋਸ਼ਟੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਤੀਹ ਕਵੀਆਂ ਅਤੇ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿੱਚ ਦਿਨੇਸ਼ ਸੂਦ, ਪਵਨ ਗੋਇਲ, ਤ੍ਰਿਲੋਕ ਸਿੰਘ ਢਿੱਲੋਂ, ਪ੍ਰਿੰਸੀਪਲ ਮੰਜੂ ਜੀ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਮਾਂ ਸਰਸਵਤੀ ਦੇ ਪਵਿੱਤਰ ਚਰਨਾਂ ਵਿੱਚ ਮੱਥਾ ਟੇਕ ਕੇ ਦੀਵਾ ਜਗਾਉਣ ਦੀ ਪਰੰਪਰਾ ਨੂੰ ਨਿਭਾ ਕੇ ਸ਼ੁਰੂ ਹੋਇਆ। ਇਸ ਤੋਂ ਬਾਅਦ, ਸਟੇਜ ਸਕੱਤਰ ਮਨੂ ਵੈਸ਼ਯ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਕਾਵਿ ਗੋਸ਼ਟੀ ਦੀ ਰਸਮੀ ਸ਼ੁਰੂਆਤ ਕੀਤੀ। ਲਗਭਗ ਤੀਹ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਨਾਲ ਮਾਹੌਲ ਨੂੰ ਕਾਵਿਕ ਮਾਹੌਲ ਨਾਲ ਭਰ ਦਿੱਤਾ।

ਸਭ ਤੋਂ ਪਹਿਲਾਂ, ਅਨੁਪ੍ਰੀਤ ਭੱਟੀ ਅਤੇ ਪੂਰਨ ਸਵਾਮੀ ਨੇ ਰਚਨਾ ਪੜ੍ਹੀ। ਪੁਨੀਤ ਗੋਇਲ ਦੁਆਰਾ ਆਈ ਲਵ ਯੂ, ਕ੍ਰਿਸ਼ਨ ਧੀਮਾਨ ਦੁਆਰਾ ਕੋਈ ਧੋਖੇ ਨਾਲ ਮਾਰੇ, ਖੁਸ਼ਪ੍ਰੀਤ ਦੁਆਰਾ ਦਿਲ ਕੀ ਦਹਿਲੀਜ਼, ਅਲਕਾ ਅਰੋੜਾ ਦੁਆਰਾ ਕੁਰਸੀ ਕੀ ਚਿੰਤਾ, ਕੁਲਵਿੰਦਰ ਕੁਮਾਰ ਦੁਆਰਾ ਪੰਜਾਬੀ ਮਿੰਨੀ ਕਹਾਣੀ ਪੇਸ਼ ਕੀਤੀਆਂ ਗਈਆਂ। ਗੁਰਪ੍ਰੀਤ ਸਿੰਘ ਢਿੱਲੋਂ ਨੇ ਬਹੁਤ ਹੀ ਖੂਬਸੂਰਤੀ ਨਾਲ ਲੋਕ ਗੀਤ ਗਾਇਆ ਅਤੇ ਸਾਰਿਆਂ ਦਾ ਦਿਲ ਜਿੱਤ ਲਿਆ। ਵਿਜੇ ਕੁਮਾਰ ਨੇ ਰਚਨਾ 'ਕਿਸੀ ਕੀ ਦਿਲਲਗੀ ਹੋਗੀ' ਪੇਸ਼ ਕੀਤੀ, ਸ਼ਾਲੂ ਜਿੰਦਲ ਨੇ ਰਚਨਾ 'ਮੁਝੇ ਯਾਦ ਰਖਣਾ' ਸੁਣਾਈ। ਵਿਸ਼ਵਜੀਤ ਨੇ 'ਮੈਂ ਨਾ ਆਗੇ ਹੂੰ' ਅਤੇ ਜਗਦੀਸ਼ ਜੱਗੀ ਨੇ 'ਇਕ ਨੂਰ ਤੋਂ' ਰਚਨਾ ਨਾਲ ਮਾਹੌਲ ਨੂੰ ਹੋਰ ਸੁੰਦਰ ਬਣਾਇਆ। । ਕ੍ਰਿਸ਼ਨ ਧੀਮਾਨ, ਡਾ. ਰਾਕੇਸ਼ ਵਰਮਾ, ਡਾ. ਅਜੇ ਸਿੰਗਲਾ ਅਤੇ ਕੁਲਜੀਤ ਕੌਰ ਧੰਜੂ ਨੇ ਵੀ ਆਪਣੀਆਂ ਰਚਨਾਵਾਂ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਅੰਮ੍ਰਿਤਪਾਲ ਸਿੰਘ ਕਾਫ਼ੀ ਨੇ ਕਵਿਤਾ 'ਆਂਖੇ ਫਿਰ ਨਮ ਹੋਗੀ' ਪੇਸ਼ ਕੀਤੀ, ਬਜਿੰਦਰ ਠਾਕੁਰ ਨੇ ਪਤਨੀ 'ਤੇ ਹਾਸ-ਰਸ ਗੀਤ ਗਾ ਕੇ ਸਾਰਿਆਂ ਦਾ ਦਿਲ ਜਿੱਤ ਲਿਆ। ਸ਼ਰਵਣ ਕੁਮਾਰ ਦੀ ਗ਼ਜ਼ਲ 'ਤੂੰ ਹੈ ਤੋ', ਪੰਕਜ ਕੌਸ਼ਿਕ ਦੀ ਗ਼ਜ਼ਲ 'ਗਰ ਚਾਹਤੇ ਹੈ', ਅਨੀਸ਼ਾ ਆਂਗਰਾ ਦੀ ਗ਼ਜ਼ਲ 'ਅਧੂਰੀ ਸੀ ਕਹਾਨੀ ਹੈ ਮੁਹੱਬਤ', ਹਰੀਦੱਤ ਹਬੀਬ ਦੀ 'ਪਰਿੰਦੇ ਤੁਮਨੇ ਪਾਲੇ' ਅਤੇ ਪਰਵਿੰਦਰ ਸ਼ੋਖ ਦੀ 'ਤੁਝੇ ਏ ਫਿਕਰ ਹੈ' ਨੇ ਸਾਰਿਆਂ ਦਾ ਮਨ ਮੋਹ ਲਿਆ। ਤ੍ਰਿਲੋਕ ਸਿੰਘ ਢਿੱਲੋਂ ਨੇ ਪੰਜਾਬੀ ਗੀਤ 'ਸ਼ੋਰ ਬਹੁਤ ਹੈ' ਪੇਸ਼ ਕੀਤਾ। ਮਨੂ ਵੈਸ਼ਿਆ ਨੇ 'ਮੈਂ ਕੌਨ ਹੂੰ' ਕਵਿਤਾ ਸੁਣਾਈ। ਮੰਚ 'ਤੇ ਹਾਜ਼ਰ ਪਵਨ ਗੋਇਲ ਨੇ ਸਾਹਿਤ ਕਲਸ਼ ਵੱਲੋਂ ਕਰਵਾਏ ਗਏ ਸਾਹਿਤਕ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਰ ਮਹੀਨੇ ਹੋਣ ਵਾਲੇ ਇਸ ਕਵੀ ਦਰਬਾਰ ਦੀ ਉਡੀਕ ਕਰਦੇ ਹਨ। ਦਿਨੇਸ਼ ਸੂਦ ਨੇ ਸਾਰਿਆਂ ਦੀਆਂ ਰਚਨਾਵਾਂ 'ਤੇ ਸੰਖੇਪ ਟਿੱਪਣੀ ਕੀਤੀ ਅਤੇ ਸਾਰਿਆਂ ਵੱਲੋਂ ਸੁਣਾਈਆਂ ਗਈਆਂ ਰਚਨਾਵਾਂ ਦੀ ਸ਼ਲਾਘਾ ਕੀਤੀ, ਫਿਰ ਸਾਹਿਤ ਕਲਸ਼ ਮੈਗਜ਼ੀਨ ਰਿਲੀਜ਼ ਕੀਤਾ ਗਿਆ ਅਤੇ ਸਾਹਿਤ ਕਲਸ਼ ਪ੍ਰਕਾਸ਼ਨ ਦੇ ਸੰਸਥਾਪਕ ਸਾਗਰ ਸੂਦ ਨੇ ਖ਼ੂਬਸੂਰਤ ਗ਼ਜ਼ਲ 'ਆਪ ਜਬਸੇ ਖਫ਼ਾ ਹੋ ਗਏ' ਪੇਸ਼ ਕੀਤੀ। ਸਾਗਰ ਸੂਦ ਵੱਲੋਂ ਹਰ ਮਹੀਨੇ ਸਾਹਿਤਕ ਗੋਸ਼ਠੀ ਦਾ ਸੁਚਾਰੂ ਆਯੋਜਨ ਸਮਾਜ ਅਤੇ ਸਾਹਿਤ ਪ੍ਰਤੀ ਉਨ੍ਹਾਂ ਦੇ ਡੂੰਘੇ ਲਗਾਅ ਅਤੇ ਸਮਰਪਣ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਹੈ।

ਸਟੇਜ 'ਤੇ ਮੌਜੂਦ ਸਾਰੇ ਮਹਿਮਾਨਾਂ ਨੇ ਸਾਹਿਤਕ ਕਲਸ਼ ਨੂੰ ਇਸੇ ਤਰ੍ਹਾਂ ਵਧਦੇ ਰਹਿਣ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਹਮੇਸ਼ਾ ਵਾਂਗ, ਸਾਹਿਤਕ ਕਲਸ਼ ਪਰਿਵਾਰ ਦੇ ਮੈਂਬਰਾਂ ਦੇ ਜਨਮਦਿਨ ਕੇਕ ਕੱਟ ਕੇ ਮਨਾਏ ਗਏ। ਇਸ ਤਰ੍ਹਾਂ, ਇੱਕ ਸੁੰਦਰ ਕਾਵਿਆ ਗੋਸ਼ਠੀ ਦਾ ਆਯੋਜਨ ਕੀਤਾ ਗਿਆ ਜੋ ਇੱਕ ਪੂਰੀ ਤਰ੍ਹਾਂ ਸਿਹਤਮੰਦ ਸਾਹਿਤ ਵੱਲ ਵਧਣ ਲਈ ਪ੍ਰੇਰਿਤ ਕਰਦਾ ਹੈ।

# ਕਾਸੋ ਆਪਰੇਸ਼ਨ ਦੌਰਾਨ ਮਾਛੀਵਾੜਾ ਪੁਲਿਸ ਵੱਲੋਂ 15 ਗ੍ਰਾਮ ਹੈਰੋਇਨ ਅਤੇ 97,000/ਰੁਪਏ ਡਰੱਗ ਮਨੀ ਸਮੇਤ ਦੋ ਕਾਬੂ



**ਮਾਛੀਵਾੜਾ ਸਾਹਿਬ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅੰਦਰ ਨਸ਼ਿਆਂ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮਾਛੀਵਾੜਾ ਪੁਲਿਸ ਨੂੰ ਵੱਡੀ ਸਫਲਤਾ ਪ੍ਰਾਪਤ ਹੋਈ। ਪ੍ਰੈਸ ਕਾਨਫਰੰਸ ਕਰਦਿਆਂ ਡੀ.ਐਸ.ਪੀ. ਸਮਰਾਲਾ ਤਰਲੋਚਨ ਸਿੰਘ ਨੇ ਦੱਸਿਆ ਕਿ ਡਾ. ਜੋਤੀ ਯਾਦਵ ਆਈ.ਪੀ.ਐਸ. ਮਾਨਯੋਗ ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਖੰਨਾ ਦੇ ਦਿਸ਼ਾ ਨਿਰਦੇਸ਼ਾਂ ਤੇ ਨਸ਼ਾ ਤਸਕਰਾਂ ਖਿਲਾਫ ਹਰ ਰੋਜ਼ ਕਾਸੋ ਅਪਰੇਸ਼ਨ ਚਲਾਇਆ ਜਾ ਰਿਹਾ ਹੈ। ਇਸੇ ਤਹਿਤ ਮਾਛੀਵਾੜਾ ਸਾਹਿਬ ਵਿਖੇ ਥਾਣਾ ਮੁਖੀ ਹਰਵਿੰਦਰ ਸਿੰਘ ਦੀ ਅਗਵਾਈ ਵਿੱਚ ਏ.ਐਸ.ਆਈ. ਹਾਕਮ ਸਿੰਘ ਅਤੇ ਏ.ਐਸ.ਆਈ. ਪਵਨਜੀਤ ਸਿੰਘ ਤੇ ਪੁਲਸ ਟੀਮ ਵੱਲੋਂ ਕਾਸੋ ਸਰਚ ਆਪ੍ਰੇਸ਼ਨ ਦੌਰਾਨ ਦੋ ਨਸ਼ਾ ਤਸਕਰਾਂ ਦੀਪਕ ਦੀਪਾ ਅਤੇ ਜਸ਼ਨਦੀਪ ਸਿੰਘ ਜਸ਼ਨ ਦੋਵੇਂ ਪਿੰਡ ਭੱਟੀਆਂ ਨੂੰ ਕਾਬੂ ਕੀਤਾ ਹੈ। ਦੋਵੇਂ ਇੱਕੋ ਪਿੰਡ ਦੇ ਰਹਿਣ ਵਾਲੇ ਹਨ ਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹਨਾਂ ਮੁਲਜ਼ਮਾਂ ਕੋਲੋਂ 15 ਗ੍ਰਾਮ ਹੈਰੋਇਨ ਅਤੇ 95,000/ਰੁਪਏ ਦੀ ਡਰੱਗਜ਼ ਮਨੀ ਬਰਾਮਦ ਕਰ ਲਈ ਗਈ ਹੈ। ਇਹਨਾਂ ਵਿੱਚੋਂ ਇੱਕ ਮੁਲਜਮ ਤੇ ਪਹਿਲਾਂ ਹੀ ਨਸ਼ਾ ਤਸਕਰੀ ਦਾ ਮਾਮਲਾ ਦਰਜ ਹੈ। ਇਹ ਦੋਨੋਂ ਨਸ਼ਾ ਤਸਕਰ ਆਸ ਪਾਸ ਦੇ ਪਿੰਡਾਂ ਵਿੱਚ ਨਸ਼ਾ ਤਸਕਰੀ ਕਰਦੇ ਸਨ। ਡੀ.ਐਸ.ਪੀ. ਤਰਲੋਚਨ ਸਿੰਘ ਨੇ ਕਿਹਾ ਕਿ ਨਸ਼ੇ ਨੂੰ ਜੜ ਤੋਂ ਖਤਮ ਕਰਨ ਦੇ ਲਈ ਭਵਿੱਖ ਵਿੱਚ ਵੀ ਲਗਾਤਾਰ ਇਹੋ ਜਿਹੇ ਅਪ੍ਰੇਸ਼ਨ ਜਾਰੀ ਰਹਿਣਗੇ।

ਉਹਨਾਂ ਨੇ ਨਸ਼ਾ ਤਸਕਰਾਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਨਸ਼ਾ ਤਸਕਰ ਜਾਂ ਤਾਂ ਨਸ਼ਾ ਵੇਚਣਾ ਛੱਡ ਦੇਣ ਨਹੀਂ ਤਾਂ ਉਨਾਂ ਨੂੰ ਇਹ ਇਲਾਕਾ ਹੀ ਛੱਡਣਾ ਪਵੇਗਾ। ਉਹਨਾਂ ਨੇ ਕਿਹਾ ਕਿ ਪਹਿਲਾਂ ਵੀ ਕਈ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਅਟੈਚ ਕੀਤੀਆਂ ਗਈਆਂ ਹਨ। ਹੁਣ ਜਿਵੇਂ ਜਿਵੇਂ ਸਾਨੂੰ ਜਾਣਕਾਰੀ ਮਿਲਦੀ ਰਹੇਗੀ ਜਿਹੜੇ ਨਸ਼ਾ ਤਸਕਰਾਂ ਨੇ ਹੁਣ ਨਵੀਆਂ ਜਾਇਦਾਦਾਂ ਬਣਾਈਆਂ ਹਨ ਉਹ ਵੀ ਅਟੈਚ ਕੀਤੀਆਂ ਜਾਣਗੀਆਂ। ਜਿਨ੍ਹਾਂ ਦੋ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਗਿਆ ਹੈ।

# ਡੇਂਗੂ, ਡਾਇਰੀਆ ਮਲੇਰੀਆ ਅਤੇ ਹੜ੍ਹਾਂ ਦੌਰਾਨ ਬਚਣ ਬਚਾਉਣ ਲਈ ਕੀਤਾ ਜਾਗਰੂਕ




**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ, ਡਿਪਟੀ ਕਮਿਸ਼ਨਰ ਪਟਿਆਲਾ ਅਤੇ ਸਿਵਲ ਸਰਜਨ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਨੂੰ ਆਪਣੇ ਬੱਚਿਆਂ ਅਤੇ ਪਰਿਵਾਰਕ ਮੈਬਰਾਂ ਨੂੰ ਬਰਸਾਤਾਂ ਦੌਰਾਨ ਫੈਲ ਰਹੀ ਡੇਂਗੂ, ਡਾਇਰੀਆ, ਮਲੇਰੀਆ, ਹਲਕਾਅ ਸਬੰਧੀ ਹਮੇਸ਼ਾਂ ਜਾਗਰੂਕ ਹੋਣਾ ਚਾਹੀਦਾ ਹੈ। ਜਿਸ ਹਿੱਤ ਡਾਕਟਰਾਂ, ਨਰਸਾਂ ਅਤੇ ਸਿਹਤ ਸੇਫਟੀ ਫਸਟ ਏਡ ਸੀ ਪੀ ਆਰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਨਾਲ ਸਬੰਧਤ ਵਿਸ਼ਾ ਮਾਹਿਰਾਂ ਵਲੋਂ ਦਿੱਤੀਆਂ ਜਾਣਕਾਰੀਆਂ ਨੂੰ ਘਰ ਪਰਿਵਾਰਾਂ ਮਹੱਲਿਆ ਸੰਸਥਾਵਾਂ ਵਿਖੇ ਫੈਲਾਉਣ ਲਈ ਯਤਨ ਕਰਨੇ ਚਾਹੀਦੇ ਹਨ ਇਹ ਵਿਚਾਰ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟਰੇਨਰ ਅਤੇ ਭਾਰਤੀਯ ਰੈੱਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਟਰੇਨਿੰਗ ਸੁਪਰਵਾਈਜ਼ਰ ਸ਼੍ਰੀ ਕਾਕਾ ਰਾਮ ਵਰਮਾ ਨੇ ਕੈਰੀਅਰ ਅਕੈਡਮੀ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ, ਚੈਅਰਮੈਨ ਦੀਆਂ ਹਦਾਇਤਾਂ ਅਨੁਸਾਰ ਲਗਵਾਏ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਵਿਖੇ ਪ੍ਰਗਟ ਕੀਤੇ। ਕਾਕਾ ਰਾਮ ਵਰਮਾ ਨੇ ਕਿਹਾ ਕਿ ਬਜ਼ਾਰੂ ਬਾਸੀ ਪਹਿਲਾਂ ਤੋਂ ਕੱਟ ਕੇ ਰਖੀਆਂ ਖਾਣ ਪੀਣ ਵਾਲੀਆਂ ਚੀਜ਼ਾਂ, ਨਾ ਖਾਓ। ਫਲ ਸਬਜ਼ੀਆਂ ਖਾਣ ਤੋਂ ਪਹਿਲਾਂ, ਦੋ ? ਘੰਟੇ ਤੱਕ ਸਾਫ ਨਮਕ ਜਾਂ ਮਿੱਠੇ ਸੋਡੇ ਦੇ ਪਾਣੀ ਵਿੱਚ ਰੱਖੋ। ਉਨ੍ਹਾਂ ਨੇ ਫਸਟ ਏਡ ਵਜੋਂ ਪੀੜਤਾਂ ਦੇ ਸਰੀਰ ਵਿੱਚੋ ਨਮਕ, ਚੀਨੀ, ਪਾਣੀ ਦੀ ਘਾਟ ਪੂਰੀ ਕਰਨ ਲਈ, ਉਬਲਿਆ ਸਾਫ ਪਾਣੀ, ਸ਼ਿਕੰਜਵੀ, ਜਾਂ ਓ ਆਰ ਐਸ ਘੋਲ , ਤਾਜ਼ਾ ਭੋਜਨ ਦੇਣ ਬਾਰੇ ਪਰ ਜੂਸ, ਕੋਲਡ ਡਰਿੰਕ, ਫਾਸਟ ਫੂਡ ਜੰਕ ਫੂਡ ਨਾ ਦਿੱਤੇ ਜਾਣ। ਘਰੈਲੂ ਇਲਾਜ ਦੀ ਥਾਂ ਨੇੜੇ ਦੇ ਡਾਕਟਰ ਤੋਂ ਦਵਾਈਆਂ ਲਵੋ। ਦਿਨ ਵਿਚ ਪੰਜ ਛੇ ਵਾਰ ਹੱਥਾਂ ਨੂੰ ਸਾਬਣ ਨਾਲ ਸਾਫ ਕਰੋ। ਘਰਾਂ ਮੁਹੱਲਿਆਂ, ਛੱਤਾਂ, ਗਮਲਿਆਂ, ਬਾਥਰੂਮ ਅਤੇ ਘਾਹ ਫੂਸ ਵਾਲੀਆਂ ਥਾਵਾਂ ਤੇ ਮੱਛਰ ਨਾ ਹੋਣ ਦਿਓ। ਉਨ੍ਹਾਂ ਨੇ ਹਲਕਾਅ, ਸੀ ਪੀ ਆਰ, ਰਿਕਵਰੀ ਪੁਜੀਸ਼ਨ ਵੈਂਟੀਲੈਟਰ ਬਣਾਉਟੀ ਸਾਹ ਕਿਰਿਆ ਦੀ ਜਾਣਕਾਰੀ ਦਿੱਤੀ। ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਕੌਰ ਅਤੇ ਵਿਦਿਆਰਥੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਇਹ ਜਾਣਕਾਰੀ ਆਪਣੇ ਘਰ ਪਰਿਵਾਰਾਂ ਮਹੱਲਿਆ ਕਾਲੋਨੀਆਂ ਵਿਖੇ ਵੀ ਦਿੱਤੀ ਜਾਵੇਗੀ।

# ਬਿਜਲੀ ਕਾਮਿਆਂ ਨੇ ਹੜਤਾਲ ਕਰਕੇ ਕੰਮ ਕੀਤਾ ਜਾਮ




**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸ ਯੂਨੀਅਨ ਸਰਕਲ ਪਟਿਆਲਾ ਦੇ ਪ੍ਰਧਾਨ ਹਰਜੀਤ ਸਿੰਘ ਸੇਖੋਂ ਅਤੇ ਸਰਕਲ ਸਕੱਤਰ ਬਿਰੇਸ਼ ਕੁਮਾਰ ਨੇ ਸਾਂਝੇ ਬਿਆਨ ਰਾਹੀਂ ਦੱਸਿਆ ਕਿ ਪਟਿਆਲਾ ਸਰਕਲ ਅੰਦਰ ਟੈਕਨੀਕਲ ਸਰਵਿਸ ਯੂਨੀਅਨ ਪੰਜਾਬ, ਪਾਵਰਕਾਮ ਐਂਡ ਟਰਾਂਸਕੋ, ਠੇਕਾ ਕਾਮਾ ਯੂਨੀਅਨ, ਪੈਸਕੋ ਯੂਨੀਅਨ ਦੇ ਸੱਦੇ ਤੇ ਪਟਿਆਲਾ ਸਰਕਲ ਵਿੱਚ ਮੁਕੰਮਲ ਹੜਤਾਲ ਕਰਕੇ ਕੰਮ ਜਾਮ ਕੀਤਾ। ਇਸ ਹੜਤਾਲ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਬੁਲਾਰਿਆਂ ਨੇ ਬਿਜਲੀ ਕਾਮਿਆਂ ਦਾ ਧੰਨਵਾਦ ਕੀਤਾ। ਇਸ ਰੈਲੀ ਦੌਰਾਨ ਬਿੱਕਰ ਖਾਨ, ਦਰਸ਼ਨ ਕੁਮਾਰ, ਭਗਵਾਨ ਸਿੰਘ, ਕਰਮਜੀਤ ਸਿੰਘ, ਇੰਦਰਜੀਤ ਸਿੰਘ, ਬਿਰੇਸ਼ ਕੁਮਾਰ, ਜ਼ੋਗਿੰਦਰ ਸਿੰਘ ਮੌਜੀ, ਹਰਜੀਤ ਸਿੰਘ ਨੇ ਸੰਬੋਧਨ ਕੀਤਾ। ਇਸ ਰੈਲੀ ਵਿੱਚ ਵਿਜੇ ਦੇਵ ਸਾਬਕਾ ਮੀਤ ਪ੍ਰਧਾਨ ਨੇ ਵੀ ਸ਼ਮੂਲੀਅਤ ਕੀਤੀ।

ਸਾਰੇ ਬੁਲਾਰਿਆਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨਿਜੀਕਰਨ ਦੀ ਨੀਤੀ ਬੰਦ ਕਰੇ, ਠੇਕਾ ਕਾਮਿਆਂ ਨੂੰ ਬਿਜਲੀ ਬੋਰਡ ਵਿੱਚ ਭਰਤੀ ਕਰਕੇ ਰੈਗੂਲਰ ਕੀਤਾ ਜਾਵੇ। ਡਿਸਮਿਸ ਆਗੂਆਂ ਨੂੰ ਕੋਰਟ ਦੇ ਫੈਸਲੇ ਅਨੁਸਾਰ ਤੁਰੰਤ ਬਹਾਲ ਕੀਤਾ ਜਾਵੇ, ਨਾਰਮਜ ਅਨੁਸਾਰ ਬਿਜਲੀ ਬੋਰਡ ਵਿੱਚ ਅਸਾਮੀਆਂ ਦੀ ਪੱਕੀ ਭਰਤੀ ਕੀਤੀ ਜਾਵੇ।

15ਵੀਂ ਲੇਬਰ ਕਾਨਫਰੰਸ ਅਨੁਸਾਰ ਘੱਟੋ-ਘੱਟ ਤਨਖਾਹ ਦਿੱਤੀ ਜਾਵੇ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਆਦਿ ਮੰਗਾਂ ਮੰਨੀਆਂ ਜਾਣ।

ਪਟਿਆਲਾ ਸਰਕਲ ਤੋਂ ਫੋਰਟ ਸਬ ਡਵੀਜਨ ਤੱਕ 400 ਤੋਂ ਵੱਧ ਬਿਜਲੀ ਕਾਮਿਆਂ ਨੇ ਮੁਜਾਹਰਾ ਕਰਕੇ ਇਹ ਮੰਗ ਕੀਤੀ ਕਿ ਉਪਰੋਕਤ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ।

# ਨਗਰ ਕੌਂਸਲ ਸਨੌਰ 'ਚ ਇੱਕ ਦਿਨ ਕੰਮ ਛੋੜ ਹੜਤਾਲ



**ਸਨੌਰ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਨਗਰ ਕੌਂਸਲ ਸਨੌਰ ਅਤੇ ਦੀ ਕਲਾਸ ਫੋਰਥ ਇਮਪਲਾਈਜ ਯੂਨੀਅਨ ਨਗਰ ਕੌਂਸਲ ਸਨੌਰ ਵੱਲੋਂ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਮੁਲਾਜ਼ਮਾਂ ਅਤੇ ਪੈਨਸ਼ਨ ਵਿਰੋਧੀ ਨੀਤੀਆਂ ਦੇ ਨਾਲ ਨਾਲ ਕਿਸਾਨ ਮਜ਼ਦੂਰ ਸਫਾਈ ਕਰਮੀਆਂ ਵਿਰੋਧੀ ਨੀਤੀਆਂ ਵਿਰੋਧ ਵਿੱਚ ਅੱਜ ਪੂਰੇ ਦੇਸ਼ ਵਿੱਚ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ ਉਹਦੇ ਸੰਬੰਧ ਵਿੱਚ ਨਗਰ ਕੌਂਸਲ ਸਨੌਰ ਵਿਖੇ ਇੱਕ ਦਿਨ ਕੰਮ ਛੋੜ ਹੜਤਾਲ ਕੀਤੀ ਗਈ ਇਸ ਵਿੱਚ ਮੁਲਾਜ਼ਮਾਂ ਵੱਲੋਂ ਮੰਗ ਰੱਖੀ ਗਈ ਉਹਨਾਂ ਨੂੰ ਪੱਕਾ ਕੀਤਾ ਜਾਵੇ ਠੇਕਾ ਆਊਟ ਸੋਰਸ ਬੰਦ ਕੀਤਾ ਜਾਵੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ਇਸ ਹੜਤਾਲ ਵਿੱਚ ਸਮੂਹ ਦਫਤਰੀ ਕਲੈਰੀਕਲ ਸਟਾਫ ਕੰਪਿਊਟਰ ਆਪਰੇਟਰ ਸੇਵਾਦਾਰ ਚੌਂਕੀਦਾਰ ਵਾਟਰ ਸਪਲਾਈ ਡਰਾਈਵਰ ਸਾਰੇ ਸਫਾਈ ਕਰਮਚਾਰੀ ਕਰਮਚਾਰੀ ਮੌਜੂਦ ਰਹੇ.

ਇਸ ਮੌਕੇ ਸਫਾਈ ਸੇਵਕ ਐਂਡ ਅਦਰ ਵਰਕ ਯੂਨੀਅਨ ਦੇ ਪ੍ਰਧਾਨ ਨੰਦ ਲਾਲ ਤਾਂਕ ਨੇ ਕਿਹਾ ਕਿ ਜੇ ਮੰਗਾ ਨਾ ਪੂਰੀਆ ਹੋਈਆ ਤਾਂ ਸੰਘਰਸ਼ ਹੋਰ ਤੇ ਕੀਤਾ ਜਾਏਗਾ ਇਸ ਮੌਕੇ ਤੇ ਰਾਜਕੁਮਾਰ ਰਾਜੂ ਪ੍ਰਧਾਨ ਰਕੇਸ਼ ਕੁਮਾਰ ਬੱਬੂ ਦੀਪਕ ਕੁਮਾਰ ਵਰਨ ਕੁਮਾਰ ਅਜੇ ਕੁਮਾਰ ਹੈਪੀ ਸੁਮਿਤ ਕੁਮਾਰ ਜੋਨੀ ਕੁਲਦੀਪ ਕੁਮਾਰ ਇੰਦਰਪ੍ਰੀਤ ਕੌਰ ਜੁਗਾਲ ਲਾਲ ਨਰੇਸ਼ ਕੁਮਾਰ ਹੰਸਰਾਜ ਦਵਿੰਦਰ ਸਿੰਘ ਮੇਟ ਰੋਕੀ ਪ੍ਰਧਾਨ ਸੁੰਦਰ ਸੋਨੀ ਵਿੱਕੀ ਅਟਵਾਲ ਹੈਪੀ ਕੁਮਾਰ ਸ਼ਿਵਾਨੀ ਬਿੰਦੂ ਰਾਣੀ ਰਕੇਸ਼ ਕੁਮਰ ਲਾਲ ਨਰਿੰਦਰ ਸਿੰਘ ਤੇ ਸਾਰੇ ਸਫਾਈ ਕਰਮਚਾਰੀ ਅਹੁਦੇਦਾਰ ਸਾਹਿਬਾਨ ਹਾਜ਼ਰ ਸਨ।

# ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਦਾ ਕਰੀਬੀ ਹੋਣ ਦਾ ਭੁਲੇਖਾ ਪਾਉਣ ਲਈ ਪੁਰਾਣੇ ਮੋਬਾਇਲ ਨੰਬਰ ਨੂੰ ਵਰਤਣ ਵਾਲਾ ਠੱਗ ਗਿਰੋਹ ਦਾ ਸਰਗਨਾ ਪਟਿਆਲਾ ਪੁਲਿਸ ਵੱਲੋਂ ਕਾਬੂ: ਵਰੁਣ ਸ਼ਰਮਾ

## ਜਾਅਲੀ ਜਮਾਨਤ ਬਾਂਡ ਤੇ ਫ਼ਰਜੀ ਦਸਤਾਵੇਜ ਤਿਆਰ ਕਰਨ ਵਾਲੇ ਗਿਰੋਹ ਦਾ ਵੀ ਕਿੰਗਪਿੰਨ ਹੈ ਫੋਨ ਨੰਬਰ ਵਰਤਣ ਵਾਲਾ ਠੱਗ: ਐਸ.ਐਸ.ਪੀ.




**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਪੁਲਿਸ ਨੇ ਇੱਕ ਅਜਿਹੇ ਗਿਰੋਹ ਨੂੰ ਬੇਨਕਾਬ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਕੀਤੀ ਹੈ, ਜੋ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਦੇ ਪੁਰਾਣ ਮੋਬਾਇਲ ਨੰਬਰ ਨੂੰ ਵਰਤਕੇ ਡਿਪਟੀ ਸੀਐਮ ਦਾ ਕਰੀਬੀ ਹੋਣ ਦਾ ਭੁਲੇਖਾ ਪਾ ਕੇ ਆਪਣਾ ਦਬਦਬਾ ਬਣਾ ਰਿਹਾ ਸੀ, ਇਸ ਗਿਰੋਹ ਦਾ ਮੁੱਖ ਸਰਗਨਾ ਜਾਅਲੀ ਜਮਾਨਤੀ ਬਾਂਡ ਅਤੇ ਫ਼ਰਜੀ ਦਸਤਾਵੇਜ ਤਿਆਰ ਕਰਨ ਵਾਲੇ ਗਿਰੋਹ ਦਾ ਵੀ ਕਿੰਗਪਿੰਨ ਰਿਹਾ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸਰਮਾ ਨੇ ਅੱਜ ਇੱਥੇ ਪੁਲਿਸ ਲਾਈਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ।

ਐਸ.ਐਸ.ਪੀ. ਨੇ ਦੱਸਿਆ ਕਿ ਇਹ ਪਟਿਆਲਾ ਪੁਲਿਸ ਨੇ ਥਾਣਾ ਲਾਹੌਰੀ ਗੇਟ ਵਿਖੇ ਮਿਤੀ 19 ਜੂਨ 2025 ਨੂੰ ਇੱਕ ਮਾਮਲਾ ਦਰਜ ਕਰਕੇ ਠੱਗਾਂ ਦੇ ਅਜਿਹੇ ਗਿਰੋਹ ਦਾ ਪਰਦਾਫਾਸ਼ ਕੀਤਾ ਸੀ, ਜੋ ਕਿ ਜਾਅਲੀ ਜਮਾਨਤੀ ਬਾਂਡ ਅਤੇ ਫ਼ਰਜੀ ਦਸਤਾਵੇਜ ਤਿਆਰ ਕਰਕੇ ਵੱਖ-ਵੱਖ ਅਦਾਲਤਾਂ 'ਚ ਆਦੀ ਦੋਸ਼ੀਆ ਦੀਆਂ ਜਮਾਨਤਾਂ ਕਰਵਾਉਣ ਦਾ ਕਾਲਾ ਧੰਦਾ ਕਰਦਾ ਸੀ। ਉਨ੍ਹਾਂ ਦੱਸਿਆ ਕਿ ਇਸ ਗਿਰੋਹ ਦੇ ਸਰਗਨੇ ਜੈ ਕਿਸ਼ਨ ਭਾਰਦਵਾਜ ਪੁੱਤਰ ਲੇਟ ਜੱਗਾ ਰਾਮ ਵਾਸੀ ਸੰਤੋਸ਼ ਕਲੋਨੀ ਧਾਰੂਹੇੜਾ ਜਿਲ੍ਹਾ ਰਿਵਾੜੀ ਹਰਿਆਣਾ ਨੂੰ ਜਦੋਂ ਗ੍ਰਿਫ਼ਤਾਰ ਕਰਕੇ ਉਸਦੇ 5 ਫੋਨ ਜ਼ਬਤ ਕੀਤੇ ਗਏ ਤੇ ਪੁੱਛਗਿੱਛ ਕੀਤੀ ਗਈ ਤਾਂ ਉਸ ਦੇ ਹੋਰ ਵੀ ਵੱਡੇ ਠੱਗ ਹੋਣ ਦੇ ਸਬੂਤ ਪੁਲਿਸ ਦੇ ਹੱਥ ਲੱਗੇ।

ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਵਿਅਕਤੀ ਨੇ ਵੋਡਾਫੋਨ ਕੰਪਨੀ ਦਾ ਇੱਕ ਅਜਿਹਾ ਨੰਬਰ 8447808080 ਆਪਣੇ ਸਰੋਤਾਂ ਰਾਹੀਂ ਹਾਸਲ ਕੀਤਾ, ਜਿਸ ਨੂੰ ਕਿ ਕਿਸੇ ਸਮੇਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਮੁਨੀਸ਼ ਸਿਸੋਦੀਆ ਵੱਲੋਂ ਵਰਤਿਆ ਜਾਂਦਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸ ਕੋਲੋ ਬਰਾਮਦ ਹੋਏ ਨੰਬਰਾਂ ਦੀ ਫਾਰੈਂਸਿਕ ਜਾਂਚ ਕਰਵਾਈ ਤਾਂ ਕਾਫ਼ੀ ਖੁਲਾਸੇ ਹੋਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਫੋਨ ਨੰਬਰ ਨੂੰ ਜੈ ਕਿਸ਼ਨ ਨੇ ਆਪਣੇ ਆਪ ਨੂੰ ਮੁਨੀਸ਼ ਸਿਸੋਦੀਆ ਦਾ ਕਰੀਬੀ ਹੋਣ ਦਾ ਭਰਮ ਭੁਲੇਖਾ ਪੈਦਾ ਕਰਨ ਤੇ ਦਬਦਬਾ ਬਣਾਉਣ ਲਈ ਵਰਤਦੇ ਹੋਏ ਪੰਜਾਬ ਦੇ ਸਿਆਸੀ ਵਿਅਕਤੀਆਂ, ਵਿਧਾਇਕਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਇਸ ਨੰਬਰ ਰਾਹੀਂ ਵਟਸਐਪ ਮੈਜੇਜ ਕਰਕੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਹ ਕਾਫੀ ਲੋਕਾਂ ਨੂੰ ਮੂਰਖ ਬਣਾਕੇ ਪੈਸਾ ਕਮਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰੰਤੂ ਅਜੇ ਤੱਕ ਇਸਨੂੰ ਕਾਮਯਾਬੀ ਨਹੀਂ ਸੀ ਹਾਸਲ ਹੋਈ।

ਵਰੁਣ ਸ਼ਰਮਾ ਨੇ ਦੱਸਿਆ ਕਿ ਇਸ ਦੇ ਅਧਾਰ 'ਤੇ ਪਟਿਆਲਾ ਪੁਲਿਸ ਨੇ ਇਸ ਠੱਗ ਗਿਰੋਹ ਵੱਲੋਂ ਕਿਸੇ ਵੱਡੇ ਹੋਰ ਸਕੈਮ ਹੋਣ ਦੀ ਸੰਭਾਵਨਾਂ ਦੇ ਮੱਦੇਨਜ਼ਰ ਥਾਣਾ ਕੋਤਵਾਲੀ ਵਿਖੇ ਮਿਤੀ 8 ਜੁਲਾਈ 2025 ਨੂੰ ਬੀ.ਐਨ.ਐਸ. ਦੀਆਂ ਧਾਰਾਵਾਂ 319 (2), 318(4) ਤੇ ਆਈਟੀ ਐਕਟ ਦੀਆਂ ਧਾਰਾਵਾਂ 66, 66 ਸੀ ਤੇ 66 ਡੀ ਤਹਿਤ ਮੁਕਦਮਾ ਨੰਬਰ 145 ਕਰਕੇ ਅਗਲੇਰੀ ਪੜਤਾਲ ਕੀਤੀ ਜਾ ਰਹੀ ਹੈ।

# ਰੈਸਟੋਰੈਂਟ ਦੇ ਬਾਹਰ ਵਾਪਰੀ ਇਸ ਮੰਦਭਾਗੀ ਘਟਨਾ ਤੋਂ ਅਸੀਂ ਬਹੁਤ ਦੁਖੀ ਹਾਂ: ਬਰਗਰ ਕਿੰਗ

**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿੱਚ ਸਾਡੇ ਬਰਗਰ ਕਿੰਗ ਰੈਸਟੋਰੈਂਟ ਦੇ ਬਾਹਰ ਵਾਪਰੀ ਇਸ ਮੰਦਭਾਗੀ ਘਟਨਾ ਤੋਂ ਅਸੀਂ ਬਹੁਤ ਦੁਖੀ ਹਾਂ। ਸਾਡੇ ਸਾਥੀ ਦੇ ਪਰਿਵਾਰ ਅਤੇ ਦੋਸਤਾਂ ਪ੍ਰਤੀ ਸਾਡੀ ਡੂੰਘੀ ਸੰਵੇਦਨਾ ਹੈ। ਅਸੀਂ ਇਸ ਇੱਕਲੀ ਘਟਨਾ ਦੀ ਜਾਂਚ ਵਿੱਚ ਸਥਾਨਕ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕਰ ਰਹੇ ਹਾਂ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਪ੍ਰਭਾਵਿਤ ਪਰਿਵਾਰ ਦੇ ਸੰਪਰਕ ਵਿੱਚ ਵੀ ਹਾਂ।

ਬਰਗਰ ਕਿੰਗ ਇੰਡੀਆ ਵਿਖੇ, ਸਾਡੇ ਕਰਮਚਾਰੀਆਂ ਅਤੇ ਮਹਿਮਾਨਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਸਾਡੀ ਸਭ ਤੋਂ ਵੱਡੀ ਤਰਜੀਹ ਹੈ। ਅਸੀਂ ਇਸ ਘਟਨਾ ਦੇ ਕਾਰਨਾਂ ਨੂੰ ਸਮਝਣ ਅਤੇ ਸਾਰੇ ਜ਼ਰੂਰੀ ਸੁਰੱਖਿਆ ਉਪਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵਿਸਤ੍ਰਿਤ ਅੰਦਰੂਨੀ ਸਮੀਖਿਆ ਕਰ ਰਹੇ ਹਾਂ।

# ਮੁੱਖ ਮੰਤਰੀ ਸਿਹਤ ਯੋਜਨਾ ਨਾਲ ਹਰ ਪਰਿਵਾਰ ਦਾ 10 ਲੱਖ ਰੁਪਏ ਤੱਕ ਦਾ ਹੋਵੇਗਾ ਮੁਫ਼ਤ ਇਲਾਜ : ਜੱਸੀ ਸੋਹੀਆਂ ਵਾਲਾ



**ਨਾਭਾ, 12 ਜੁਲਾਈ/-ਸੁਧੀਰ ਜੈਨ-**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਨੌਜਵਾਨ ਆਗੂ ਅਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਨੇ ਇਥੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਬਣਾਈ ਗਈ ਮੁੱਖ ਮੰਤਰੀ ਸਿਹਤ ਯੋਜਨਾ ਸਕੀਮ ਪੰਜਾਬ ਵਾਸੀਆਂ ਨੂੰ ਲਈ ਇੱਕ ਵੱਡੀ ਸੌਗਾਤ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਯੋਜਨਾ ਲਾਗੂ ਹੋ ਜਾਣ ਨਾਲ ਕੋਈ ਵੀ ਪੰਜਾਬ ਵਾਸੀ ਇਲਾਜ ਪੱਖੋਂ ਵਾਂਝਾ ਨਹੀਂ ਰਹੇਗਾ ਕਿਉਂਕਿ ਇਸ ਸਕੀਮ ਦੇ ਲਾਗੂ ਹੋਣ ਨਾਲ ਹਰ ਪਰਿਵਾਰ ਦੇ ਮੈਂਬਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ ਅਤੇ ਇਸ ਲਈ ਲੋਕਾਂ ਨੂੰ ਕਿਸੇ ਨੀਲੇ-ਪੀਲੇ ਕਾਰਡ ਦੀ ਲੋੜ ਨਹੀਂ ਹੋਵੇਗੀ ਕੋਈ ਵੀ ਵਿਅਕਤੀ ਸਿਰਫ਼ ਆਧਾਰ ਕਾਰਡ ਜਾਂ ਵੋਟਰ ਕਾਰਡ ਦਿਖਾਕੇ ਆਪਣਾ ਇਲਾਜ ਕਰਵਾ ਸਕੇਗਾ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਮਪਰੂਮੈਂਟ ਟਰੱਸਟ ਨਾਭਾ ? ਦੇ ਟਰੱਸਟੀ ਗੁਰਪ੍ਰੀਤ ਸਿੰਘ ਗੋਪੀ ਫੈਜਗੜ੍ਹ, ਯੂਥ ਆਗੂ ਲਾਲੀ ਫਤਿਹਪੁਰ, ਦਵਿੰਦਰ ਸਿੰਘ ਸਰਪੰਚ ਕੁਲਾਰਾਂ, ਸੰਦੀਪ ਸ਼ਰਮਾ ਬਲਾਕ ਪ੍ਰਧਾਨ ਸ਼ਹਿਰੀ, ਗੁਰਪ੍ਰੀਤ ਸਿੰਘ ਸਰਪੰਚ ਦੋਦਾ, ਕੁਲਦੀਪ ਸਿੰਘ ਕਕਰਾਲਾ, ਉੱਦਮਦੀਪ ਸਿੰਘ ਨਾਭਾ, ਹਰਵਿੰਦਰ ਸਿੰਘ ਖਹਿਰਾ, ਗੁਰਜੀਤ ਸਿੰਘ ਕੋਟ ਕਲਾਂ ਆਦਿ ਵੀ ਮੌਜੂਦ ਸਨ।

# ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ ਅਤੇ ਆਲੇ ਦੁਆਲੇ ਦੇ 200 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਨਵਰੀਤ ਕੌਰ ਸੇਖੋਂ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਵਿਖੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਅਤੇ ਇਸਦੇ ਆਲੇ ਦੁਆਲੇ ਲੱਗਦੇ 200 ਮੀਟਰ ਖੇਤਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਹੈ। ਇਹ ਹੁਕਮ 8 ਸਤੰਬਰ 2025 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਯੂਨਾਈਟਡ ਇੰਡੀਆ ਇਨਸ਼ੋਰੰਸ ਕੰਪਨੀ ਸਰਵੇਅਰਾਂ ਦੀ ਇੱਕ ਮੀਟਿੰਗ ਆਯੋਜਿਤ



**ਪਟਿਆਲਾ, 12 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨਾਈਟਡ ਇੰਡੀਆ ਇਨਸ਼ੋਰੰਸ ਕੰਪਨੀ ਲਿਮਿਟਡ ਦੇ ਡਿਵੀਜ਼ਨਲ ਦਫਤਰ ਸਾਈ ਮਾਰਕੀਟ ਪਟਿਆਲਾ ਵਿੱਚ ਸਾਰੇ ਸਰਵੇਰਾ ਦੀ ਇੱਕ ਮੀਟਿੰਗ ਕੀਤੀ ਗਈ ਜੋ ਕਿ ਚੀਫ ਮੈਨੇਜਰ ਰਮਨ ਸ਼ਰਮਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਜਨਤਕ ਦਾਅਵਿਆਂ ਦਾ ਜਲਦੀ ਅਤੇ ਸਹੀ ਨਿਪਟਾਰਾ ਕਰਨ ਦਾ ਫੈਸਲਾ ਕੀਤਾ ਗਿਆ। ਕਲੈਮ ਦਾਵਿਆਂ ਦਾ ਨਿਪਟਾਰਾ ਤੇਜ਼ ਕਰਨ ਲਈ ਕਈ ਉਪਾਅ ਸੁਝਾਏ ਗਏ ਤਾਂ ਜੋ ਗਰਾਹੱਕਾਂ ਨੂੰ ਬਿਹਤਰ ਸੇਵਾ ਪ੍ਰਦਾਨ ਕੀਤੀ ਜਾ ਸਕੇ ਉਹਨਾਂ ਨੂੰ ਸੜਕ ਹਾਦਸਿਆਂ ਤੋਂ ਬਚਣ ਅਤੇ ਹਾਦਸਿਆਂ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਬਾਰੇ ਵੀ ਜਨਤਾ ਨੂੰ ਸਲਾਹ ਦੇ ਕੇ ਨੁਕਸਾਨ ਦੇ ਘਾਟੇ ਨੂੰ ਘੱਟ ਕਰਨ ਦੀ ਸਲਾਹ ਦਿੱਤੀ ਗਈ। ਉਹਨਾਂ ਨੇ ਸਾਰੇ ਲੋਕਾਂ ਨੂੰ ਧੋਖਾਧੜੀ ਵਾਲੇ ਦਾਅਵਿਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਸਲਾਹ ਵੀ ਦਿੱਤੀ ਇਸ ਮੌਕੇ ਮੈਡਮ ਅਲਕਾ ਜਿੰਦਲ, ਸ਼੍ਰੀ ਗੁਲਸ਼ਨ ਕਾਜਲਾ ,ਸਰਦਾਰ ਰਵਿੰਦਰ ਸਿੰਘ ਭੱਟੀ ਆਦਿ ਨੇ ਇਸ ਮੀਟਿੰਗ ਵਿੱਚ ਹਿੱਸਾ ।ਲਿਆ।

# ਕੋਹਲੀ ਪਰਿਵਾਰ ਨੇ 58 ਸਾਲ ਲਗਾਤਾਰ ਲੋਕਾਂ ਦੀ ਸੇਵਾ ਕਰਕੇ ਇੱਕ ਵੱਖਰੀ ਮਿਸਾਲ ਬਣਾਈ : ਅਮਨ ਅਰੋੜਾ

# ਕੋਹਲੀ ਪਰਿਵਾਰ ਨੇ ਆਪਣੇ ਵਿਰਸੇ ਤੇ ਵਿਰਾਸਤ ਨੂੰ ਕਾਇਮ ਰੱਖਿਆ : ਸਪੀਕਰ ਸੰਧਵਾਂ

## ਗਿਆਨੀ ਹਰਪ੍ਰੀਤ ਸਿੰਘ, ਚੇਤਨ ਸਿੰਘ ਜੌੜਾਮਾਜਰਾ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਵੱਡੀ ਗਿਣਤੀ ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਪੁੱਜੀਆਂ

**ਪਟਿਆਲਾ, 12 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਪਿਤਾ ਤੇ ਸਾਬਕਾ ਮੰਤਰੀ ਸਵਰਗੀ ਸੁਰਜੀਤ ਸਿੰਘ ਕੋਹਲੀ ਦੀ ਪਹਿਲੀ ਬਰਸੀ ਮੌਕੇ ਅੱਜ ਵੱਖ-ਵੱਖ ਬੁਲਾਰਿਆਂ ਨੇ ਕੋਹਲੀ ਪਰਿਵਾਰ ਦੀ 58 ਸਾਲਾਂ ਦੀ ਪੰਥ, ਪੰਜਾਬ ਅਤੇ ਸਮਾਜ ਸੇਵਾ ਸਮੇਤ ਪਟਿਆਲਾ ਸ਼ਹਿਰ ਨੂੰ ਦੇਣ ਦੀ ਸ਼ਲਾਘਾ ਕੀਤੀ।

ਇੱਥੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਏ ਸਮਾਗਮ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਆਜਾਦੀ ਤੋਂ ਬਾਅਦ ਪਟਿਆਲਾ ਵੱਸੇ ਕੋਹਲੀ ਪਰਿਵਾਰ ਨੇ ਤਿੰਨ ਪੀੜ੍ਹੀਆਂ ਤੋਂ ਲਗਾਤਾਰ 58 ਸਾਲ ਇੱਕੋ ਥਾਂ 'ਤੇ ਲੋਕ ਸੇਵਾ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕੀਤੀ ਹੈ।

ਅਮਨ ਅਰੋੜਾ ਨੇ ਸੁਰਜੀਤ ਸਿੰਘ ਦੀ ਪਹਿਲੀ ਬਰਸੀ ਮੌਕੇ ਪੁੱਜੀ ਸਮੁੱਚੀ ਸੰਗਤ, ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਦਾ ਕੋਹਲੀ ਪਰਿਵਾਰ ਵੱਲੋਂ ਧੰਨਵਾਦ ਕਿਹਾ ਕਿ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਵੀ ਆਪਣੀ ਪਿਤਾ ਪੁਰਖੀ ਵਿਰਾਸਤ ਨੂੰ ਅੱਗੇ ਤੋਰਦਿਆਂ ਹਮੇਸ਼ਾ ਹੀ ਲੋਕਾਂ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਸ ਲਈ ਆਮ ਆਦਮੀ ਪਾਰਟੀ ਅਤੇ ਉਨ੍ਹਾਂ ਨੂੰ ਇਸ ਅਜੀਤ ਪਾਲ ਸਿੰਘ ਕੋਹਲੀ ਤੇ ਕੋਹਲੀ ਪਰਿਵਾਰ ਉਪਰ ਬਹੁਤ ਮਾਣ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਵਰਗੀ ਸੁਰਜੀਤ ਸਿੰਘ ਕੋਹਲੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ, ਸਮਾਜ ਦੀ ਭਲਾਈ ਤੇ ਲੋਕ ਸੇਵਾ ਦੇ ਦਰਸਾਏ ਰਸਤੇ 'ਤੇ ਚੱਲਣ ਦੀ ਚੰਗੀ ਸੇਧ ਦਿੱਤੀ ਸੀ, ਜਿਸ 'ਤੇ ਚੱਲਦੇ ਹੋਏ ਅਜੀਤਪਾਲ ਸਿੰਘ ਕੋਹਲੀ ਵੀ ਆਪਣੇ ਦਾਦਾ ਜੀ ਤੇ ਪਿਤਾ ਜੀ ਦਾ ਨਾਮ ਰੌਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਕੋਹਲੀ ਪਰਿਵਾਰ ਨੇ ਆਪਣੇ ਵਿਰਸੇ ਅਤੇ ਵਿਰਾਸਤ ਨੂੰ ਕਾਇਮ ਰੱਖਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਵਰਗੀ ਸਰਦਾਰਾ ਸਿੰਘ ਕੋਹਲੀ ਉਸ ਸਮੇਂ ਦੇ ਅਕਾਲੀ ਸਨ, ਜਦੋਂ ਦੇਸ਼ ਦੀ ਸਿਆਸਤ ਵਿੱਚ ਇਹ ਕਿਹਾ ਜਾਂਦਾ ਸੀ ਕਿ ਜੇ ਕਿਸੇ ਨੇ ਧਰਮੀ ਸਿਆਸਤ ਕਰਨੀ ਹੈ ਤਾਂ ਉਹ ਅਕਾਲੀ ਦਲ ਕੋਲੋ ਸਿੱਖੇ। ਇਸੇ ਲਈ ਸਰਦਾਰਾ ਸਿੰਘ ਤੇ ਸੁਰਜੀਤ ਸਿੰਘ ਕੋਹਲੀ ਨੇ ਧਰਮੀ ਸਿਆਸਤ ਕੀਤੀ ਅਤੇ ਪੰਥ ਵਸੇ ਮੈਂ ਉਜੜਾਂ ਵਾਲੀ ਸੋਚ ਉਪਰ ਪਹਿਰਾ ਦਿੱਤਾ ਅਤੇ ਹੁਣ ਉਸੇ ਤਰ੍ਹਾਂ ਹੀ ਉਨ੍ਹਾਂ ਦੇ ਪੋਤਰੇ ਤੇ ਸਪੁੱਤਰ ਅਜੀਤਪਾਲ ਸਿੰਘ ਕੋਹਲੀ ਅਤੇ ਗੁਰਜੀਤ ਸਿੰਘ ਕੋਹਲੀ ਵੀ ਬਿਨ੍ਹਾਂ ਲਾਲਚ ਵਾਲੀ ਧਰਮੀ ਸਿਆਸਤ ਕਰ ਰਹੇ ਹਨ। ਇਸ ਮੌਕੇ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਕੋਹਲੀ ਪਰਿਵਾਰ ਨੇ ਪੀੜ੍ਹੀਆਂ ਤੋਂ ਪਟਿਆਲਾ ਵਾਸੀਆਂ ਦੀ ਇੱਕ ਨਿਮਾਣੇ ਸੇਵਾਦਾਰ ਵਜੋਂ ਸੇਵਾ ਕੀਤੀ, ਇਸੇ ਲਈ ਕੋਹਲੀ ਪਰਿਵਾਰ ਨੂੰ ਸੇਵਾਦਾਰ ਪਰਿਵਾਰ ਵਜੋਂ ਜਾਣਿਆ ਜਾਂਦਾ ਹੈ। ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਕੋਹਲੀ ਪਰਿਵਾਰ ਨੇ ਨੈਤਿਕ ਕਦਰਾਂ ਕੀਮਤਾਂ ਨਹੀਂ ਛੱਡੀਆਂ ਤੇ ਸਮਾਜ ਤੇ ਲੋਕਾਂ ਦੀ ਸੇਵਾ ਨੂੰ ਪ੍ਰਣਾਏ ਸਿਧਾਂਤਾਂ 'ਤੇ ਹਮੇਸ਼ਾ ਪਹਿਰਾ ਦਿੱਤਾ ਹੈ। ਉਨ੍ਹਾਂ ਨੇ ਸਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਦੀ ਪੰਥ, ਪਾਰਟੀ ਅਤੇ ਪੰਜਾਬ ਲਈ ਸੇਵਾ ਤੇ ਦੇਣ ਨੂੰ ਯਾਦ ਕੀਤਾ। ਇਸ ਮੌਕੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ ਨੇ ਅਰਦਾਸ ਕੀਤੀ। ਇਸ ਦੌਰਾਨ ਕੋਹਲੀ ਪਰਿਵਾਰ ਦੇ ਘਰ ਪੁੱਜਣ ਵਾਲਿਆਂ 'ਚ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੋਂ ਇਲਾਵਾ ਸਮਾਗਮ ਵਿਖੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਚੇਅਰਮੈਨ ਡਾ. ਸੰਨੀ ਆਹਲੂਵਾਲੀਆ, ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਆਪ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ, ਹਰਿਆਣਾ ਦੇ ਮੁੱਖ ਮੰਤਰੀ ਦੇ ਓਐਸਡੀ ਡਾ. ਪ੍ਰਭਲੀਨ ਸਿੰਘ, ਕਰਨਵੀਰ ਸਿੰਘ ਟਿਵਾਣਾ, ਬੀਬੀ ਕੁਲਦੀਪ ਕੌਰ ਟੌਹੜਾ, ਸਤਵਿੰਦਰ ਸਿੰਘ ਟੌਹੜਾ, ਤਰਸੇਮ ਸੈਣੀ, ਮਨਜੀਤ ਸਿੰਘ ਸਿੱਧੂ, ਪੰਮੀ ਬਾਈ, ਡੀ.ਆਈ.ਜੀ. ਡਾ. ਨਾਨਕ ਸਿੰਘ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਸੁਰਜੀਤ ਸਿੰਘ ਅਬਲੋਵਾਲ, ਪਦਮ ਸ੍ਰੀ ਜਗਜੀਤ ਸਿੰਘ ਦਰਦੀ ਤੇ ਪ੍ਰਾਣ ਸੱਭਰਵਾਲ, ਬੁੱਢਾ ਦਲ ਪੰਜਵਾਂ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਬਲਬੀਰ ਸਿੰਘ 96 ਕਰੋੜੀ ਵੱਲੋਂ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਬਾਬਾ ਭੁਪਿੰਦਰ ਸਿੰਘ ਪਟਿਆਲਾ ਵਾਲੇ, ਹਿੰਦੂ ਤਖ਼ਤ ਵੱਲੋਂ ਬ੍ਰਹਮਾਨੰਦ ਗਿਰੀ, ਬਾਬਾ ਸਰਬਜੀਤ ਸਿੰਘ ਭੱਲਾ, ਗਿਆਨੀ ਸੁਖਦੇਵ ਸਿੰਘ ਸਮੇਤ ਸ਼ਹਿਰ ਦੇ ਕੌਂਸਲਰ, ਸਮਾਜਿਕ, ਰਾਜਸੀ ਤੇ ਧਾਰਮਿਕ ਸ਼ਖ਼ਸੀਅਤਾਂ ਵੀ ਪੁੱਜੀਆਂ।

# ਦੇਸ਼ ਦੀ ਰਾਜਧਾਨੀ 'ਚ ਸਿੱਖਾਂ ਦੇ ਬੈਂਕ ਨੂੰ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਦੇ ਯਤਨਾਂ ਸਦਕਾ ਡੁੱਬਣ ਤੋਂ ਬਚਾਇਆ

ਕੌਮੀ ਪਤ੍ਰਿਕਾ

ਅੰਮ੍ਰਿਤਸਰ 12 ਜੁਲਾਈ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਰਾਮਗੜ੍ਹੀਆ ਸਿੱਖ ਬੈਂਕ ਨੂੰ ਡੁੱਬਣ ਅਤੇ ਕਿਸੇ ਹੋਰ ਬੈਂਕ ਵਿੱਚ ਮਰਜ਼ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਇਸ ਬੈਂਕ ਨੂੰ ਬਚਾਉਣ ਅਤੇ ਸ਼ੇਅਰ ਕੈਪੀਟਲ ਵਧਾਉਣ ਦੇ ਉਪਰਾਲਿਆਂ ਨੂੰ ਬੂਰ ਪਿਆ, ਜੋ ਰਾਮਗੜ੍ਹੀਆ ਕੌਮ ਦੀ ਵਿਰਾਸਤ ਵਜੋਂ ਜਾਣਿਆ ਜਾਂਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੀਬੀ ਰਣਜੀਤ ਕੌਰ ਨੇ ਦੱਸਿਆ ਕਿ 1942 ਵਿੱਚ ਸਥਾਪਿਤ ਹੋਇਆ ਦਿੱਲੀ ਦੀ ਰਾਜਧਾਨੀ ਦੇ ਪਹਾੜਗੰਜ ਇਲਾਕੇ ਵਿੱਚ 100 ਕਰੋੜ ਤੋਂ ਵੱਧ ਦੀ ਜਾਇਦਾਦ ਵਾਲੇ ਰਾਮਗੜ੍ਹੀਆ ਬੈਂਕ ਦੇ ਮੁੱਖ ਸੇਵਾਦਾਰ ਵਜੋਂ ਸਾਲ 2021 ਵਿੱਚ ਨਿਯੁਕਤ ਹੋਏ ਪਰ ਦੁੱਖ ਦੀ ਗੱਲ ਇਹ ਹੈ ਕਿ ਉਸ ਸਮੇਂ ਇਹ ਬੈਂਕ ਘਾਟੇ ਵਿੱਚ ਸੀ ਅਤੇ ਡੁੱਬਣ ਕਿਨਾਰੇ ਸੀ। ਬੀਬੀ ਰਣਜੀਤ ਕੌਰ ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਹੇ ਹਨ, ਨੇ ਚੈਲਿੰਜ ਵਜੋਂ ਰਾਮਗੜ੍ਹੀਆ ਬੈਂਕ ਦੀ ਚੇਅਰਪਰਸਨ ਦਾ ਅਹੁਦਾ ਸੰਭਾਲਿਆ। ਉਸ ਸਮੇਂ ਬੈਂਕ ਘਾਟੇ ਵਿੱਚ ਸੀ ਜਿਸ ਦਾ ਕਾਰਨ ਰਿਜ਼ਰਵ ਬੈਂਕ ਆਫ ਇੰਡੀਆ ਨੇ ਕੁਝ ਰੋਕਾਂ ਲਾਈਆਂ ਸਨ। ਬੀਬੀ ਰਣਜੀਤ ਕੌਰ ਚੇਅਰਪਰਸਨ ਰਾਮਗੜ੍ਹੀਆ ਸਿੱਖ ਬੈਂਕ ਨੇ ਦੱਸਿਆ ਕਿ ਅਜਿਹੀਆਂ ਰੋਕਾਂ ਨਾਲ ਬੈਂਕ ਦਾ ਲਾਇਸੈਂਸ ਕੈਂਸਲ ਹੋਣ ਦੀ ਨੌਬਤ ਆ ਗਈ ਸੀ। ਇਸ ਦੇ ਬਾਵਜੂਦ ਆਪਣਾ ਸਾਰਾ ਕੇਸ ਬਣਾ ਕੇ ਰਿਜ਼ਰਵ ਬੈਂਕ ਆਫ ਇੰਡੀਆ ਅਤੇ ਦਿੱਲੀ ਸਰਕਾਰ ਦੇ ਕੇਜਰੀਵਾਲ ਸਰਕਾਰ ਦੇ ਸਮੇਂ ਦੇ ਮੰਤਰੀ ਸੌਰਵ ਭਾਰਤਵਾਜ ਅਤੇ ਦਿੱਲੀ ਦੇ ਤਤਕਾਲੀਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲ ਪਹੁੰਚ ਕੀਤੀ ਸੀ ਪਰ ਉਸ ਸਮੇਂ ਦੇ ਮੁੱਖ ਮੰਤਰੀ



ਕੇਜਰੀਵਾਲ ਦੀ ਮਾੜੀ ਸੋਚ ਸੀ ਅਤੇ ਉਹ ਇਸ ਬੈਂਕ ਦਾ ਲਾਇਸੈਂਸ ਕੈਂਸਲ ਕਰਕੇ ਇਸ ਬੈਂਕ ਨੂੰ ਕਿਸੇ ਹੋਰ ਬੈਂਕ ਵਿੱਚ ਮਰਜ਼ ਕਰਨ ਦੀ ਨੀਅਤ ਵਿੱਚ ਸਨ। ਇਸ ਲਈ ਜਦੋਂ ਤੱਕ ਇਹ ਫਾਈਲ ਮੰਤਰੀਆਂ ਕੋਲ ਜਾਂਦੀ ਤਾਂ ਅਫਸਰਾਂ ਨੂੰ ਸਿੱਧੀਆਂ ਹਦਾਇਤਾਂ ਸਨ ਕਿ ਤੁਸੀਂ ਰਾਮਗੜ੍ਹੀਆ ਕੌਮ ਦੇ ਇਸ ਪੁਰਾਤਨ ਬੈਂਕ ਦਾ ਸ਼ੇਅਰ ਕੈਪੀਟਲ ਵਧਾਉਣ ਦੀ ਮੰਗ ਨੂੰ ਸਵੀਕਾਰ ਨਹੀਂ ਕਰਨਾ ਇਸ ਪਿੱਛੇ ਕਾਰਨ ਇਹ ਸੀ ਕਿ ਬਾਕੀ ਬੈਂਕਾਂ ਦੀ ਨਜ਼ਰ ਅਤੇ ਦਿੱਲੀ ਸਰਕਾਰ ਦੀ ਮਾੜੀ ਸੋਚ ਇਹ ਸੀ ਕਿ ਇਸ ਰਾਮਗੜ੍ਹੀਆ ਕੌਮ ਦੇ ਪੁਰਖਿਆਂ ਦੀ ਵਿਰਾਸਤ ਵਾਲੀ ਬੈਂਕ ਨੂੰ ਕਿਸੇ ਹੋਰ ਬੈਂਕ ਵਿੱਚ ਮਰਜ਼ ਕਰਕੇ ਸਿੱਖਾਂ ਦੇ ਇਸ ਬੈਂਕ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਜਾਵੇ। ਪਰ ਬੀਬੀ ਰਣਜੀਤ ਕੌਰ ਨੇ ਹਾਰ ਨਹੀਂ ਮੰਨੀ ਅਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਤੱਕ ਪਹੁੰਚ ਕੀਤੀ ਅਤੇ ਇਸ ਪੂਰੇ ਮਸਲੇ ਦੇ ਹੱਲ ਲਈ ਯਤਨ ਕੀਤੇ। ਦਿੱਲੀ ਵਿੱਚ ਨਵੀਂ ਸਰਕਾਰ ਬਣਦਿਆਂ ਹੀ ਅਣਥੱਕ ਯਤਨਾ ਸਦਕਾ ਰਾਮਗੜ੍ਹੀਆ ਬੈਂਕ ਪਹਾੜਗੰਜ ਅਤੇ ਇਸ ਦੀਆਂ ਚਾਰ ਬਰਾਂਚਾਂ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਅਤੇ ਦਿੱਲੀ ਸਰਕਾਰ ਨੇ ਸ਼ੇਅਰ ਕੈਪੀਟਲ ਵਧਾਉਣ ਦੀ ਆਗਿਆ ਦੇ ਦਿੱਤੀ ਹੈ। ਬੀਬੀ ਰਣਜੀਤ ਕੌਰ ਚੇਅਰਪਰਸਨ ਰਾਮਗੜ੍ਹੀਆ ਸਿੱਖ ਬੈਂਕ ਨੇ ਆਖਿਆ ਕਿ ਇਸ ਕਾਰਜ ਦੇ ਸਿਰੇ ਚੜ੍ਹਨ ਅਤੇ ਉਹਨਾਂ ਨੂੰ ਅਥਾਹ ਖੁਸ਼ੀ ਹੈ ਅਤੇ ਦਿੱਲੀ ਦੀ ਸੰਗਤ ਨੇ ਜੋ ਜ਼ਿੰਮੇਵਾਰੀ ਉਹਨਾਂ ਨੂੰ ਦਿੱਤੀ ਸੀ, ਉਸ ਨੂੰ ਬਾਖੂਬੀ ਨਿਭਾਇਆ ਹੈ। ਬੀਬੀ ਰਣਜੀਤ ਕੌਰ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ, ਕੈਬਨਿਟ ਮੰਤਰੀ ਰਵੀ ਇੰਦਰਾਜ ਸਿੰਘ , ਦਿੱਲੀ ਦੇ ਲੈਫਟੀਨੈਂਟ ਜਨਰਲ ਵੀਕੇ ਸਕਸੈਨਾ ਅਤੇ ਖਾਸ ਕਰਕੇ ਦਿੱਲੀ ਸਰਕਾਰ ਵਿੱਚ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਬੈਂਕ ਨੂੰ ਡੁੱਬਣ ਤੋਂ ਬਚਾਉਣ ਲਈ ਅਤੇ ਸ਼ੇਅਰ ਕੈਪੀਟਲ ਵਧਾਉਣ ਲਈ ਆਪਣਾ ਵੱਡਾ ਯੋਗਦਾਨ ਪਾਇਆ।

## ਵਿਧਾਨ ਸਭਾ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ ਪ੍ਰਤਾਪ ਬਾਜਵਾ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਜਲੰਧਰ/ਚੰਡੀਗੜ੍ਹ 12 ਜੁਲਾਈ। ਪੰਜਾਬ ਵਿਧਾਨ ਸਭਾ ਦਾ ਦੋ ਦਿਨਾਂ ਦਾ ਵਿਸ਼ੇਸ਼ ਸੈਸ਼ਨ ਅੱਜ ਤੋਂ ਸ਼ੁਰੂ ਹੋ ਚੁੱਕਾ ਹੈ। ਸਦਨ ਦੀ ਕਾਰਵਾਈ ਦੇ ਪਹਿਲੇ ਦਿਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇ ਕੇ ਸੈਸ਼ਨ ਨੂੰ ਸ਼ੁੱਕਰਵਾਰ ਸਵੇਰੇ 10 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ। ਜਲਦੀ ਵਿਚ ਸਦਨ ਦੀ ਕਾਰਵਾਈ ਮੁਲਤਵੀ ਕਰਨ 'ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੱਡਾ ਬਿਆਨ ਦਿੱਤਾ ਹੈ। ਪ੍ਰਤਾਪ



ਸਿੰਘ ਬਾਜਵਾ ਨੇ ਕਿਹਾ ਕਿ ਜਿੰਨੀ ਸਪੀਡ ਦੇ ਵਿਚ ਸਦਨ ਦੀ ਕਾਰਵਾਈ ਮੁੱਕੀ ਹੈ, ਉਨੀ ਹੀ ਸਪੀਡ ਦੇ ਨਾਲ 'ਆਪ' ਮੁਕ ਜਾਵੇਗੀ। ਇੰਨਾ ਦਾ ਕੰਮ ਹੁਣ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਬਾਨੀ-ਅਡਾਨੀਆਂ ਨੂੰ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਦੇ ਕੇ ਪੰਜਾਬ ਲੁੱਟਣ ਦੀ ਕੋਸ਼ਿਸ਼ ਕੀਤੀ ਹੈ, ਉਸੇ ਤਰ੍ਹਾਂ ਹੀ ਸਰਕਾਰ ਵੱਡੇ ਵਪਾਰੀਆਂ ਦੇ ਹੱਥਾਂ ਵਿਚ ਪੰਜਾਬ ਦੀ ਜ਼ਮੀਨ ਦੇਣਾ ਚਾਹੁੰਦਾ ਸੀ। ਅਸੀਂ ਇਕ ਮਰਲਾ ਪੈਲੀ ਵੀ ਨਹੀਂ ਜਾਣ ਦੇਵਾਂਗੇ। ਉਥੇ ਹੀ ਪ੍ਰਤਾਪ ਬਾਜਵਾ ਨੇ ਕਿਹਾ ਕਿ ਮੇਰੀ ਵੀਡੀਓ ਨੂੰ ਤੋੜ-ਮਰੋੜ ਕੇ ਆਮ ਆਦਮੀ ਪਾਰਟੀ ਨੇ ਆਪਣੇ ਆਫੀਸ਼ੀਅਲ ਪੇਜ਼ 'ਤੇ ਅਪਲੋਡ ਕੀਤੀ ਹੈ , ਜਿਸ ਦੀ ਸ਼ਿਕਾਇਤ ਮੈਂ ਸੈਕਟਰ-3 ਨੰਬਰ ਵਿਚ ਪੁਲਸ ਕੋਲ ਦਰਜ ਕਰਵਾਈ ਹੈ ਅਤੇ ਬਕਾਇਦਾ ਅਸਲੀ ਵੀਡੀਓ, ਪੈਨਡਰਾਈਵ ਵੀ ਪੁਲਸ ਨੂੰ ਦਿੱਤੀ ਹੈ। ਪੁਲਸ ਵੱਲੋਂ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਕਤਲ ਦੀ ਜਾਂਚ 'ਚ ਲਾਪ੍ਰਵਾਹੀ 'ਤੇ ਦਿੱਲੀ ਕੋਰਟ ਸਖ਼ਤ, ਕਿਹਾ- ਲਾਪ੍ਰਵਾਹੀ ਬਰਦਾਸ਼ਤ ਨਹੀਂ ਹੋਵੇਗੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 12 ਜੁਲਾਈ। ਦਿੱਲੀ ਦੀ ਇਕ ਅਦਾਲਤ ਨੇ 2007 ਦੇ ਇਕ ਕਤਲ ਕਾਂਡ ਦੀ ਜਾਂਚ 'ਚ 'ਬੇਹੱਦ ਚਿੰਤਾਜਨਕ ਸਥਿਤੀ' ਨੂੰ ਦਰਸਾਉਂਦੇ ਹੋਏ ਡੀ. ਸੀ. ਪੀ. ਰੈਂਕ ਦੇ ਪੁਲਸ ਅਧਿਕਾਰੀ ਨੂੰ ਨੋਟਿਸ ਜਾਰੀ ਕੀਤਾ ਹੈ। ਜੁਡੀਸ਼ੀਅਲ ਮੈਜਿਸਟਰੇਟ ਭਾਰਤੀ ਬੇਨੀਵਾਲ ਨੇ ਕਿਹਾ ਕਿ ਮਨੁੱਖੀ ਜਾਨ ਦੇ ਨੁਕਸਾਨ ਨਾਲ ਸਬੰਧਤ ਮਾਮਲੇ ਵਿਚ ਡਿਊਟੀ 'ਚ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਅਦਾਲਤ ਨੇ ਕਿਹਾ, "ਇਹ ਸੱਚਮੁੱਚ ਮੰਦਭਾਗਾ ਹੈ ਕਿ 30-35 ਸਾਲ ਦੀ ਉਮਰ ਦਾ ਇਕ ਨੌਜਵਾਨ 30 ਜੁਲਾਈ, 2007 ਨੂੰ ਸ਼ੱਕੀ ਹਾਲਾਤ 'ਚ ਮ੍ਰਿਤਕ ਪਾਇਆ ਗਿਆ ਸੀ, ਫਿਰ ਵੀ ਸਬੰਧਤ ਪੁਲਸ ਅਧਿਕਾਰੀਆਂ ਨੇ ਕੋਈ ਐੱਫ. ਆਈ. ਆਰ. ਦਰਜ ਨਹੀਂ ਕੀਤੀ।" ਅਦਾਲਤ ਨੇ ਹੁਕਮ ਦਿੱਤਾ, "ਮੱਧ ਜ਼ਿਲ੍ਹੇ ਦੇ ਡੀ. ਸੀ. ਪੀ. ਨੂੰ ਨੋਟਿਸ ਜਾਰੀ ਕਰ ਕੇ ਵਿਅਕਤੀ ਦੀ ਮੌਤ ਦੀ ਮਿਤੀ ਤੋਂ ਲੈ ਕੇ ਐੱਫ. ਆਈ. ਆਰ. ਦਰਜ ਹੋਣ ਦੀ ਮਿਤੀ ਤੱਕ ਅਤੇ ਉਨ੍ਹਾਂ ਨੂੰ ਸਬੰਧਤ ਐੱਸ. ਐੱਚ. ਓ., ਇੰਸਪੈਕਟਰ ਵੱਲੋਂ ਕੀਤੀ ਗਈ ਪੁੱਛਗਿੱਛ ਅਤੇ ਏ. ਸੀ. ਪੀ. ਦੀ ਸੂਚੀ ਬਾਰੇ ਅਦਾਲਤ ਨੂੰ ਜਾਣੂ ਕਰਵਾਉਣ ਨੂੰ ਕਿਹਾ ਜਾਏ।"

## ਪਰਚਾ ਹੋਣ ਮਗਰੋਂ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਵੱਡਾ ਬਿਆਨ

ਚੰਡੀਗੜ੍ਹ 12 ਜੁਲਾਈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਦੀਆਂ ਕਾਰਵਾਈਆਂ ਬਾਰੇ ਵੱਡਾ ਬਿਆਨ ਦਿੱਤਾ ਹੈ। ਮਨਜਿੰਦਰ ਸਿੰਘ ਸਿਰਸਾ ਅਤੇ ਪ੍ਰਤਾਪ ਬਾਜਵਾ ਨੇ 'ਆਪ' ਆਗੂਆਂ 'ਤੇ ਉਨ੍ਹਾਂ ਦੀਆਂ ਵੀਡੀਓਜ਼ ਨਾਲ ਛੇੜਛਾੜ ਦੇ ਦੋਸ਼ ਲਗਾਏ ਸਨ। ਪ੍ਰਤਾਪ ਬਾਜਵਾ ਵੱਲੋਂ ਸ਼ਿਕਾਇਤ ਦਿੱਤੇ ਜਾਣ 'ਤੇ ਅਮਨ ਅਰੋੜਾ ਤੇ ਹਰਪਾਲ ਚੀਮਾ



ਖ਼?ਲਾਫ਼ FIR ਵੀ ਦਰਜ ਕਰ ਲਈ ਗਈ ਸੀ। ਇਸ ਮਗਰੋਂ ਹੁਣ ਅਮਨ ਅਰੋੜਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਮਨਜਿੰਦਰ ਸਿੰਘ ਸਿਰਸਾ ਤੋਂ ਮੁਆਫ਼ੀ ਮੰਗਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਮੁਆਫ਼ੀ ਤਾਂ ਭੁੱਲ ਜਾਣ, ਉਨ੍ਹਾਂ ਨੇ ਜੋ ਵੀ ਕਾਰਵਾਈ ਕਰਨੀ ਹੈ ਕਰਵਾਉਣ, ਮੈਂ ਉਸ ਲਈ ਤਿਆਰ ਹਾਂ। ਦੱਸ ਦਇਏ ਕਿ ਮਨਜਿੰਦਰ ਸਿੰਘ ਸਿਰਸਾ ਨੇ ਅਮਨ ਅਰੋੜਾ ਵੱਲੋਂ 24 ਘੰਟਿਆਂ ਅੰਦਰ ਮੁਆਫ਼ੀ ਨਾ ਮੰਗੇ ਜਾਣ 'ਤੇ ਮਾਣਹਾਨੀ ਦਾ ਕੇਸ ਕਰਨ ਦੀ ਚੇਤਾਵਨੀ ਦਿੱਤੀ ਸੀ। ਉੱਥੇ ਹੀ ਪ੍ਰਤਾਪ ਸਿੰਘ ਬਾਜਵਾ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਬਾਜਵਾ ਸਾਬ?ਹ ਦੇ 2014 ਬਿਆਨ ਦੀ ਵੀਡੀਓ, ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ 'ਤੇ ਪਾਈ ਗਈ ਵੀਡੀਓ ਅਤੇ ਫ਼?ਰ ਉਸ ਬਿਆਨ ਤੋਂ ਯੂ-ਟਰਨ ਲੈਣ ਦੀ ਵੀਡੀਓ ਜਨਤਕ ਹੈ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਜੋ ਮਰਜ਼ੀ ਕਾਰਵਾਈ ਕਰਵਾ ਲੈਣ, ਜਿੰਨੀਆਂ ਮਰਜ਼ੀਆਂ FIR ਕਰਵਾ ਲੈਣ, ਆਪਾਂ ਆਪਣੇ ਬਿਆਨ 'ਤੇ ਕਾਇਮ ਹਾਂ। ਉਨ੍ਹਾਂ ਕਿਹਾ ਕਿ ਭਾਜਪਾ ਤੇ ਬਾਜਵਾ ਨੇ ਬੜੀ ਛੇਤੀ ਚੰਡੀਗੜ੍ਹ ਵਿਚ FIR ਦਰਜ ਕਰਵਾ ਲਈ ਹੈ, ਜਿੱਥੋਂ ਦੀ ਪੁਲਸ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਹੈ, ਪਰ ਅਸੀਂ ਇਸ ਦਾ ਸਾਹਮਣਾ ਕਰਾਂਗੇ। ਗ੍ਰਿਫ਼ਤਾਰੀ ਬਾਰੇ ਪੁੱਛੇ ਜਾਣ 'ਤੇ ਅਰੋੜਾ ਨੇ ਕਿਹਾ ਕਿ ਅਸੀਂ ਕਾਨੂੰਨ ਮੁਤਾਬਕ ਚੱਲਾਂਗੇ।

## ਵਧੀਕ ਜਿਲਾ ਮੈਜਿਸਟਰੇਟ ਵੱਲੋਂ ਵੱਲੋਂ ਪ੍ਰੇਗਾਬਾਲਿਨ ਦਵਾਈ ਦੀ ਖੁੱਲੀ ਵਰਤੋਂ ਉੱਤੇ ਪਾਬੰਦੀ

ਅੰਮ੍ਰਿਤਸਰ, 12 ਜੁਲਾਈ। ਪ੍ਰੇਗਾਬਾਲਿਨ ਦੇ ਫਾਰਮੂਲੇ ਤਹਿਤ ਬਣੀ ਦੀਵਾਈ ਜਿਸ ਨੂੰ ਨਾਰਕੋਟਿਕ ਜਾਂ ਮਨੋਵਿਗਿਆਨਕ ਪਦਾਰਥਾਂ ਵਜੋਂ ਸੂਚਿਤ ਨਹੀਂ ਕੀਤਾ ਗਿਆ , ਪਰ ਇਸ ਦੀ ਹੋ ਰਹੀ ਦੁਰਵਰਤੋਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਦੀ ਖੁੱਲੀ ਵਿਕਰੀ ਉੱਤੇ ਪਾਬੰਦੀ ਲਗਾਈ ਹੈ ਅਤੇ ਇਸ ਨੂੰ ਵੇਚਣ ਲਈ ਡਾਕਟਰ ਦੀ ਸਿਫਾਰਿਸ਼ ਦੇ ਨਾਲ ਨਾਲ ਸਾਰਾ ਰਿਕਾਰਡ ਰੱਖਣ ਦੀ ਹਦਾਇਤ ਕੀਤੀ ਹੈ। ਜਾਰੀ ਹੁਕਮਾਂ ਵਿੱਚ ਉਹਨਾਂ ਕਿਹਾ ਕਿ ਕੈਪਸੂਲ/ਟੈਬਲੇਟ ਦੇ ਰੂਪ ਵਿੱਚ 150 ਮਿਲੀਗ੍ਰਾਮ ਅਤੇ 300 ਮਿਲੀਗ੍ਰਾਮ ਵਾਲੇ ਪ੍ਰੇਗਾਬਾਲਿਨ ਦੇ ਫਾਰਮੂਲੇ ਦੀ ਜਨਤਕ ਤੌਰ 'ਤੇ ਬਹੁਤ ਜ਼ਿਆਦਾ ਦੁਰਵਰਤੋਂ ਕੀਤੀ ਜਾ ਰਹੀ ਹੈ। ਬਹੁਤ ਸਾਰੇ ਲੋਕ ਇਸ ਫਾਰਮੂਲੇ ਦੇ ਆਦੀ ਹੋ ਰਹੇ ਹਨ ਪਰ ਡਰੱਗ ਪ੍ਰੀਗਾਬਾਲਿਨ 150✡❖/300✡❖ ਡਾਕਟਰਾਂ ਦੁਆਰਾ ਅਕਸਰ ਤਜਵੀਜ਼ ਨਹੀਂ ਕੀਤੀ ਜਾਂਦੀ। ਇੱਥੋਂ ਤੱਕ ਕਿ ਨਿਊਰੋਲੋਜਿਸਟ/ਆਰਥੋਪੀਡੀਸ਼ੀਅਨ ਵੀ ਸਿਰਫ 75 ਮਿਲੀਗ੍ਰਾਮ ਡਰੱਗ ਪ੍ਰੀਗਾਬਾਲਿਨ ਦਾ ਨੁਸਖ਼ਾ ਦੇ ਰਹੇ ਹਨ। ਵਧੀਕ ਜ਼ਿਲ੍ਹਾ ਮੈਜਿਸਟ?ਰੇਟ, ਅੰਮ੍ਰਿਤਸਰ ਸ੍ਰੀਮਤੀ ਅਮਨਦੀਪ ਕੌਰ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਦੀ ਧਾਰਾ 163 ਅਧੀਨ ਆਦੇਸ਼ ਦਿੱਤੇ ਹਨ ਕਿ ਇਸ ਫਾਰਮੂਲੇ ਦੇ 75 ਮਿਲੀਗ੍ਰਾਮ ਤੋਂ ਵੱਧ ਕੈਪਸੂਲ/ਟੈਬਲੇਟ ਦੇ ਭੰਡਾਰਨ ਅਤੇ ਵਿਕਰੀ 'ਤੇ ਪੂਰਨ ਪਾਬੰਦੀ ਹੋਵੇਗੀ। ਥੋਕ ਵਿਕਰੇਤਾ, ਪ੍ਰਚੂਨ ਵਿਕਰੇਤਾ, ਕੈਮਿਸਟ/ਮੈਡੀਕਲ ਸਟੋਰ ਦੇ ਮਾਲਕ, ਹਸਪਤਾਲਾਂ ਦੇ ਅੰਦਰ ਫਾਰਮੇਸੀਆਂ ਜਾਂ ਕੋਈ ਹੋਰ ਵਿਅਕਤੀ ਪ੍ਰੀਗਾਬਾਲੀਨ 75 ਮਿਲੀਗ੍ਰਾਮ ਦੀ ਅਸਲ ਪਰਚੀ ਤੋਂ ਬਿਨਾਂ ਨਹੀਂ ਵੇਚੇਗਾ। ਇਸ ਤੋਂ ਇਲਾਵਾ 75 ਮਿਲੀਗ੍ਰਾਮ ਤੱਕ ਦੀ ਖਰੀਦ ਅਤੇ ਵਿਕਰੀ ਦਾ ਸਹੀ ਰਿਕਾਰਡ ਰੱਖਣਗੇ। ਸਾਰੇ ਵਿਕਰੇਤਾ ਸਲਿੱਪ ਦੀ ਸਹੀ ਪੜਚੋਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਵੇਚੀਆਂ ਜਾ ਰਹੀਆਂ ਗੋਲੀਆਂ/ਕੈਪਸੂਲ ਦੀ ਗਿਣਤੀ ਨੁਸਖ਼ੇ ਦੀ ਲੋੜ ਤੋਂ ਵੱਧ ਨਾ ਹੋਵੇ। ਇਹ ਹੁਕਮ 6 ਅਕਤੂਬਰ 2025 ਤੱਕ ਲਾਗੂ ਰਹੇਗਾ।

## ਬਿਜਲੀ ਮੰਤਰੀ ਨੇ ਇੰਜੀ. ਰਵਿੰਦਰ ਸਿੰਘ ਸੈਣੀ ਨੂੰ ਪੀ.ਐੱਸ.ਈ.ਆਰ.ਸੀ. ਦੇ ਮੈਂਬਰ ਵਜੋਂ ਚੁਕਾਈ ਸਹੁੰ

ਕੌਮੀ ਪਤ੍ਰਿਕਾ

ਚੰਡੀਗੜ੍ਹ 12 ਜੁਲਾਈ। ਬਿਜਲੀ ਮੰਤਰੀ ਪੰਜਾਬ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਪੰਜਾਬ ਭਵਨ ਵਿਖੇ ਕਰਵਾਏ ਗਏ ਇਕ ਸ਼ਾਨਦਾਰ ਸਮਾਰੋਹ ਦੌਰਾਨ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ.) ਦੇ ਮੈਂਬਰ ਵਜੋਂ ਨਿਯੁਕਤ ਕੀਤੇ ਗਏ ਇੰਜੀ. ਰਵਿੰਦਰ ਸਿੰਘ ਸੈਣੀ ਨੂੰ ਅਹੁਦੇ ਦੀ ਸਹੁੰ ਚੁਕਾਈ। ਸਹੁੰ ਚੁੱਕ ਸਮਾਗਮ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇੰਜੀਨੀਅਰ ਸੈਣੀ ਕੋਲ ਪੰਜਾਬ ਦੇ ਬਿਜਲੀ ਖੇਤਰ ਦਾ ਵਿਆਪਕ ਤਜਰਬਾ ਅਤੇ ਡੂੰਘੀ ਸਮਝ ਹੈ, ਜੋ ਪੀ.ਐਸ.ਈ.ਆਰ.ਸੀ. ਦੇ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਵਿਚ ਮਦਦ ਕਰੇਗੀ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਨਿਯੁਕਤੀ ਨਾਲ, ਕਮਿਸ਼ਨ ਆਪਣੀ ਪੂਰੀ ਸਮਰੱਥਾ ਨਾਲ ਨਿਰਪੱਖ ਨਿਯਮਾਂ ਨੂੰ ਯਕੀਨੀ ਬਣਾਉਣ, ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਅਤੇ ਖਪਤਕਾਰਾਂ, ਉਪਯੋਗਤਾਵਾਂ ਤੇ ਭਾਈਵਾਲਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਬਿਹਤਰ ਢੰਗ ਨਾਲ ਕੰਮ ਕਰੇਗਾ। ਮੰਤਰੀ ਨੇ ਕਿਹਾ ਕਿ ਬਿਜਲੀ ਖੇਤਰ ਵਿਚ ਸੈਣੀ ਨੇ ਵਡਮੁੱਲਾ ਯੋਗਦਾਨ ਪਾਇਆ ਹੈ ਅਤੇ ਕਮਿਸ਼ਨ ਵਿਚ ਉਨ੍ਹਾਂ ਦੀ ਨਿਯੁਕਤੀ ਨਿਸ਼ਚਤ ਤੌਰ 'ਤੇ ਇਸਦੀ ਰੈਗੂਲੇਟਰੀ ਕੁਸ਼ਲਤਾ ਵਿਚ ਵਾਧਾ ਕਰੇਗੀ। ਬਿਜਲੀ ਮੰਤਰੀ ਨੇ ਅੱਗੇ ਕਿਹਾ ਕਿ ਇਹ ਨਿਯੁਕਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ, ਬਿਜਲੀ ਖੇਤਰ ਸਬੰਧੀ ਅਦਾਰਿਆਂ ਨੂੰ ਸਸ਼ਕਤ ਬਣਾਉਣ ਅਤੇ ਕੁਸ਼ਲ ਪ੍ਰਸ਼ਾਸਨ ਯਕੀਨੀ ਬਣਾਉਣ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸੈਣੀ ਦੀ ਵਿਆਪਕ ਤਕਨੀਕੀ ਸੂਝ ਅਤੇ ਵਿਹਾਰਕ ਤਜਰਬੇ ਦੇ ਨਾਲ, ਪੀ.ਐੱਸ.ਈ.ਆਰ.ਸੀ. ਪੰਜਾਬ ਦੇ ਲੋਕਾਂ ਨੂੰ ਭਰੋਸੇਯੋਗ ਅਤੇ ਕਿਫਾਇਤੀ ਬਿਜਲੀ ਪ੍ਰਦਾਨ ਕਰਨ ਸਬੰਧੀ ਸਰਕਾਰ ਦੇ ਦ੍ਰਿਸ਼ਟੀਕੋਣ ਮੁਤਾਬਕ ਸਮੇਂ ਸਿਰ, ਖਪਤਕਾਰ-ਪੱਖੀ ਫੈਸਲੇ ਲੈਣ ਦੇ ਯੋਗ ਹੋਵੇਗਾ। ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਇਸ ਨਿਯੁਕਤੀ ਨਾਲ, ਪੀ.ਐਸ.ਈ.ਆਰ.ਸੀ. ਕੋਲ ਹੁਣ ਤਿੰਨ ਮੈਂਬਰ ਹੋਣਗੇ ਜਿਨ੍ਹਾਂ ਵਿਚ ਚੇਅਰਪਰਸਨ ਵਿਸ਼ਵਜੀਤ ਖੰਨਾ (ਸੇਵਾਮੁਕਤ ਆਈ.ਏ.ਐਸ.), ਮੈਂਬਰ ਪਰਮਜੀਤ ਸਿੰਘ ਅਤੇ ਮੈਂਬਰ ਇੰਜੀਨੀਅਰ ਰਵਿੰਦਰ ਸਿੰਘ ਸੈਣੀ ਸ਼ਾਮਲ ਹਨ। ਦੂਜੇ ਮੈਂਬਰ ਦਾ ਅਹੁਦਾ ਕੁਝ ਸਮੇਂ ਤੋਂ ਖਾਲੀ ਪਿਆ ਸੀ ਅਤੇ ਸੈਣੀ ਦੀ ਨਿਯੁਕਤੀ ਹੋਣ ਨਾਲ ਰੈਗੂਲੇਟਰੀ ਪ੍ਰਕਿਰਿਆਵਾਂ ਅਤੇ ਲੰਬਿਤ ਮਾਮਲਿਆਂ ਵਿਚ ਤੇਜ਼ੀ ਆਉਣ ਦੀ ਉਮੀਦ ਹੈ। ਇੰਜੀ. ਸੈਣੀ ਨੂੰ ਫਰਵਰੀ 2023 ਵਿਚ ਡਾਇਰੈਕਟਰ/ਵਪਾਰਕ, ??ਪੀ.ਐੱਸ.ਪੀ.ਸੀ.ਐੱਲ. ਨਿਯੁਕਤ ਕੀਤਾ ਗਿਆ ਸੀ ਅਤੇ ਫਰਵਰੀ 2025 ਵਿੱਚ ਉਨ੍ਹਾਂ ਨੇ ਆਪਣਾ ਅਹੁਦਾ ਛੱਡ ਦਿੱਤਾ ਸੀ। ਇਸ ਮੌਕੇ ਊਰਜਾ ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਕੁਮਾਰ ਸਿਨਹਾ ਆਈ.ਏ.ਐੱਸ, ਡਾਇਰੈਕਟਰ ਜਨਰੇਸ਼ਨ ਇੰਜੀ. ਹਰਜੀਤ ਸਿੰਘ, ਡਾਇਰੈਕਟਰ ਕਮਰਸ਼ੀਅਲ ਇੰਜੀ. ਹੀਰਾ ਲਾਲ ਗੋਇਲ, ਡਾਇਰੈਕਟਰ ਟੈਕਨੀਕਲ ਪੀ.ਐੱਸ.ਟੀ.ਸੀ.ਐੱਲ. ਇੰਜੀ. ਸੰਜੀਵ ਸੂਦ, ਡਾਇਰੈਕਟਰ ਵਿੱਤ ਐੱਸ.ਕੇ. ਬੇਰੀ, ਡਾਇਰੈਕਟਰ ਵਿੱਤ ਪੀ.ਐੱਸ.ਟੀ.ਸੀ.ਐੱਲ. ਵਿਨੋਦ ਕੁਮਾਰ ਬਾਂਸਲ ਅਤੇ ਡਾਇਰੈਕਟਰ ਐਡਮਿਨ ਜਸਵੀਰ ਸਿੰਘ ਸੁਰਸਿੰਘ ਮੌਜੂਦ ਸਨ।

## ਪਾਣੀ ਦੇ ਮੁੱਦੇ 'ਤੇ ਬੋਲੇ ਸਿਹਤ ਮੰਤਰੀ, ਕਿਹਾ- 'ਹਰਿਆਣਾ ਕੋਲੋਂ ਤਾਂ ਆਪਣਾ ਪਾਣੀ ਸੰਭਾਲਿਆ ਨਹੀਂ ਜਾਂਦਾ'

ਚੰਡੀਗੜ੍ਹ 12 ਜੁਲਾਈ। ਅੱਜ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦਾ ਦੂਜਾ ਦਿਨ ਹੈ। ਸਦਨ ਅੰਦਰ ਕਈ ਅਹਿਮ ਬਿੱਲ ਲਿਆਂਦੇ ਜਾਣਗੇ। ਇਸ ਦੌਰਾਨ ਪਾਣੀਆਂ ਦੇ ਮੁੱਦੇ 'ਤੇ ਬੋਲਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਕੋਲੋਂ ਆਪਣਾ ਪਾਣੀ ਸੰਭਾਲਿਆ ਨਹੀਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗੁੜਗਾਓ ਤੋਂ ਗੁਰੂਗ੍ਰਾਮ ਬਣਿਆ ਹੁਣ ਜਲ ਗ੍ਰਾਮ ਬਣਿਆ ਹੋਇਆ ਹੈ। ਇਹ ਸਮਾਰਟ ਸਿਟੀ ਦੀ ਗੱਲ ਕਰਦੇ ਹਨ, ਇਨ੍ਹਾਂ ਕੋਲੋਂ ਆਪਣਾ ਪਾਣੀ ਤਾਂ ਸੰਭਾਲਿਆ ਨਹੀਂ ਜਾਂਦਾ। ਇਨ੍ਹਾਂ ਦਾ ਮਿਲੇਨੀਅਮ ਸਿਟੀ ਨੂੰ ਜਲ ਸ਼ਹਿਰ ਬਣਾਇਆ ਹੋਇਆ ਹੈ। ਜਿੱਥੇ ਪਾਣੀ ਹੀ ਨਹੀਂ ਇਹ ਉੱਥੋਂ ਪਾਣੀ ਮੰਗ ਰਹੇ ਹਨ। ਇਸ ਦੌਰਾਨ ਉਨ੍ਹਾਂ ਨੇ 1980 ਦੀ ਵਾਟਰ ਕਮਿਸ਼ਨ ਦੀ ਰਿਪੋਰਟ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਾਰੇ ਪਾਣੀਆਂ ਨੂੰ ਲੈ ਕੇ ਅਧਿਐਨ ਕੀਤਾ ਗਿਆ ਸੀ

## ਪੰਜਾਬ 'ਚ ਹੋ ਗਿਆ ਚੋਣਾਂ ਦਾ ਐਲਾਨ, ਹੁਣ 27 ਜੁਲਾਈ ਨੂੰ ਪੈਣਗੀਆਂ ਵੋਟਾਂ

ਚੰਡੀਗੜ੍ਹ 12 ਜੁਲਾਈ। ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ 15.10.2024 ਨੂੰ ਹੋਈਆਂ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਤੋਂ ਬਾਅਦ, ਇਸ ਸਮੇਂ ਵੱਖ-ਵੱਖ ਜ਼ਿਲਿਆਂ 'ਚ ਸਰਪੰਚਾਂ ਦੀਆਂ 90 ਅਸਾਮੀਆਂ ਅਤੇ ਪੰਚਾਂ ਦੀਆਂ 1771 ਅਸਾਮੀਆਂ ਖਾਲੀ ਹਨ। ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ, ਰਾਜ ਚੋਣ ਕਮਿਸ਼ਨ ਨੇ ਉਪ-ਚੋਣਾਂ ਦਾ ਸ਼ਡਿਊਲ ਐਲਾਨਿਆ ਹੈ। ਇਸ ਸ਼ਡਿਊਲ ਦੇ ਅਨੁਸਾਰ ਨਾਮਜ਼ਦਗੀਆਂ 14 ਜੁਲਾਈ ਤੋਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਬੰਧਤ ਰਿਟਰਨਿੰਗ ਅਫਸਰਾਂ ਦੇ ਦਫ਼ਤਰਾਂ 'ਚ ਦਾਖਲ ਕੀਤੀਆਂ ਜਾ ਸਕਣਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 17 ਜੁਲਾਈ ਦੁਪਹਿਰ 3 ਵਜੇ ਤੱਕ ਹੋਵੇਗੀ। ਨਾਮਜ਼ਦਗੀਆਂ ਦੀ ਪੜਤਾਲ 18 ਜੁਲਾਈ ਨੂੰ ਕੀਤੀ ਜਾਵੇਗੀ ਤੇ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਸ਼ਾਮ 3 ਵਜੇ ਤੱਕ ਹੋਵੇਗੀ। ਵੋਟਿੰਗ 27 ਜੁਲਾਈ ਨੂੰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਬੈਲਟ ਪੇਪਰਾਂ ਦੀ ਵਰਤੋਂ ਰਾਹੀਂ ਹੋਵੇਗੀ। ਅਪਡੇਟ ਕੀਤੀਆਂ ਵੋਟਰ ਸੂਚੀਆਂ ਦਾ ਅੰਤਿਮ ਪ੍ਰਕਾਸ਼ਨ 23.05.2025 ਨੂੰ ਸਬੰਧਤ ਜ਼ਿਲਾ ਚੋਣ ਅਧਿਕਾਰੀਆਂ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਸੀ। ਵੋਟਾਂ ਪੈਣ ਤੋਂ ਬਾਅਦ ਇਸ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ 'ਤੇ ਹੀ ਕੀਤੀ ਜਾਵੇਗੀ। ਸਰਪੰਚ ਦੇ ਅਹੁਦੇ ਲਈ ਚੋਣ ਲੜ ਰਹੇ ਉਮੀਦਵਾਰ ਲਈ ਸੂਚਿਤ ਖਰਚ ਸੀਮਾ 40,000/- ਰੁਪਏ ਹੈ

## ਸੂਬੇ ਅੰਦਰ ਅਮਨ ਕਾਨੂੰਨ ਦੀ ਸਥਿਤ ਸਰਕਾਰ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰ : ਵਿਨਰਜੀਤ ਗੋਲਡੀ

ਕੌਮੀ ਪਤ੍ਰਿਕਾ

ਭਵਾਨੀਗੜ੍ਹ 12 ਜੁਲਾਈ। ਪੰਜਾਬ ਵਿਚ ਆਏ ਦਿਨ ਦਿਨ-ਦਿਹਾੜੇ ਖੁੱਲ੍ਹੇਆਮ ਆਮ ਲੋਕਾਂ ਦਾ ਕਤਲ ਕੀਤੇ ਜਾਣ, ਲੁੱਟਾਂ ਖੋਹਾਂ ਹੋਣ ਅਤੇ ਲੋਕਾਂ ਉਪਰ ਜਾਨਲੇਵਾ ਹਮਲੇ ਕੀਤੇ ਜਾਣ ਦੀਆਂ ਵਾਪਰ ਰਹੀਆਂ ਘਟਨਾਵਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਸੂਬੇ ਅੰਦਰ ਅਮਨ ਕਾਨੂੰਨ ਦੀ ਸਥਿਤ ਸਰਕਾਰ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰ ਹੈ। ਸੂਬੇ ਅੰਦਰ ਵੱਡੇ-ਵੱਡੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ ਉੱਪਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸ਼?ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਹਲਕਾ ਇੰਚਾਰਜ਼ ਵਿਨਰਜੀਤ ਸਿੰਘ ਗੋਲਡੀ ਨੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਜਨਮ ਦਿਨ ਅਤੇ ਤੇਜਿੰਦਰ ਸਿੰਘ ਸੰਘਰੇੜੀ ਨੂੰ ਦੁਬਾਰਾ ਜ਼ਿਲ੍ਹਾ ਸੰਗਰੂਰ ਦਾ ਪ੍ਰਧਾਨ ਬਣਾਉਣ 'ਤੇ ਸਥਾਨਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਅਰਦਾਸ ਕਰਵਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਇਕ ਪੱਤਰਕਾਰ ਉਪਰ ਹੋਏ ਜਾਨਲੇਵਾ ਹਮਲੇ ਦੀ ਸਖ਼ਤ ਸਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਦੇ ਆਪਣੇ ਜ਼ਿਲੇ ਅੰਦਰ ਹੀ ਲੋਕਾਂ ਖਾਸ਼ਕਰ ਪੱਤਰਕਾਰਾਂ ਉਪਰ ਜਾਨਲੇਵਾ ਹਮਲੇ ਹੋਣ ਕਾਰਨ ਲੋਕ ਸੁਰੱਖਿਅਤ ਨਹੀਂ ਹਨ ਤਾਂ ਪੂਰੇ ਪੰਜਾਬ ਦੇ ਲੋਕ ਇਸ ਸਰਕਾਰ ਤੋਂ ਆਪਣੀ ਸੁਰੱਖਿਆ ਦੀ ਕੀ ਆਸ ਰੱਖ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ



ਸਿੰਘ ਮਾਨ ਵੱਲੋਂ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਅਤੇ ਲੋਕਾਂ ਦਾ ਧਿਆਨ ਬਦਲਣ ਲਈ ਡਰਾਮੇਬਾਜ਼ੀ ਕੀਤੀ ਜਾ ਰਹੀ ਹੈ ਅਤੇ ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠਿਆ ਨੂੰ ਜੇਲ ਭੇਜਣਾ ਵੀ ਇਸੇ ਡਰਾਮੇਬਾਜ਼ੀ ਦਾ ਹੀ ਇਕ ਹਿੱਸਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਇਸ ਤੋਂ ਪਹਿਲਾਂ ਵੀ ਕਈ ਵਾਰ ਆਪਣੀ ਹੀ ਪਾਰਟੀ ਦੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੀ ਇਸੇ ਡਰਾਮੇਬਾਜ਼ੀ ਦੀ ਲੜੀ ਦੇ ਤਹਿਤ ਭ੍ਰਿਸ਼ਟਾਚਾਰ ਅਤੇ ਹੋਰ ਮੁੱਦਿਆਂ ਤਹਿਤ ਮਾਮਲੇ ਦਰਜ ਕਰਕੇ ਗ੍ਰਿਫ਼ਤਾਰ ਕਰਵਾਇਆ ਅਤੇ ਹੁਣ ਸਬੂਤਾਂ ਦੀ ਘਾਟ ਦੱਸ ਕੇ ਇਨ੍ਹਾਂ ਨੂੰ ਕਲੀਨ ਚਿੱਟ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਇਸ ਸਰਕਾਰ ਦੀਆਂ ਡਰਾਮੇਬਾਜ਼ੀਆਂ ਦਾ ਅੰਤ ਹੁਣ ਬਹੁਤ ਨੇੜੇ ਹੈ ਤੇ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਲੋਕ ਸੂਬੇ ਅੰਦਰ ਮੁੜ ਪੰਜਾਬ ਦੀ ਮਾਂ ਪਾਰਟੀ ਸ਼?ਰੋਮਣੀ ਅਕਾਲੀ ਦਲ ਦੀ ਸਰਕਾਰ ਦਾ ਗੰਠਨ ਕਰਨਗੇ। ਇਸ ਮੌਕੇ 'ਤੇ ਸਰਕਲ ਆਗੂਆਂ ਵਲੋਂ ਵਿਨਰਜੀਤ ਸਿੰਘ ਗੋਲਡੀ, ਤੇਜਿੰਦਰ ਸਿੰਘ ਸੰਘਰੇੜੀ ਅਤੇ ਪਰਮਜੀਤ ਕੌਰ ਵਿਰਕ ਨੂੰ ਵੀ ਕੋਰ ਕਮੇਟੀ ਮੈਂਬਰ ਬਨਣ 'ਤੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਉਕਤ ਆਗੂਆਂ ਤੋਂ ਇਲਾਵਾ ਰੁਪਿੰਦਰ ਸਿੰਘ ਰੰਧਾਵਾ, ਬਿੰਦਰ ਸਿੰਘ ਬਟਰਿਆਣਾ, ਜਗਜੀਤ ਸਿੰਘ ਸੰਗਤਪੁਰਾ, ਗਮਦੂਰ ਸਿੰਘ ਫੱਗੂਵਾਲਾ, ਭਰਪੂਰ ਸਿੰਘ ਫੱਗੂਵਾਲਾ, ਸੁਖਮਨ ਸਿੰਘ ਬਰਾੜ, ਭੁਪਿੰਦਰ ਸਿੰਘ ਸਿੱਧੂ, ਗੁਰਮੀਤ ਸਿੰਘ ਸੰਗਰੂਰ, ਗੁਰਮੀਤ ਸਿੰਘ ਜੈਲਦਾਰ, ਇਕਬਾਲਜੀਤ ਸਿੰਘ ਪੂਨੀਆਂ, ਬਲਜੀਤ ਸਿੰਘ ਭਿੰਡਰਾਂ, ਜਤਿੰਦਰ ਸਿੰਘ ਵਿੱਕੀ ਕੋਚ, ਸ਼ੇਰ ਸਿੰਘ ਬਾਲੇਵਾਲ, ਅਮਰੀਕ ਸਿੰਘ ਹਥਨ, ਹਰਜਿੰਦਰ ਸਿੰਘ ਜਲਾਣ, ਦਲਜੀਤ ਸਿੰਘ ਜੀਤੀ, ਵਰਿੰਦਰ ਸਿੰਘ ਬਾਬੀ, ਰਘਬੀਰ ਸਿੰਘ ਬਾਜਵਾ ਤੋਂ ਇਲਾਵਾ ਕਈ ਹੋਰ ਆਗੂ ਵੀ ਮੌਜੂਦ ਸਨ।

## ਕੈਨੇਡਾ ਦੇ ਸਰੀ 'ਚ ਕਪਿਲ ਸ਼ਰਮਾ ਦੇ ਰੈਸਟੋਰੈਂਟ 'ਕਪਿਲ'ਜ਼ ਕੈਫ਼ੇ' 'ਤੇ ਗੋਲੀਬਾਰੀ ਘਿਣਾਉਣੀ ਅਤੇ ਨਿੰਦਣਯੋਗ ਹਿੰਸਾ ਦਾ ਕਾਇਰਾਨਾ ਕਾਰਾ: ਪ੍ਰੋ. ਸਰਚਾਂਦ ਸਿੰਘ ਖਿਆਲਾ

ਕੌਮੀ ਪਤ੍ਰਿਕਾ

ਅੰਮ੍ਰਿਤਸਰ, 12 ਜੁਲਾਈ: ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਮਸ਼ਹੂਰ ਪੰਜਾਬੀ ਕਾਮੇਡੀਅਨ ਅਤੇ ਅਦਾਕਾਰ ਕਪਿਲ ਸ਼ਰਮਾ ਦੇ ਨਵੇਂ ਰੈਸਟੋਰੈਂਟ 'ਕਪਿਲ'ਜ਼ ਕੈਫ਼ੇ' 'ਤੇ ਖੁੱਲ੍ਹੇਆਮ ਗੋਲ?ਬਾਰੀ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ, ਇਸ ਨੂੰ ਘਿਣਾਉਣੀ ਅਤੇ ਕਾਇਰਾਨਾ ਹਿੰਸਾ ਦਾ ਕਾਰਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕੈਨੇਡੀਅਨ ਸਰਕਾਰ ਅਤੇ ਪੁਲਿਸ ਤੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਕੈਫ਼ੇ ਅਤੇ ਰੈਸਟੋਰੈਂਟ ਉਹ ਥਾਵਾਂ ਹਨ ਜਿੱਥੇ ਆਮ ਨਾਗਰਿਕ ਅਤੇ ਸੈਲਾਨੀ ਆਪਣੇ ਪਰਿਵਾਰਾਂ ਨਾਲ ਖਾਣੇ ਦਾ ਲੁਤਫ਼ ਲੈਣ ਜਾਂਦੇ ਹਨ। ਸਮਾਜ ਵਿਰੋਧੀ ਤੱਤਾਂ ਵੱਲੋਂ ਕੀਤੀ ਗਈ ਅਜਿਹੀ ਜਨਤਕ ਗੋਲ?ਬਾਰੀ ਕਿਸੇ ਦੀ ਜਾਨ ਅਤੇ ਮਾਲ ਲਈ ਵੱਡਾ ਖ਼ਤਰਾ ਬਣ ਸਕਦੀ ਸੀ। ਜੇਕਰ ਆਈ ਐਸ ਆਈ ਸੰਚਾਲਿਤ ਖਾਲਿਸਤਾਨੀ ਤੱਤਾਂ ਵੱਲੋਂ ਇਸ ਗੋਲ?ਬਾਰੀ ਦੀ ਜ਼ਿੰਮੇਵਾਰੀ ਲੈਣ ਦੇ ਦਾਅਵੇ ਸੱਚ ਹਨ, ਤਾਂ ਇਹ ਹੋਰ ਵੀ ਗੰਭੀਰ ਮਾਮਲਾ ਬਣ ਜਾਂਦਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਖਾਲਿਸਤਾਨੀ ਤੱਤਾਂ ਨੇ ਮਾਸੂਮ ਲੋਕਾਂ 'ਤੇ ਗੋਲੀਆਂ ਚਲਾ ਕੇ ਕੈਨੇਡਾ ਵਿੱਚ ਵਸੇ ਸਿੱਖ ਭਾਈਚਾਰੇ ਦੇ ਅਕਸ ਨੂੰ ਖ਼ਰਾਬ ਕੀਤਾ ਹੈ। ਉਨ੍ਹਾਂ ਸਵਾਲ ਉਠਾਇਆ ਕਿ ਡਰ ਅਤੇ ਦਹਿਸ਼ਤ ਫੈਲਾਉਣ ਵਾਲੇ ਸਿੱਖ ਕਿਵੇਂ ਹੋ ਸਕਦੇ



ਹਨ, ਜਿਨ੍ਹਾਂ ਦਾ ਇਤਿਹਾਸ ਮਾਸੂਮਾਂ ਦੀ ਰੱਖਿਆ ਅਤੇ ਇਨਸਾਫ਼ ਲਈ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ? ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਕਲਾਕਾਰਾਂ ਦੀ ਵੱਧ ਰਹੀ ਪਛਾਣ ਅਤੇ ਮਾਨਤਾ ਦਾ ਹਵਾਲਾ ਦਿੰਦੇ ਹੋਏ, ਪ੍ਰੋ. ਖਿਆਲਾ ਨੇ ਕਿਹਾ, ਅੱਜ, ਕਪਿਲ ਸ਼ਰਮਾ ਉੱਤਰੀ ਅਮਰੀਕਾ ਦੇ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਭਾਰਤੀ ਪਛਾਣ, ਹਾਸੇ ਅਤੇ ਕਲਾ ਦਾ ਝੰਡਾ ਬੁਲੰਦ ਕਰ ਰਿਹਾ ਹੈ। ਉਨ੍ਹਾਂ 'ਤੇ ਹਮਲਾ ਨਾ ਸਿਰਫ਼ ਉਨ੍ਹਾਂ ਦੀ ਨਿੱਜੀ ਸ਼ਖ਼ਸੀਅਤ 'ਤੇ ਹਮਲਾ ਹੈ, ਸਗੋਂ ਵਿਸ਼ਵ ਪੱਧਰ 'ਤੇ ਪੰਜਾਬੀ ਅਤੇ ਭਾਰਤੀ ਸੱਭਿਆਚਾਰ ਦੀ ਵੱਧ ਰਹੀ ਸਵੀਕ੍ਰਿਤੀ 'ਤੇ ਵੀ ਹਮਲਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਰਗੇ ਪਵਿੱਤਰ ਸ਼ਹਿਰ ਨਾਲ ਜੁੜੇ ਕਲਾਕਾਰ ਕਪਿਲ ਸ਼ਰਮਾ ਨੇ ਕਲਾ, ਸੱਭਿਆਚਾਰ ਅਤੇ ਹਾਸੇ ਰਾਹੀਂ ਲੋਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਉਣ ਦਾ ਕੰਮ ਕੀਤਾ ਹੈ ਅਤੇ ਸ਼੍ਰੀ ਅੰਮ੍ਰਿਤਸਰ, ਪੰਜਾਬ ਅਤੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਦਿਵਾਈ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਕਿਸੇ ਨਾਲ ਵਿਚਾਰਧਾਰਕ ਮਤਭੇਦ ਹੋ ਸਕਦੇ ਹਨ, ਪਰ ਹਿੰਸਾ ਰਾਹੀਂ ਆਪਣੀ ਕਲਾ ਰਾਹੀਂ ਸਮਾਜ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਵਾਲੇ ਕਲਾਕਾਰਾਂ ਦੇ ਵਿਚਾਰਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਨਾ ਸਮਾਜ ਲਈ ਇੱਕ ਤ੍ਰਾਸਦੀ ਹੈ। ਇਹ ਮਾਮਲਾ ਸਿਰਫ਼ ਕਪਿਲ ਸ਼ਰਮਾ ਦੀ ਨਿੱਜੀ ਸੁਰੱਖਿਆ 'ਤੇ ਹਮਲਾ ਨਹੀਂ ਹੈ, ਸਗੋਂ ਪ੍ਰਗਟਾਵੇ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ, ਡਰ, ਹਿੰਸਾ ਜਾਂ ਧਮਕੀਆਂ ਰਾਹੀਂ ਇਸ ਆਜ਼ਾਦੀ ਨੂੰ ਦਬਾਉਣ ਵਾਲੀਆਂ ਤਾਕਤਾਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਇਹ ਵੀ ਕਿਹਾ ਕਿ ਕੈਨੇਡਾ ਦੀ ਪ੍ਰਮੁੱਖ ਖ਼ੁਫ਼ੀਆ ਏਜੰਸੀ ਪਹਿਲਾਂ ਹੀ ਖ਼ੁਲਾਸਾ ਕਰ ਚੁੱਕੀ ਹੈ ਕਿ ਖਾਲਿਸਤਾਨੀ ਵੱਖਵਾਦੀ ਤੱਤਾਂ ਦੁਆਰਾ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨ, ਫ਼ੰਡ ਇਕੱਠੇ ਕਰਨ ਅਤੇ ਯੋਜਨਾਵਾਂ ਬਣਾਉਣ ਲਈ ਕੈਨੇਡੀਅਨ ਧਰਤੀ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਭਾਰਤ ਦੇ ਦਾਅਵਿਆਂ ਦੀ ਪੁਸ਼ਟੀ ਕਰਦਾ ਹੈ ਕਿ ਕੈਨੇਡਾ ਭਾਰਤ ਵਿਰੋਧੀ ਤੱਤਾਂ ਲਈ ਇੱਕ ਸੁਰੱਖਿਅਤ ਪਨਾਹਗਾਹ ਅਤੇ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਹੈ। ਅੰਤ ਵਿੱਚ, ਸਥਿਤੀ ਦੀ ਗੰਭੀਰਤਾ ਨੂੰ ਸਮਝਦੇ ਹੋਏ, ਉਨ੍ਹਾਂ ਨੇ ਸਥਾਨਕ ਪੁਲਿਸ ਅਤੇ ਜ਼ਿੰਮੇਵਾਰ ਅਧਿਕਾਰੀਆਂ ਤੋਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਭਾਜਪਾ ਹਰ ਅਜਿਹੀ ਹਿੰਸਕ ਅਤੇ ਅੱਤਵਾਦੀ ਪ੍ਰਵਿਰਤੀ ਵਿਰੁੱਧ ਇੱਕ ਸੰਵੇਦਨਸ਼ੀਲ ਅਤੇ ਸੁਰੱਖਿਆਤਮਿਕ ਪਹੁੰਚ ਨਾਲ ਖੜ੍ਹੀ ਰਹੇਗੀ।

## ਸਿਹਤ ਵਿਭਾਗ ਨੇ ਨਮੋਲ- ਸ਼ੇਰੋਂ ਵਿਖੇ 'ਹਰ ਸ਼ੁਕਰਵਾਰ - ਡੇਂਗੂ ਤੇ ਵਾਰ 'ਕੰਮਪੈਨ ਤਹਿਤ ਸਰਕਾਰੀ ਦਫ਼ਤਰ ਕੀਤੇ ਵਿਜ਼ਿਟ

ਲੌਂਗੋਵਾਲ,12 ਜੁਲਾਈ। ਸਿਵਲ ਸਰਜਨ ਸੰਗਰੂਰ ਡਾ. ਸੰਜੇ ਕਾਮਰਾ ਦੇ ਹੁਕਮਾਂ ਅਤੇ ਕਾਰਜ਼ਕਾਰੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਮਨੀਤਾ ਬਾਂਸਲ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਐਸ. ਆਈ.ਰਾਜਿੰਦਰ ਕੁਮਾਰ ਬਾਂਸਲ ਦੀ ਅਗਵਾਈ ਵਿੱਚ ਪੰਜਾਬ ਰਾਜ ਵਿੱਚ ਡੇਂਗੂ ਦੀ ਰੋਕਥਾਮ ਲਈ ਐਂਟੀ- ਡੇਂਗੂ ਕੰਮਪੇਨ 'ਹਰ ਸ਼ੁਕਰਵਾਰ - ਡੇਂਗੂ ਤੇ ਵਾਰ ' ਕੰਮਪੇਨ ਚਲਾਈ ਗਈ 9 ਇਸ ਕੰਮਪੇਨ ਤਹਿਤ ਸਿਹਤ ਕਰਮਚਾਰੀ ਖ਼ੁਸ਼ਵੰਤ ਸਿੰਘ ਮ.ਪ.ਹ.ਵ ਨਮੋਲ, ਬਾਲ ਕ੍ਰਿਸ਼ਨ ਮ.ਪ.ਹ.ਵ ਸ਼ੇਰੋਂ ਨੇ ਪਿੰਡ ਨਮੋਲ ਅਤੇ ਸ਼ੇਰੋਂ ਵਿਖ਼ੇ ਸਰਕਾਰੀ ਅਤੇ ਪ੍ਰਾਈਵੇਟ ਦਫ਼ਤਰ ਵਿਜ਼ਿਟ ਕੀਤਾ 9 ਇਥੇ ਉਹਨਾਂ ਦੁਆਰਾ ਜਿਵੇ ਕਿ ਵੈਟਨੇਰੀ ਹਸਪਤਾਲ, ਸਹਿਕਾਰੀ ਬੈਂਕ, ਬਿਜਲੀ ਦਫ਼ਤਰ ਆਦਿ ਦਫਤਰ ਦੇ ਇੰਚਾਰਜ ਸਹਿਬਾਨ ਡੇਂਗੂ ਦੇ ਪ੍ਰਕੋਪ ਤੋਂ ਜਾਣੂ ਕਰਵਾਉਂਦੇ ਹੋਏ ਦਫ਼ਤਰ ਦਾ ਆਲਾ - ਦੁਆਲਾ, ਪਾਣੀ ਵਾਲੀਆਂ ਥਾਵਾਂ, ਟੈਂਕੀ, ਗਮਲੇ, ਫਰਿਜ, ਆਦਿ ਚੈੱਕ ਕੀਤੇ ਕਿ ਕਿਤੇ ਕੋਈ ਡੇਂਗੂ ਦਾ ਲਾਰਵਾ ਪਲ ਨਾ ਰਿਹਾ ਹੋਵੇ 9 ਇਸ ਸਬੰਧੀ ਉਹਨਾਂ ਨੂੰ ਹਰ ਸ਼ੁਕਰਵਾਰ ਇਹਨਾਂ ਥਾਵਾਂ ਨੂੰ ਆਪਣੇ ਪੱਧਰ ਤੇ ਚੈੱਕ ਕਰਨ ਨੂੰ ਕਿਹਾ 9 ਉਹਨਾਂ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਮਾਦਾ ਏਡੀਜ਼ ਅਜਿੱਪਟੀ ਨਾਮੀਂ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਆਮ ਤੌਰ 'ਤੇ ਬਰਸਾਤ ਦੇ ਮੌਸਮ ਦੌਰਾਨ ਅਤੇ ਘਰਾਂ ਵਿੱਚ ਪਾਣੀ ਦੇ ਜਮਾਂ ਹੋਣ ਕਾਰਨ ਮੱਛਰ ਪੈਦਾ ਹੋ ਜਾਂਦੇ ਹਨ, ਜੋ ਸਵੇਰੇ ਅਤੇ ਸ਼ਾਮ ਵੇਲੇ ਕੱਟਦੇ ਹਨ। ਇਨ੍ਹਾਂ ਕਾਰਨ ਹੋਇਆ ਬੁਖਾਰ ਸਰੀਰ ਵਿੱਚ ਪਲੇਟਲੈੱਟ ਸੈਲਾਂ ਨੂੰ ਘਟਾ ਦਿੰਦਾ ਹੈ ਅਤੇ ਇਸ ਵਿੱਚ ਤੇਜ ਬੁਖ਼ਾਰ, ਮਾਸਪੇਸ਼ੀਆਂ ਵਿਚ ਦਰਦ , ਚਮੜੀ ਤੇ ਲਾਲ ਦਾਣੇ ਅਤੇ ਗੰਭੀਰ ਸਥਿਤੀ ਵਿੱਚ ਮਸੂੜਿਆਂ ਵਿਚੋਂ ਖ਼ੂਨ ਆਉਣਾ ਇਸ ਦੇ ਲਛੱਣ ਹਨ। ਅਜਿਹੇ ਲੱਛਣ ਦਿਖਣ ਤੇ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਜਾਂ ਹਸਪਤਾਲ ਨਾਲ ਸਪੰਰਕ ਕੀਤਾ ਜਾਵੇ। ਕੂਲਰਾਂ, ਗਮਲੇ ਅਤੇ ਫ਼ਰਿਜ ਟਰਿਆਂ ਵਿਚ ਖੜੇ ਪਾਣੀ ਨੂੰ ਹਫ਼ਤੇ ਵਿਚ ਇੱਕ ਵਾਰ ਜ਼ਰੂਰ ਸਾਫ਼ ਕਰੋ, ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਢਕਿਆ ਰਹੇ ਤਾਂ ਕਿ ਤਹਾਨੂੰ ਮੱਛਰ ਨਾ ਕੱਟ ਸਕੇ 9 ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਵਰਤੋਂ 9 ਬੁਖਾਰ ਹੋਣ ਤੇ ਸਿਰਫ ਪੈਰਾਸੀਟਾਮੋਲ ਹੀ ਲਵੋ 9 ਬੁਖਾਰ ਹੋਣ ਤੇ ਅਸਪ੍ਰੀਨ ਤੇ ਬਰੂਫਿਨ ਗੋਲੀ ਨਾ ਲਵੋ 9 ਛੱਤ ਤੇ ਰੱਖੀਆਂ ਟੈਂਕੀਆਂ ਦੇ ਢੱਕਣ ਚੰਗੀ ਤਰਾਂ ਬੰਦ ਕਰ ਕੇ ਰੱਖੋ 9 ਟੁਟੇ ਬਰਤਨ, ਡਰਮ, ਟਾਇਰ ਆਦਿ ਨੂੰ ਖੁਲੇ ਵਿਚ ਨਾ ਰੱਖੋ ਤਾਂ ਜੋ ਬਰਸਾਤੀ ਪਾਣੀ ਜਮਾ ਨਾ ਹੋ ਜਾਵੇ 9 ਪਾਣੀ ਤੇ ਤਰਲ ਚੀਜ਼ਾਂ ਜ਼ਿਆਦਾ ਪੀਓ ਤਾਂ ਜੋ ਡੇਂਗੂ ਬੁਖਾਰ ਤੋਂ ਬਚਿਆ ਜਾ ਸਕੇ।